19-DEC-PAGE-1.qxd 12/18/2023 9:19 PM Page 1


ਮੰਗਲਵਾਰ, 19 ਦਸੰਬਰ, 2023
4 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 199

# ਨਵਾਂ ਜ਼ਮਾਨਾ

DAILY NAWAN ZAMANA • TUESDAY, 19 DECEMBER, 2023 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12







# ਆਪੋਜ਼ੀਸ਼ਨ-ਮੁਕਤ ਸੰਸਦ, 78 ਹੋਰ ਮੈਂਬਰ ਮੁਅੱਤਲ

**ਨਵੀਂ ਦਿੱਲੀ** : ਸੋਮਵਾਰ ਸੰਸਦ ਵਿਚ ਹੱਦ ਹੋ ਗਈ, ਜਦੋਂ ਰਾਜ ਸਭਾ ਦੇ 45 ਤੇ ਲੋਕ ਸਭਾ ਦੇ 33 ਆਪੋਜ਼ੀਸ਼ਨ ਮੈਂਬਰ ਮੁਅੱਤਲ ਕਰ ਦਿੱਤੇ ਗਏ। ਉਹ ਸੰਸਦ ਦੀ ਸੁਰੱਖਿਆ ਵਿਚ ਸੰਨ੍ਹ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬਿਆਨ ਦੀ ਮੰਗ ਕਰ ਰਹੇ ਸਨ। ਰਾਜ ਸਭਾ ਦੇ ਮੁਅੱਤਲ ਕੀਤੇ ਗਏ 45 ਵਿੱਚੋਂ 34 ਨੂੰ ਰਹਿੰਦੇ ਸਰਦ ਰੁੱਤ ਅਜਲਾਸ ਤੱਕ ਲਈ ਮੁਅੱਤਲ ਕੀਤਾ ਗਿਆ, ਜਦਕਿ 11 ਮਰਿਆਦਾ ਕਮੇਟੀ ਦੀ ਰਿਪੋਰਟ ਮਿਲਣ ਤੱਕ ਮੁਅੱਤਲ ਰਹਿਣਗੇ।




ਇਸੇ ਤਰ੍ਹਾਂ ਲੋਕ ਸਭਾ ਵਿਚ ਕਾਂਗਰਸ ਦੇ ਆਗੂ ਅਧੀਰ ਰੰਜਨ ਚੌਧਰੀ ਸਣੇ 30 ਰਹਿੰਦੇ ਅਜਲਾਸ ਲਈ ਮੁਅੱਤਲ ਕੀਤੇ ਗਏ, ਜਦਕਿ ਤਿੰਨ ਮਰਿਆਦਾ ਕਮੇਟੀ ਦੀ ਰਿਪੋਰਟ ਮਿਲਣ ਤੱਕ ਮੁਅੱਤਲ ਰਹਿਣਗੇ। ਲੋਕ ਸਭਾ ਵਿੱਚੋਂ ਮੁਅੱਤਲ ਕੀਤੇ ਗਏ ਸਾਂਸਦਾਂ 'ਚ ਕਾਂਗਰਸ ਦੇ 11, ਤ੍ਰਿਣਮੂਲ ਕਾਂਗਰਸ ਦੇ 9, ਡੀ ਐੱਮ ਕੇ 9 ਸਾਂਸਦ ਸ਼ਾਮਲ ਹਨ। ਸੰਸਦ ਦਾ ਅਜਲਾਸ 22 ਦਸੰਬਰ ਤੱਕ ਚੱਲਣਾ ਹੈ। ਇਸ ਤੋਂ ਪਹਿਲਾਂ 14 ਦਸੰਬਰ ਨੂੰ ਲੋਕ ਸਭਾ ਦੇ 13 ਤੇ ਰਾਜ ਸਭਾ ਦੇ ਇਕ ਮੈਂਬਰ ਨੂੰ ਮੁਅੱਤਲ ਕੀਤਾ ਗਿਆ ਸੀ। ਰਾਜ ਸਭਾ ਵਿਚ ਸਾਂਸਦਾਂ ਦੀ ਗਿਣਤੀ 245 ਹੈ। ਇਨ੍ਹਾਂ ਵਿਚ ਭਾਜਪਾ ਤੇ ਉਸ ਦੇ ਸਹਿਯੋਗੀਆਂ ਦੇ 105, ਇੰਡੀਆ ਗੱਠਜੋੜ ਦੇ 64 ਅਤੇ ਹੋਰਨਾਂ ਪਾਰਟੀਆਂ ਦੇ 76 ਮੈਂਬਰ ਹਨ। ਇਨ੍ਹਾਂ ਵਿੱਚੋਂ ਆਪੋਜ਼ੀਸ਼ਨ ਦੇ 46 ਮੈਂਬਰ ਮੁਅੱਤਲ ਕੀਤੇ ਜਾ ਚੁੱਕੇ ਹਨ। ਲੋਕ ਸਭਾ ਵਿਚ ਇਸ ਵੇਲੇ 538 ਮੈਂਬਰ ਹਨ। ਇਨ੍ਹਾਂ ਵਿਚ ਭਾਜਪਾ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੇ 329 ਹਨ, ਜਦਕਿ ਇੰਡੀਆ ਦੇ 142 ਹਨ। ਹੋਰਨਾਂ ਪਾਰਟੀਆਂ ਦੇ 67 ਹਨ। ਇਨ੍ਹਾਂ ਵਿੱਚੋਂ 46 ਰਹਿੰਦੇ ਅਜਲਾਸ ਲਈ ਮੁਅੱਤਲ ਕਰ ਦਿੱਤੇ ਗਏ ਹਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਪਹਿਲਾਂ ਘੁਸਪੈਠੀਆਂ ਨੇ ਸੰਸਦ 'ਤੇ ਹਮਲਾ ਕੀਤਾ, ਹੁਣ ਮੋਦੀ ਸਰਕਾਰ ਸੰਸਦ ਤੇ ਜਮਹੂਰੀਅਤ 'ਤੇ ਹਮਲਾ ਕਰ ਰਹੀ ਹੈ। ਨਿਰੰਕੁਸ਼ ਮੋਦੀ ਸਰਕਾਰ ਜਮਹੂਰੀ ਰਵਾਇਤਾਂ ਨੂੰ ਕੂੜੇਦਾਨ ਵਿਚ ਸੁੱਟ ਰਹੀ ਹੈ। ਲੋਕ ਸਭਾ ਵਿਚ ਮੈਂਬਰ ਤਖਤੀਆਂ ਲੈ ਕੇ ਆਏ ਸਨ ਤੇ ਉਨ੍ਹਾਂ ਸਪੀਕਰ ਕੋਲ ਪੁੱਜ ਕੇ ਨਾਅਰੇ ਲਾਏ। ਇਹ ਸਪੀਕਰ ਨੂੰ ਚੰਗਾ ਨਹੀਂ ਲੱਗਾ। ਰਾਜ ਸਭਾ ਵਿਚ ਵੀ ਇਹੋ ਜਿਹੇ ਹਾਲਾਤ ਰਹੇ।

# ਡੀ ਏ 'ਚ 4 ਫੀਸਦੀ ਦਾ ਵਾਧਾ

## ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਕੇਂਦਰ ਨਾਲ ਗੱਲ ਕਰਾਂਗੇ : ਮੁੱਖ ਮੰਤਰੀ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਹੜਤਾਲੀ ਮਨਿਸਟਰੀਅਲ ਕਰਮਚਾਰੀ ਯੂਨੀਅਨ ਦੇ ਆਗੂਆਂ ਨਾਲ ਮੀਟਿੰਗ ਕਰਨ ਤੋਂ ਬਾਅਦ ਕਿਹਾ ਕਿ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ 'ਚ 4 ਫੀਸਦੀ ਵਾਧਾ ਕਰੇਗੀ। ਮੁੱਖ ਮੰਤਰੀ ਨੇ ਕਿਹਾ-ਸੋਮਵਾਰ ਨੂੰ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਦੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ। ਚੰਗੀ ਖਬਰ ਸਾਂਝੀ ਕਰਦੇ ਹੋਏ ਕਿ ਅਸੀਂ ਕਰਮਚਾਰੀਆਂ ਨੂੰ ਨਵੇਂ ਸਾਲ ਦਾ ਤੋਹਫਾ ਦੇ ਰਹੇ ਹਾਂ। ਡੀ ਏ ਵਿੱਚ 4 ਫੀਸਦ ਦਾ ਵਾਧਾ ਕੀਤਾ ਗਿਆ ਹੈ, ਜੋ 1 ਦਸੰਬਰ 2023 ਤੋਂ ਲਾਗੂ ਹੋਵੇਗਾ।

ਮਨਿਸਟਰੀਅਲ ਕਰਮਚਾਰੀ 8 ਨਵੰਬਰ ਤੋਂ ਹੜਤਾਲ 'ਤੇ ਸਨ। ਡੀ ਏ ਤੋਂ ਇਲਾਵਾ ਪੁਰਾਣੀ ਪੈਨਸ਼ਨ ਸਕੀਮ ਨੂੰ ਜਲਦੀ ਲਾਗੂ ਕਰਨ ਦੀ ਵੀ ਮੰਗ ਕਰ ਰਹੇ ਸਨ। ਸਰਕਾਰ ਨੇ ਪਿਛਲੇ ਸਾਲ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ ਦੇ ਫੈਸਲੇ ਦਾ ਐਲਾਨ ਕੀਤਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਮੁਲਾਜ਼ਮ ਸੂਬਾਈ ਪ੍ਰਸ਼ਾਸਨ ਦਾ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨਾ ਸਰਕਾਰ ਦੀ ਮੁੱਖ ਤਰਜੀਹ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਮੁਲਾਜ਼ਮਾਂ ਦੀ ਭਲਾਈ ਲਈ ਹਰ ਸੰਭਵ ਯਤਨ ਕੀਤੇ

ਬਾਕੀ ਸਫ਼ਾ 2 'ਤੇ

## ਮਜੀਠੀਆ ਸਿੱਟ ਅੱਗੇ ਪੇਸ਼



**ਪਟਿਆਲਾ** : ਅਕਾਲੀ ਨੇਤਾ ਬਿਕਰਮ ਮਜੀਠੀਆ ਦੋ ਸਾਲ ਪਹਿਲਾਂ ਦਰਜ ਨਸ਼ਾ ਤਸਕਰੀ ਦੇ ਮਾਮਲੇ 'ਚ ਪੁੱਛਗਿੱਛ ਲਈ ਸੋਮਵਾਰ ਏ ਡੀ ਜੀ ਪੀ ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਹੇਠਲੀ ਸਿੱਟ ਅੱਗੇ ਪੇਸ਼ ਹੋਏ। ਉਨ੍ਹਾ ਦੀ ਆਮਦ ਤੋਂ ਪਹਿਲਾਂ ਵੱਡੀ ਗਿਣਤੀ 'ਚ ਅਕਾਲੀ ਵਰਕਰ ਪੁੱਜ ਗਏ। ਸਥਿਤੀ ਕੰਟਰੋਲ ਵਿਚ ਰੱਖਣ ਲਈ ਨਾਕਿਆਂ 'ਤੇ 500 ਤੋਂ ਵੱਧ ਪੁਲਸ ਮੁਲਾਜ਼ਮ ਤਾਇਨਾਤ ਸਨ। ਪੇਸ਼ੀ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਛੀਨਾ 31 ਦਸੰਬਰ ਨੂੰ ਸੇਵਾਮੁਕਤ ਹੋ ਰਹੇ ਹਨ ਤੇ ਉਹ ਚਾਹੁੰਣਗੇ ਕਿ ਉਨ੍ਹਾ ਦੀ ਸੇਵਾਮੁਕਤੀ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿੱਟ ਦਾ ਨਵਾਂ ਮੁਖੀ ਲਾਇਆ ਜਾਵੇ, ਤਾਂ ਜੋ ਉਨ੍ਹਾ ਤੋਂ ਮੁੱਖ ਮੰਤਰੀ ਸਿੱਧੇ ਸਵਾਲ ਕਰ ਸਕਣ। ਮਜੀਠੀਆ ਨੇ ਇਹ ਵੀ ਕਿਹਾ ਕਿ ਇਸ ਸਿੱਟ ਦੇ ਮੈਂਬਰਾਂ ਵਜੋਂ ਮੁੱਖ ਮੰਤਰੀ ਦੇ ਓ ਐੱਸ ਡੀ ਰਾਜਵੀਰ ਸਿੰਘ ਘਰਾਚੋਂ ਅਤੇ ਮੀਡੀਆ ਡਾਇਰੈਕਟਰ ਬਲਤੇਜ ਪਨੂੰ ਨੂੰ ਵੀ ਸ਼ਾਮਲ ਕਰ ਲਿਆ ਜਾਵੇ।

## 'ਦੇਸ਼ ਲਈ ਦਾਨ' ਮੁਹਿੰਮ ਦੀ ਸ਼ੁਰੂਆਤ



**ਨਵੀਂ ਦਿੱਲੀ** : ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੋਮਵਾਰ ਆਨਲਾਈਨ ਚੰਦਾ ਇਕੱਠਾ ਕਰਨ ਲਈ 'ਦੇਸ਼ ਲਈ ਦਾਨ' ਨਾਂਅ ਦੀ ਮੁਹਿੰਮ ਸ਼ੁਰੂ ਕੀਤੀ। ਕਾਂਗਰਸ ਇਸ ਮੁਹਿੰਮ ਰਾਹੀਂ ਲੋਕਾਂ ਨੂੰ 28 ਦਸੰਬਰ ਨੂੰ ਆਪਣੇ 138ਵੇਂ ਸਥਾਪਨਾ ਦਿਵਸ ਤੋਂ ਪਹਿਲਾਂ 138 ਰੁਪਏ, 1,380 ਰੁਪਏ, 13,800 ਰੁਪਏ ਜਾਂ ਇਸ ਤੋਂ 10 ਗੁਣਾ ਰਾਸ਼ੀ ਦਾਨ ਕਰਨ ਦੀ ਅਪੀਲ ਕਰੇਗੀ। ਪਾਰਟੀ ਸੂਤਰਾਂ ਮੁਤਾਬਕ ਪੈਸੇ ਦੀ ਤੰਗੀ ਨਾਲ ਜੂਝ ਰਹੀ ਕਾਂਗਰਸ ਨੂੰ ਭਾਜਪਾ ਦੀ ਚੋਣ ਮਸ਼ੀਨਰੀ ਨਾਲ ਲੜਨ ਲਈ ਫੰਡਾਂ ਦੀ ਸਖਤ ਲੋੜ ਹੈ। ਖੜਗੇ ਨੇ ਕਿਹਾ ਕਿ ਕਾਂਗਰਸ ਪਹਿਲੀ ਵਾਰ ਲੋਕਾਂ ਤੋਂ ਚੰਦਾ ਮੰਗ ਰਹੀ ਹੈ। ਜੇ ਤੁਸੀਂ ਸਿਰਫ ਅਮੀਰਾਂ ਦੇ ਆਸਰੇ ਚੱਲੋਗੇ ਤਾਂ ਉਨ੍ਹਾਂ ਦੀਆਂ ਨੀਤੀਆਂ ਮੁਤਾਬਕ ਚੱਲਣਾ ਪੈਣਾ। ਮਹਾਤਮਾ ਗਾਂਧੀ ਨੇ ਵੀ ਆਜ਼ਾਦੀ ਦੇ ਅੰਦੋਲਨ ਦੌਰਾਨ ਲੋਕਾਂ ਤੋਂ ਚੰਦਾ ਲਿਆ ਸੀ।


## ਰੰਗਦਾਰ ਵਿਸ਼ੇਸ਼ ਸਪਲੀਮੈਂਟ


ਜਗਦੀਸ਼ ਰਾਏ
ਮਾਛੀਵਾੜਾ
98552-08112


ਸ਼ੈਂਕੀ ਸ਼ਰਮਾ
ਮਾਛੀਵਾੜਾ
98557-76622


ਹਰਸ਼ ਕੁਮਾਰ
ਮਾਛੀਵਾੜਾ
95018-19055

ਸ਼ਹੀਦੀ ਜੋੜ ਮੇਲ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ 25 ਦਸੰਬਰ ਨੂੰ ਪ੍ਰਕਾਸ਼ਤ ਕੀਤੇ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

*-ਜਨਰਲ ਮੈਨੇਜਰ*


## ਅਤੀਕ ਦੇ ਜੇਲ੍ਹਬੰਦ ਕਰੀਬੀ ਨਫੀਸ ਦੀ ਦਿਲ ਦੇ ਦੌਰੇ ਨਾਲ ਮੌਤ

**ਪ੍ਰਯਾਗਰਾਜ (ਯੂ ਪੀ)** : ਪ੍ਰਯਾਗਰਾਜ ਦੇ ਉਮੇਸ਼ ਪਾਲ ਤੀਹਰੇ ਕਤਲ ਕਾਂਡ 'ਚ ਕਥਿਤ ਤੌਰ 'ਤੇ ਸ਼ਾਮਲ ਤੇ ਮਰਹੂਮ ਗੈਂਗਸਟਰ ਤੋਂ ਸਿਆਸਤਦਾਨ ਬਣੇ ਅਤੀਕ ਅਹਿਮਦ ਦੇ ਖਾਸ ਨਫੀਸ ਬਿਰਯਾਨੀ (50) ਦੀ ਐਤਵਾਰ ਦੇਰ ਰਾਤ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਨੈਨੀ ਸੈਂਟਰਲ ਜੇਲ੍ਹ 'ਚ ਬੰਦ ਨਫੀਸ ਨੂੰ ਐਤਵਾਰ ਸ਼ਾਮ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਉਮੇਸ਼ ਪਾਲ ਤੀਹਰੇ ਕਤਲ ਕੇਸ 'ਚ ਲੋੜੀਂਦੇ ਨਫੀਸ ਨੂੰ 22 ਨਵੰਬਰ 2023 ਨੂੰ ਪੁਲਸ ਮੁਕਾਬਲੇ 'ਚ ਗ੍ਰਿਫਤਾਰ ਕੀਤਾ ਗਿਆ ਸੀ। ਉਸ 'ਤੇ 50,000 ਰੁਪਏ ਦਾ ਇਨਾਮ ਵੀ ਐਲਾਨਿਆ ਗਿਆ ਸੀ।

## ਇਜ਼ਰਾਈਲ ਨੇ ਰਾਜਦੂਤ ਬਦਲਿਆ

**ਯੇਰੋਸ਼ਲਮ** : ਇਜ਼ਰਾਈਲ ਦੀ ਸਰਕਾਰ ਨੇ ਭਾਰਤ ਵਿਚ ਨਵੇਂ ਰਾਜਦੂਤ ਵਜੋਂ ਰੀਯੂਵੇਨ ਅਜ਼ਾਰ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਹ ਭਾਰਤ ਦੇ ਨਾਲ-ਨਾਲ ਸ੍ਰੀਲੰਕਾ ਅਤੇ ਭੂਟਾਨ 'ਚ ਗੈਰ-ਨਿਵਾਸੀ ਰਾਜਦੂਤ ਵਜੋਂ ਵੀ ਕੰਮ ਕਰਨਗੇ। ਅਜ਼ਾਰ ਨਾਓਰ ਗਿਲੋਨ ਦੀ ਥਾਂ ਲੈਣਗੇ।

# ਬੇਟਾ ਪੜ੍ਹਾਓ, ਬੇਟੀ ਬਚਾਓ!

**ਬੇਂਗਲੁਰੂ** : ਬੇਲਾਗਵੀ ਜ਼ਿਲ੍ਹੇ 'ਚ ਮਹਿਲਾ ਨੂੰ ਖੰਭੇ ਨਾਲ ਬੰਨ੍ਹ ਕੇ ਨਿਰਵਸਤਰ ਕਰਨ ਦੇ ਮਾਮਲੇ ਦਾ ਖੁਦ ਨੋਟਿਸ ਲੈ ਕੇ ਸੁਣਵਾਈ ਕਰ ਰਹੀ ਕਰਨਾਟਕ ਹਾਈ ਕੋਰਟ ਨੇ ਸੋਮਵਾਰ ਕਿਹਾ ਕਿ ਇਸ ਬਾਰੇ ਸਮਾਜ ਦੀ ਸਮੂਹਕ ਜ਼ਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ। ਚੀਫ ਜਸਟਿਸ ਪ੍ਰਸੰਨਾ ਬੀ ਵਾਰਲੇ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ—ਇਹ ਬੇਟੀ ਬਚਾਓ, ਬੇਟੀ ਪੜ੍ਹਾਓ ਵਾਲੀ ਗੱਲ ਨਹੀਂ, ਇਹ ਬੇਟਾ ਪੜ੍ਹਾਓ ਤੇ ਬੇਟੀ ਬਚਾਓ ਦਾ ਮਾਮਲਾ ਹੈ। ਜੇ ਤੁਸੀਂ ਬੇਟੇ ਨੂੰ ਸਮਝਾਓਂਗੇ ਨਹੀਂ ਤਾਂ ਤੁਸੀਂ ਇਸ ਵਿਚ ਸਫਲ ਨਹੀਂ ਹੋ ਸਕਦੇ। ਕੁੜੀ ਦੂਜੀ ਮਹਿਲਾ ਦਾ ਕੁਦਰਤੀ ਸਤਿਕਾਰ ਕਰੇਗੀ, ਪਰ ਇਹ ਮੁੰਡਿਆਂ ਨੂੰ ਸਿਖਾਉਣਾ ਪੈਣਾ ਕਿ ਉਹ ਮਹਿਲਾ ਦਾ ਸਤਿਕਾਰ ਤੇ ਉਸ ਦੀ ਰਾਖੀ ਕਰੇ। ਹਾਈ ਕੋਰਟ ਨੇ ਹੁਕੇਰੀ ਤਹਿਸੀਲ ਦੇ ਇਕ ਪਿੰਡ ਵਿਚ ਕਬਾਇਲੀ ਭਾਈਚਾਰੇ ਦੇ ਮੁੰਡੇ ਤੇ ਕੁੜੀ ਵੱਲੋਂ ਘਰੋਂ ਭੱਜ ਜਾਣ ਤੋਂ ਬਾਅਦ ਮੁੰਡੇ ਦੀ 42 ਸਾਲਾ ਮਾਂ ਨੂੰ ਬਿਜਲੀ ਦੇ ਖੰਭੇ ਨਾਲ ਬੰਨ੍ਹ ਕੇ ਤੇ ਉਸ ਨੂੰ ਨਿਰਵਸਤਰ ਕਰਕੇ ਕੁੱਟੇ ਜਾਣ ਦੀ ਖਬਰ ਦਾ 12 ਦਸੰਬਰ ਨੂੰ ਖੁਦ ਨੋਟਿਸ ਲਿਆ ਸੀ। ਹਾਈ ਕੋਰਟ ਨੇ ਅਜਿਹੇ ਕੇਸਾਂ ਵਿਚ ਸਮੂਹਕ ਜ਼ਿੰਮੇਵਾਰੀ ਤੈਅ ਕਰਨ ਦਾ ਸੱਦਾ ਦਿੱਤਾ ਹੈ।

ਬੈਂਚ ਨੇ ਕਿਹਾ—ਕੁਝ ਸਮੂਹਕ ਜ਼ਿੰਮੇਵਾਰੀ ਵਾਲੇ ਕਦਮ ਚੁੱਕਣੇ ਪੈਣੇ ਹਨ, ਜਿਹੜੇ ਲਾਰਡ ਵਿਲੀਅਮ ਬੈਂਟਿੰਕ ਨੇ ਚੁੱਕੇ ਸਨ। ਇੱਥੇ ਦੇਖਣ ਵਾਲੀ ਗੱਲ ਇਹ ਨਹੀਂ ਹਮਲਾਵਰਾਂ ਨੇ ਕੀ ਕੀਤਾ, ਇਸ ਤੋਂ ਵਧੇਰੇ ਖਤਰਨਾਕ ਉਥੇ ਖੜ੍ਹੇ ਲੋਕਾਂ ਦੀ ਬੇਹਰਕਤੀ ਹੈ। ਖਾਮੋਸ਼ ਤਮਾਸ਼ਾਈ ਬਣ ਕੇ ਖੜ੍ਹੇ ਰਹਿਣ ਵਾਲੇ ਹਮਲਾਵਰ ਨੂੰ ਹੀਰੋ ਬਣਾਉਂਦੇ ਹਨ। ਹਾਈ ਕੋਰਟ ਨੇ ਕਿਹਾ ਕਿ ਲਾਰਡ ਵਿਲੀਅਮ ਬੈਂਟਿੰਕ ਨੇ ਉਨ੍ਹਾਂ ਪਿੰਡਾਂ ਨੂੰ ਸਮੂਹਕ ਜੁਰਮਾਨੇ ਲਾਏ ਸਨ, ਜਿਹੜੇ ਅਪਰਾਧੀਆਂ ਦੀ ਪੁਸ਼ਤਪਨਾਹੀ ਕਰਦੇ ਸਨ। ਹਾਈ ਕੋਰਟ ਨੇ ਇਹ ਨੋਟ ਕੀਤਾ ਕਿ ਮਹਿਲਾ ਨੂੰ ਬਚਾਉਣ ਲਈ ਪਿੰਡ ਦਾ ਸਿਰਫ ਇਕ ਬੰਦਾ ਸਾਹਮਣੇ ਆਇਆ। ਪਿੰਡ ਵਿਚ 8 ਹਜ਼ਾਰ ਲੋਕ ਰਹਿੰਦੇ ਹਨ ਅਤੇ ਘਟਨਾ ਵੇਲੇ 13 ਹਮਲਾਵਰਾਂ ਤੋਂ ਇਲਾਵਾ 50-60 ਲੋਕ ਉਥੇ ਸਨ। ਮਹਿਲਾ ਦੀ ਬਦਕਿਸਮਤੀ ਦੇਖੋ, ਸਿਰਫ ਇਕ ਬੰਦਾ ਜਹਾਂਗੀਰ ਹੀ ਮਹਿਲਾ ਦੀ ਮਦਦ ਲਈ ਬਹੁੜਿਆ। ਇਸ ਦੌਰਾਨ ਉਸ 'ਤੇ ਹਮਲਾ ਕੀਤਾ ਗਿਆ। 50-60 ਲੋਕਾਂ ਵਿੱਚੋਂ ਇਕ ਨੇ ਹੀ ਮਹਿਲਾ ਨੂੰ ਬਚਾਉਣ ਦੀ ਹਿੰਮਤ ਦਿਖਾਈ, ਜਦਕਿ ਬਾਕੀ ਖਾਮੋਸ਼ ਤਮਾਸ਼ਾਈ ਬਣੇ ਰਹੇ।

ਹਾਈ ਕੋਰਟ ਨੇ ਰਾਈਜ਼ ਐਂਡ ਫਾਲ ਆਫ ਦੀ ਰੋਮਨ ਅੰਪਾਇਰ (ਰੋਮਨ ਬਾਦਸ਼ਾਹਤ ਦਾ ਚੜ੍ਹਾਅ ਤੇ ਪਤਨ) ਨਾਂਅ ਦੀ ਕਿਤਾਬ ਪੜ੍ਹਨ ਦੀ ਸਲਾਹ ਦਿੰਦਿਆਂ ਕਿਹਾ—ਜਦੋਂ ਤੱਕ ਤੁਸੀਂ ਚੰਗਾ ਸਮਾਜ ਨਹੀਂ ਸਿਰਜ ਸਕਦੇ, ਤੁਸੀਂ ਰਾਸ਼ਟਰ ਨਹੀਂ ਉਸਾਰ ਸਕਦੇ। ਜੇ ਅਸੀਂ ਇਹ ਕਦਰਾਂ-ਕੀਮਤਾਂ ਅਗਲੀ ਪੀੜ੍ਹੀ ਦੇ ਮਨਾਂ ਵਿਚ ਨਹੀਂ ਵਸਾਵਾਂਗੇ, ਕੁਝ ਨਹੀਂ ਹੋਣਾ। ਹੋਰ ਜੱਜ ਤੇ ਵਕੀਲ ਆਉਣਗੇ ਅਤੇ ਤਮਾਸ਼ਬੀਨ ਵੀ ਹੋਣਗੇ, ਪਰ ਹਾਲਾਤ ਨਹੀਂ ਸੁਧਰਨੇ। ਦਲੀਲਾਂ ਦੌਰਾਨ ਹਾਈ ਕੋਰਟ ਨੇ ਪੁੱਛਿਆ ਕਿ ਪਿੰਡ ਵਾਲੇ ਚੁੱਪ ਕਿਉਂ ਰਹੇ? ਕੀ ਉਨ੍ਹਾਂ ਨੂੰ ਪੁਲਸ ਦਾ ਡਰ ਸੀ? ਹੋ ਸਕਦਾ ਹੈ, ਕਿਉਂਕਿ ਪੁਲਸ ਗਵਾਹਾਂ ਨਾਲ ਠੀਕ ਢੰਗ ਨਾਲ ਵਿਹਾਰ ਨਹੀਂ ਕਰਦੀ। ਕਦੇ-ਕਦੇ ਸਹੀ ਸਲੂਕ ਨਾ ਹੋਣ ਕਰਕੇ ਗਵਾਹ ਗਵਾਹੀ ਦੇਣ ਤੋਂ ਡਰਦੇ ਹਨ। ਪੁਲਸ ਥਾਣੇ ਮੁਲਜ਼ਮ ਤੇ ਗਵਾਹ ਵਿਚਾਲੇ ਫਰਕ ਨਹੀਂ ਰੱਖਦੇ।

ਸਮੂਹਕ ਜ਼ਿੰਮੇਵਾਰੀ ਲਈ ਨਵੇਂ ਕਾਨੂੰਨ ਬਣਾਉਣ ਦਾ ਸੁਝਾਅ ਦਿੰਦਿਆਂ ਹਾਈ ਕੋਰਟ ਨੇ ਕਿਹਾ—ਏਨੇ ਬੰਦੇ ਉਥੇ ਖੜ੍ਹੇ ਸਨ, ਪਰ ਕਿਸੇ ਨੇ ਕੁਝ ਨਹੀਂ ਕੀਤਾ। ਇਹ ਸਮੂਹਕ ਬੁਜ਼ਦਿਲੀ ਹੈ। ਇਸ ਦਾ ਹੱਲ ਹੋਣਾ ਚਾਹੀਦਾ ਹੈ। ਇਹ ਬ੍ਰਿਟਿਸ਼ ਰਾਜ ਦੀ ਪੁਲਸ ਨਹੀਂ, ਕੁਝ ਕਰਨਾ ਪੈਣਾ। ਕੁਝ ਪਹਿਲੂ ਇਕੱਠੇ ਕਰਕੇ ਕਾਨੂੰਨ ਕਮਿਸ਼ਨ ਨੂੰ ਦਿੱਤੇ ਜਾਣ, ਜਿਹੜਾ ਨਵਾਂ ਕਾਨੂੰਨ ਘੜੇ। ਕਾਨੂੰਨ ਲੋਕਾਂ ਦੀ ਜ਼ਿੰਦਗੀ ਦੀ ਰਫਤਾਰ ਦਾ ਹਾਣੀ ਹੋਣਾ ਚਾਹੀਦਾ ਹੈ। ਤੁਸੀਂ ਇਹ ਕਿਵੇਂ ਯਕੀਨੀ ਬਣਾਓਗੇ ਕਿ ਅਜਿਹੀਆਂ ਘਟਨਾਵਾਂ ਫਿਰ ਨਹੀਂ ਹੋਣਗੀਆਂ। ਹਾਈ ਕੋਰਟ ਨੇ ਨੋਟ ਕੀਤਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮਹਿਲਾ ਦੇ ਮੁੜਵਸੇਬੇ ਲਈ 50 ਹਜ਼ਾਰ ਦਾ ਅੰਤਰਮ ਮੁਆਵਜ਼ਾ ਮਨਜ਼ੂਰ ਕੀਤਾ ਹੈ। ਇਸ ਵਿਚੋਂ ਅੱਧਾ ਉਹ ਕਢਵਾ ਸਕਦੀ ਹੈ ਤੇ ਅੱਧਾ ਫਿਕਸਡ ਡਿਪਾਜ਼ਿਟ ਵਿਚ ਰਹੇਗਾ। ਹਾਈ ਕੋਰਟ ਨੇ ਮੈਡੀਕਲ ਅਫਸਰ ਨਾਲ ਮਸ਼ਵਰਾ ਕਰਕੇ ਕਿਹਾ ਕਿ ਮਹਿਲਾ ਦੇ ਇਲਾਜ 'ਚ ਛੇ ਤੋਂ ਅੱਠ ਮਹੀਨੇ ਲੱਗਣਗੇ, ਇਸ ਕਰਕੇ ਉਸ ਨੂੰ ਸਾਰਾ ਮੁਆਵਜ਼ਾ ਬਿਨਾਂ ਸ਼ਰਤ ਦਿੱਤਾ ਜਾਵੇ।

ਹਾਈ ਕੋਰਟ ਨੇ ਇਹ ਵੀ ਨੋਟ ਕੀਤਾ ਕਿ ਮੁੱਖ ਮੰਤਰੀ ਰਿਲੀਫ ਫੰਡ ਵਿੱਚੋਂ 5 ਲੱਖ ਰੁਪਏ ਮਹਿਲਾ ਦੇ ਖਾਤੇ ਵਿਚ ਪਾਏ ਗਏ ਹਨ ਅਤੇ ਕਰਨਾਟਕ ਮਹਾਂਰਿਸ਼ੀ ਵਾਲਮੀਕਿ ਸ਼ਡਿਊਲਡ ਟਰਾਈਬਜ਼ ਡਿਵੈੱਲਪਮੈਂਟ ਕਾਰਪੋਰੇਸ਼ਨ ਨੇ ਦੋ ਏਕੜ ਤੋਂ ਕੁਝ ਵੱਧ ਥਾਂ ਚੁਲਕੀ ਪਿੰਡ ਵਿਚ ਉਸ ਨੂੰ ਦਿੱਤੀ ਹੈ। ਸਰਕਾਰ ਦੇ ਇਹ ਕਦਮ ਚੰਗੇ ਹਨ। ਹਾਈ ਕੋਰਟ ਨੇ ਇਹ ਵੀ ਨੋਟ ਕੀਤਾ ਕਿ ਪੁਲਸ ਇੰਸਪੈਕਟਰ ਵਿਜੇ ਕੁਮਾਰ ਸਿਨੂਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਹਾਈ ਕੋਰਟ ਨੇ ਇਹ ਨੋਟ ਕਰਦਿਆਂ ਕਿ ਦੋ ਹਮਲਾਵਰ ਫੜੇ ਗਏ ਹਨ, ਅਗਲੀ ਸੁਣਵਾਈ ਜਨਵਰੀ ਦੇ ਤੀਜੇ ਹਫਤੇ ਤੈਅ ਕੀਤੀ ਹੈ।

## ਸਭ ਤੋਂ ਵੱਡਾ ਧਿਆਨ ਕੇਂਦਰ



**ਵਾਰਾਣਸੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਇੱਥੇ ਦੁਨੀਆ ਦੇ ਸਭ ਤੋਂ ਵੱਡੇ ਧਿਆਨ ਕੇਂਦਰ 'ਸਵਰਵੇਦ ਮਹਾਮੰਦਰ ਧਾਮ' ਦਾ ਉਦਘਾਟਨ ਕੀਤਾ। ਇੱਥੇ 20,000 ਤੋਂ ਵੱਧ ਲੋਕ ਇਕੱਠੇ ਬੈਠ ਕੇ ਧਿਆਨ ਲਗਾ ਸਕਦੇ ਹਨ। ਇਸ ਸੱਤ ਮੰਜ਼ਿਲਾ ਵਿਸ਼ਾਲ ਮੰਦਰ ਦੀਆਂ ਕੰਧਾਂ ਉੱਤੇ ਸਵਰਵੇਦ ਦੇ ਛੰਦ ਉੱਕਰੇ ਹਨ। ਸਵਰਵੇਦ ਮਹਾਮੰਦਰ ਪ੍ਰਾਚੀਨ ਦਰਸ਼ਨ, ਅਧਿਆਤਮਿਕਤਾ ਅਤੇ ਆਧੁਨਿਕ ਆਰਕੀਟੈਕਚਰ ਦਾ ਸੁਮੇਲ ਹੈ।

## ਗੁਲਮਰਗ ਸਭ ਤੋਂ ਠੰਢਾ

**ਸ੍ਰੀਨਗਰ** : ਉੱਤਰੀ ਕਸ਼ਮੀਰ ਦੇ ਗੁਲਮਰਗ 'ਚ ਘੱਟੋ-ਘੱਟ ਤਾਪਮਾਨ ਮਨਫੀ 8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਅਤੇ ਇਹ ਘਾਟੀ 'ਚ ਰਾਤ ਵੇਲੇ ਸਭ ਤੋਂ ਠੰਢਾ ਸਥਾਨ ਰਿਹਾ। ਪਹਿਲਗਾਮ 'ਚ ਮਨਫੀ 5.8, ਸ੍ਰੀਨਗਰ 'ਚ 0.5, ਕਾਜ਼ੀਗੁੰਡ 'ਚ 0.8, ਕੋਕਰਨਾਗ 'ਚ 1.1 ਅਤੇ ਕੁਪਵਾੜਾ 'ਚ ਮਨਫੀ 2.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਬੈਲਿਸਟਿਕ ਮਿਜ਼ਾਈਲ ਦੀ ਪਰਖ

**ਸਿਓਲ** : ਦੱਖਣੀ ਕੋਰੀਆ ਨੇ ਦਾਅਵਾ ਕੀਤਾ ਹੈ ਕਿ ਉੱਤਰੀ ਕੋਰੀਆ ਨੇ ਸੋਮਵਾਰ ਸਮੁੰਦਰ 'ਚ ਲੰਬੀ ਦੂਰੀ ਦੀ ਬੈਲਿਸਟਿਕ ਮਿਜ਼ਾਈਲ ਦੀ ਪਰਖ ਕੀਤੀ। ਦੱਖਣੀ ਕੋਰੀਆ ਦਾ ਕਹਿਣਾ ਹੈ ਕਿ ਉੱਤਰੀ ਕੋਰੀਆ ਅਮਰੀਕਾ ਅਤੇ ਦੱਖਣੀ ਕੋਰੀਆ ਵੱਲੋਂ ਪਰਮਾਣੂ ਗਤੀਵਿਧੀਆਂ ਨੂੰ ਰੋਕਣ ਲਈ ਦਬਾਅ ਬਣਾਉਣ ਲਈ ਚੁੱਕੇ ਕਦਮਾਂ ਦਾ ਲਗਾਤਾਰ ਵਿਰੋਧ ਕਰ ਰਿਹਾ ਹੈ ਅਤੇ ਇਸ ਦੇ ਜਵਾਬ 'ਚ ਉਸ ਨੇ ਇਹ ਮਿਜ਼ਾਈਲ ਦਾਗੀ।

# ਅੱਜ-ਨਾਮਾ

ਪਾਰਲੀਮੈਂਟ ਲਈ ਚੋਣ ਗਈ ਪੁੱਜ ਲਾਗੇ,
ਪੰਜਾਬ ਕਾਂਗਰਸ ਦੇ ਬੁਰੇ ਹਾਲਾਤ ਬੇਲੀ।
ਆਪਸ ਵਿੱਚ ਹੀ ਪਾਟਕ ਦਾ ਰੰਗ ਤਿੱਖਾ,
ਸੁਣੀ ਨਾ ਆਗੂਆਂ ਦੀ ਹੋਈ ਬਾਤ ਬੇਲੀ।
ਉੱਤੋਂ-ਹੇਠ ਤੱਕ ਲੀਡਰ ਸਭ ਪਏ ਪਾਟੇ,
ਚੱਲ ਰਹੀ ਆਪਸੀ ਸ਼ਹਿ ਤੇ ਮਾਤ ਬੇਲੀ।
ਭਾਜਪਾ ਵਿੱਚ ਜਾ ਕੇ ਜਿਹੜੇ ਮੁੜੇ ਪਿੱਛੇ,
ਉਨ੍ਹਾਂ ਦੀ ਵੱਖ ਕੁਝ ਨਵੀਂ ਜਮਾਤ ਬੇਲੀ।
ਹਰ ਇੱਕ ਪਾਸਿਉਂ ਪਈ ਆ ਮਾਰ ਪੈਂਦੀ,
ਕੋਈ ਨਾ ਸਿੱਝਣ ਦੀ ਸੋਚ ਵਿਚਾਰ ਬੇਲੀ।
ਆਪਸ ਵਿੱਚ ਜੇ ਰਾਤ-ਦਿਨ ਲੜੀ ਜਾਣਾ,
ਕਿਹੜਾ ਉਹ ਲੈਣਗੇ ਮੋਰਚਾ ਮਾਰ ਬੇਲੀ।

-ਤੀਸ ਮਾਰ ਖਾਂ

## ਟਾਈਟਲਰ ਤੋਂ ਐੱਫ ਆਈ ਆਰਜ਼ ਦੀ ਸੂਚੀ ਮੰਗੀ

**ਨਵੀਂ ਦਿੱਲੀ** : ਸਥਾਨਕ ਅਦਾਲਤ ਨੇ ਸੋਮਵਾਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੇ ਵਕੀਲ ਨੂੰ 1984 'ਚ ਪੁਲ ਬੰਗਸ ਸਿੱਖ ਦੰਗਿਆਂ 'ਚ ਦਿੱਲੀ ਪੁਲਸ ਅਤੇ ਸੀ ਬੀ ਆਈ ਵੱਲੋਂ ਦਰਜ ਐੱਫ ਆਈ ਆਰਜ਼ ਦੀ ਸੂਚੀ ਅਤੇ ਇਸ ਦੀ ਜਾਂਚ ਤੇ ਮੁਕੱਦਮਿਆਂ ਦੇ ਨਤੀਜਿਆਂ ਦੀ ਸੂਚੀ ਦੇਣ ਲਈ ਕਿਹਾ ਹੈ। ਟਾਈਟਲਰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਇਆ।

ਇਹ ਮਾਮਲਾ 1 ਨਵੰਬਰ 1984 ਨੂੰ ਪੁਲ ਬੰਗਸ ਗੁਰਦੁਆਰੇ 'ਚ ਹੋਏ ਸਿੱਖਾਂ ਦੇ ਕਤਲ ਨਾਲ ਸੰਬੰਧਤ ਹੈ। ਸੀ ਬੀ ਆਈ ਨੇ ਮਈ 'ਚ ਉਸ ਖਿਲਾਫ ਸਪਲੀਮੈਂਟਰੀ ਚਾਰਜਸ਼ੀਟ ਦਾਖਲ ਕੀਤੀ ਸੀ। ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਬਚਾਅ ਪੱਖ ਦੇ ਵਕੀਲ ਦੀ ਇਹ ਦਲੀਲ ਸੁਣਨ ਤੋਂ ਬਾਅਦ ਮਾਮਲੇ ਦੀ ਸੁਣਵਾਈ 9 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਕਿ ਪਿਛਲੀਆਂ ਚਾਰਜਸ਼ੀਟਾਂ ਦੀਆਂ ਪ੍ਰਮਾਣਿਤ ਕਾਪੀਆਂ ਪ੍ਰਾਪਤ ਨਹੀਂ ਹੋਈਆਂ ਸਨ।

## ਨਿਊ ਜ਼ੀਲੈਂਡ 'ਚ ਬੀਬੀਆਂ ਨਾਲ ਛੇੜਛਾੜ ਬਾਪੂ ਨੂੰ ਤਿੰਨ ਹਜ਼ਾਰ ਡਾਲਰ 'ਚ ਪਈ

**ਵੈਲਿੰਗਟਨ** : ਨਿਊਜ਼ੀਲੈਂਡ ਦੀ ਬੀਚ 'ਤੇ ਤਿੰਨ ਔਰਤਾਂ ਨਾਲ ਫੋਟੋ ਖਿਚਵਾਉਣ ਦੇ ਬਹਾਨੇ ਛੇੜਖਾਨੀ ਕਰਨ ਵਾਲੇ 67 ਸਾਲਾ ਭਾਰਤੀ ਨਾਗਰਿਕ ਨੂੰ ਪੀੜਤਾਂ ਨੂੰ 3000 ਨਿਊਜ਼ੀਲੈਂਡ ਡਾਲਰ ਅਦਾ ਕਰਨ ਦਾ ਹੁਕਮ ਦਿੱਤਾ ਗਿਆ ਹੈ। ਦੋਸ਼ੀ ਦੀ ਪਛਾਣ ਜਵਾਹਰ ਸਿੰਘ ਵਜੋਂ ਹੋਈ ਹੈ ਤੇ ਉਸ ਨੇ ਨੈਲਸਨ ਦੀ ਬੀਚ 'ਤੇ ਆਪਣੀਆਂ ਹਰਕਤਾਂ ਨਾਲ ਪਰਵਾਰ ਨੂੰ ਸ਼ਰਮਿੰਦਾ ਕੀਤਾ। ਅਦਾਲਤ ਨੇ ਕਿਹਾ ਕਿ ਦੋਸ਼ੀ ਆਪਣੇ ਪੁੱਤ ਨੂੰ ਮਿਲਣ ਲਈ ਨਿਊਜ਼ੀਲੈਂਡ ਆਇਆ ਸੀ ਤੇ ਉਸ ਨੇ ਆਪਣੇ ਅਤੇ ਆਪਣੇ ਪੁੱਤਰ ਲਈ ਸਰਮਸ਼ਾਰ ਹੋਣ ਵਾਲਾ ਕਾਰਾ ਕੀਤਾ। ਦੋਸ਼ੀ ਨੂੰ ਹਰ ਪੀੜਤ ਨੂੰ ਭਾਵਨਾਤਮਕ ਠੇਸ ਪਹੁੰਚਾਉਣ ਲਈ ਇਕ-ਇਕ ਹਜ਼ਾਰ ਡਾਲਰ ਦੇਣ ਦਾ ਹੁਕਮ ਦਿੱਤਾ ਗਿਆ ਹੈ। ਪੁਲਸ ਅਨੁਸਾਰ 28 ਸਤੰਬਰ ਨੂੰ ਔਰਤ ਸਵੇਰੇ 9.15 ਵਜੇ ਦੇ ਕਰੀਬ ਆਪਣੇ ਕੁੱਤੇ ਨੂੰ ਬੀਚ 'ਤੇ ਸੈਰ ਕਰਾ ਰਹੀ ਸੀ, ਜਵਾਹਰ ਸਿੰਘ ਨੇ ਉਸ ਨਾਲ ਫੋਟੋ ਖਿਚਵਾਉਣ ਲਈ ਉਸ ਕੋਲ ਪਹੁੰਚ ਕੀਤੀ। ਉਸ ਨੇ ਲਗਾਤਾਰ ਵੱਖ-ਵੱਖ ਸਮੇਂ 'ਤੇ ਔਰਤਾਂ ਨਾਲ ਫੋਟੋਆਂ ਖਿਚਵਾਉਣ ਦੇ ਬਹਾਨੇ ਛੇੜਖਾਨੀ ਕੀਤੀ।

## ਬਾਇਡਨ ਦੇ ਕਾਫਲੇ ਦੀ ਗੱਡੀ ਨੂੰ ਟੱਕਰ ਮਾਰੀ

**ਵਿਲਮਿੰਗਟਨ** : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਫਲੇ 'ਚ ਖੜ੍ਹੀ ਐੱਸ ਯੂ ਵੀ ਨੂੰ ਇੱਕ ਹੋਰ ਕਾਰ ਨੇ ਟੱਕਰ ਮਾਰ ਦਿੱਤੀ।

ਬਾਇਡਨ ਆਪਣੇ ਪ੍ਰਚਾਰ ਦਫਤਰ ਤੋਂ ਆਪਣੀ ਬਖਤਰਬੰਦ ਐੱਸ ਯੂ ਵੀ ਵੱਲ ਪੈਦਲ ਜਾ ਰਹੇ ਸਨ, ਜਦੋਂ ਕਾਰ ਨੇ ਅਮਰੀਕੀ ਖੁਫੀਆ ਵਿਭਾਗ ਦੇ ਵਾਹਨ ਨੂੰ ਟੱਕਰ ਮਾਰ ਦਿੱਤੀ।

## ਗਿਆਨਵਾਪੀ ਕੰਪਲੈਕਸ ਦੀ ਸਰਵੇ ਰਿਪੋਰਟ ਕੋਰਟ 'ਚ ਪੇਸ਼

**ਵਾਰਾਣਸੀ** : ਭਾਰਤੀ ਪੁਰਾਤੱਤਵ ਸਰਵੇਖਣ (ਏ ਐੱਸ ਆਈ) ਨੇ ਸੋਮਵਾਰ ਜ਼ਿਲ੍ਹਾ ਅਦਾਲਤ 'ਚ ਗਿਆਨਵਾਪੀ ਮਸਜਿਦ ਕੰਪਲੈਕਸ ਬਾਰੇ ਆਪਣੀ ਸਰਵੇਖਣ ਰਿਪੋਰਟ ਪੇਸ਼ ਕੀਤੀ, ਜਿਸ ਦੀ ਅਗਲੀ ਸੁਣਵਾਈ 21 ਦਸੰਬਰ ਨੂੰ ਤੈਅ ਕੀਤੀ ਗਈ ਹੈ। ਹਿੰਦੂ ਪਟੀਸ਼ਨਰਾਂ ਦੀ ਨੁਮਾਇੰਦਗੀ ਕਰ ਰਹੇ ਵਕੀਲ ਮਦਨ ਮੋਹਨ ਯਾਦਵ ਨੇ ਕਿਹਾ-ਸੀਲਬੰਦ ਰਿਪੋਰਟ ਏ ਐੱਸ ਆਈ ਦੇ ਵਕੀਲ ਅਮਿਤ ਸ੍ਰੀਵਾਸਤਵ ਵੱਲੋਂ ਅਦਾਲਤ ਦੇ ਸਾਹਮਣੇ ਰੱਖੀ ਗਈ। ਅਦਾਲਤ ਨੇ ਸੀਲਬੰਦ ਰਿਪੋਰਟ ਨੂੰ ਖੋਲ੍ਹਣ ਅਤੇ ਇਸ ਦੀਆਂ ਕਾਪੀਆਂ ਕਿਸੇ ਵੀ ਪੱਖ ਦੇ ਵਕੀਲਾਂ ਨੂੰ ਸੌਂਪਣ ਲਈ 21 ਦਸੰਬਰ ਦੀ ਤਰੀਕ ਤੈਅ ਕੀਤੀ ਹੈ। ਏ ਐੱਸ ਆਈ ਨੇ ਕਾਸ਼ੀ ਵਿਸ਼ਵਨਾਥ ਮੰਦਰ ਦੇ ਕੋਲ ਸਥਿਤ ਗਿਆਨਵਾਪੀ ਕੰਪਲੈਕਸ ਦਾ ਵਿਗਿਆਨਕ ਸਰਵੇਖਣ ਇਹ ਪਤਾ ਲਗਾਉਣ ਲਈ ਕੀਤਾ ਕਿ ਕੀ 17ਵੀਂ ਸਦੀ ਦੀ ਮਸਜਿਦ, ਮੰਦਰ ਦੇ ਪਹਿਲਾਂ ਤੋਂ ਮੌਜੂਦ ਢਾਂਚੇ ਉੱਤੇ ਬਣਾਈ ਗਈ ਸੀ ਜਾਂ ਨਹੀਂ। ਇਹ ਸਰਵੇਖਣ ਵਾਰਾਣਸੀ ਦੀ ਅਦਾਲਤ ਦੇ ਹੁਕਮਾਂ 'ਤੇ ਕੀਤਾ ਗਿਆ ਸੀ।


## ਅੰਤਿਮ ਅਰਦਾਸ

ੴ ਸਤਿਗੁਰ ਪ੍ਰਸਾਦਿ ॥
ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਵਾਹਿਗੁਰੂ ਜੀ ਦੇ ਅਟੱਲ ਹੁਕਮ ਅਨੁਸਾਰ ਸਾਡੇ ਸਤਿਕਾਰਯੋਗ ਮਾਤਾ

**ਚਰਨਜੀਤ ਕੌਰ ਧਾਲੀਵਾਲ**

ਸੁਪਤਨੀ ਸ੍ਰੀ ਮਹਿੰਦਰ ਸਿੰਘ ਧਾਲੀਵਾਲ
(ਸਾਬਕਾ ਆਗੂ ਗੌ. ਸਕੂਲ ਟੀਚਰਜ਼ ਯੂਨੀਅਨ ਪੰਜਾਬ)




ਮਿਤੀ 30 ਅਕਤੂਬਰ, 2023 ਦਿਨ ਸੋਮਵਾਰ ਸਿਡਨੀ (ਆਸਟ੍ਰੇਲੀਆ) ਵਿਖੇ ਇਸ ਦੁਨੀਆ ਤੋਂ ਆਪਣਾ ਪੰਜ ਭੌਤਿਕ ਸਰੀਰ ਤਿਆਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ :

**ਸ੍ਰੀ ਸਹਿਜ ਪਾਠ ਜੀ ਦਾ ਭੋਗ ਅਤੇ ਅੰਤਿਮ ਅਰਦਾਸ**

**ਮਿਤੀ 20 ਦਸੰਬਰ, 2023 ਦਿਨ ਬੁੱਧਵਾਰ ਨੂੰ ਬਾਅਦ ਦੁਪਹਿਰ 1 ਵਜੇ**

ਸਾਡੇ ਨਿਵਾਸ ਸਥਾਨ ਧਾਲੀਵਾਲ ਫਾਰਮ, ਕੜਿਆਲ ਰੋਡ ਧਰਮਕੋਟ (ਮੋਗਾ) ਵਿਖੇ ਹੋਵੇਗੀ। ਸੋ ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰੂ ਭਾਣੇ ਵਿੱਚ :

ਸਤਿੰਦਰ ਸਿੰਘ ਧਾਲੀਵਾਲ (ਸਪੁੱਤਰ)
ਨਵਿੰਦਰ ਸਿੱਧੂ-ਸੰਦੀਪ ਸਿੰਘ ਸਿੱਧੂ (ਧੀ-ਜਵਾਈ)
ਸਵ. ਕਾਮਰੇਡ ਬਲਦੇਵ ਸਿੰਘ ਗਰੇਵਾਲ (ਭਰਾ)
ਜਗਦੇਵ ਸਿੰਘ ਗਰੇਵਾਲ (ਭਰਾ)
ਮੋ.-98761-09429
ਮੋ.-82735-00001

ਬਲਵਿੰਦਰ ਸਿੰਘ ਧਾਲੀਵਾਲ (ਦਿਓਰ)
ਭੁਪਿੰਦਰ ਸਿੰਘ ਧਾਲੀਵਾਲ (ਦਿਓਰ)
ਕਾਮਰੇਡ ਜਸਵਿੰਦਰ ਸਿੰਘ ਜੱਸੀ ਗਰੇਵਾਲ (ਭਤੀਜਾ)
ਤਜਿੰਦਰ ਸਿੰਘ ਗਰੇਵਾਲ (ਭਤੀਜਾ)
ਰੁਪਿੰਦਰਜੀਤ ਸਿੰਘ ਧਾਲੀਵਾਲ ਸਰਪੰਚ
ਸਮੂਹ ਧਾਲੀਵਾਲ ਪਰਵਾਰ
ਰਿਸ਼ਤੇਦਾਰ ਅਤੇ ਸੰਬੰਧੀ

## ਕੌਮੀ ਬਾਸਕਟਬਾਲ ਚੈਂਪੀਅਨਸ਼ਿਪ 'ਚ ਤਮਗੇ ਜਿੱਤਣ ਵਾਲੇ ਖਿਡਾਰੀਆਂ ਦਾ ਸਨਮਾਨ



**ਧਨੌਲਾ (ਰਾਜਿੰਦਰ ਬਰਾੜ)**-ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਧਨੌਲਾ ਵੱਲੋਂ ਲੁਧਿਆਣਾ ਵਿਖੇ ਹੋਈ 73ਵੀਂ ਸੀਨੀਅਰ ਨੈਸ਼ਨਲ ਬਾਸਕਟਬਾਲ ਚੈਂਪੀਅਨਸ਼ਿਪ ਵਿੱਚੋਂ ਚਾਂਦੀ ਤੇ ਕਾਂਸੀ ਦਾ ਤਮਗਾ ਜਿੱਤਣ ਵਾਲੇ ਧਨੌਲਾ ਦੇ ਦੋ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ।ਕਲੱਬ ਦੇ ਜਨਰਲ ਸਕੱਤਰ ਸਿਮਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਧਨੌਲਾ ਦੇ ਵਸਨੀਕ ਖਿਡਾਰੀ ਹਰਵਿੰਦਰ ਸਿੰਘ ਕਾਹਲੋਂ ਨੇ ਭਾਰਤੀ ਰੇਲਵੇ ਦੀ ਪ੍ਰਤੀਨਿਧਤਾ ਕਰਦਿਆਂ ਆਪਣੀ ਟੀਮ ਲਈ ਚਾਂਦੀ ਦਾ ਤਮਗਾ ਤੇ ਉੱਪਜੀਤ ਸਿੰਘ ਵਾਲੀਆ ਨੇ ਪੰਜਾਬ ਦੀ ਟੀਮ ਵੱਲੋਂ ਖੇਡਦਿਆਂ ਇਸ ਚੈਂਪੀਅਨਸ਼ਿਪ ਵਿੱਚ ਤੀਜਾ ਸਥਾਨ ਹਾਸਲ ਕਰਕੇ ਕਾਂਸੀ ਦਾ ਤਮਗਾ ਜਿੱਤਿਆ ਹੈ।ਸ਼ਹੀਦ ਭਗਤ ਸਿੰਘ ਕਲੱਬ ਧਨੌਲਾ ਦੇ ਪ੍ਰਧਾਨ ਮਹਿਮਾ ਸਿੰਘ ਢਿੱਲੋਂ ਤੇ ਕਲੱਬ ਅਹੁਦੇਦਾਰਾਂ ਨੇ ਤਮਗਾ ਜੇਤੂ ਇਨ੍ਹਾਂ ਖਿਡਾਰੀਆਂ ਦਾ ਸਨਮਾਨ ਕਰਦਿਆਂ ਉਮੀਦ ਕੀਤੀ ਕਿ ਇਹ ਖਿਡਾਰੀ ਭਵਿੱਖ ਵਿੱਚ ਵੀ ਹੋਰ ਵੱਡੀਆਂ ਪ੍ਰਾਪਤੀਆਂ ਕਰਕੇ ਧਨੌਲਾ ਦਾ ਨਾਮ ਪੂਰੀ ਦੁਨੀਆ ਵਿੱਚ ਰੌਸ਼ਨ ਕਰਨਗੇ।ਇਸ ਮੌਕੇ ਗੁਰਦੁਆਰਾ ਰਾਮਸਰ ਦੇ ਪ੍ਰਧਾਨ ਸੁਖਰਾਜ ਸਿੰਘ ਪੰਧੇਰ, ਸੀਨੀਅਰ ਮੀਤ ਪ੍ਰਧਾਨ ਜਾਗਰ ਸਿੰਘ ਢਿੱਲੋਂ, ਲਖਵੀਰ ਸਿੰਘ ਨਹਿਲ, ਗੁਰਵਿੰਦਰ, ਸਿੰਘ ਕੋਚ, ਭਗਵੰਤ ਸਿੰਘ ਪੰਧੇਰ, ਅਟੱਲ ਕੁਮਾਰ ਗੌੜ, ਖਿਡਾਰੀਆਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਬਾਸਕਟਬਾਲ ਖਿਡਾਰੀ ਤੇ ਪਤਵੰਤੇ ਮੌਜੂਦ ਸਨ।

## ਕ੍ਰਿਸਮਸ ਡੇ ਨੂੰ ਸਮਰਪਤ ਵਿਸ਼ਾਲ ਸ਼ੋਭਾ ਯਾਤਰਾ ਕੱਢੀ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪ੍ਰਭੂ ਯਿਸੂ ਮਸੀਹ ਜੀ ਦੇ ਜਨਮ ਦਿਹਾੜੇ 'ਕ੍ਰਿਸਮਸ ਡੇ' ਨੂੰ ਸਮਰਪਤ ਸਮਾਣਾ ਦੇ ਨੇੜਲੇ ਪਿੰਡ ਰੇਤਗੜ੍ਹ ਦੀ ਵੇਅ ਆਫ ਫੇਥ ਚਰਚ ਵੱਲੋਂ ਪਾਸਟਰ ਗੁਰਚਰਨ ਸਿੰਘ ਦੀ ਅਗਵਾਈ ਹੇਠ ਸਥਾਨਕ ਸ਼ਹਿਰ ਵਿੱਚ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ, ਜਿਸ ਵਿੱਚ ਵੱਖ-ਵੱਖ ਪਿੰਡਾਂ, ਸ਼ਹਿਰਾਂ ਦੇ ਸੈਂਕੜੇ ਲੋਕਾਂ ਨੇ ਇਸ ਸ਼ੋਭਾ ਯਾਤਰਾ ਵਿੱਚ ਹਿੱਸਾ ਲਿਆ ਤੇ ਨਾਲ ਹੀ ਨਿਹੰਗ ਸਿੰਘਾਂ ਦਾ ਜਥਾ ਵੀ ਸ਼ੋਭਾ ਯਾਤਰਾ ਦੌਰਾਨ ਉਨ੍ਹਾਂ ਦੇ ਨਾਲ ਚੱਲਿਆ। ਪ੍ਰੈੱਸ ਨਾਲ ਗੱਲਬਾਤ ਦੌਰਾਨ ਪਾਸਟਰ ਗੁਰਚਰਨ ਸਿੰਘ ਰੇਤਗੜ੍ਹ ਨੇ ਦੱਸਿਆ ਕਿ ਅੱਜ ਦੀ ਇਹ ਸ਼ੋਭਾ ਯਾਤਰਾ ਆਉਣ ਵਾਲੀ 25 ਦਸੰਬਰ ਨੂੰ ਪ੍ਰਭੂ ਯਿਸੂ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੱਢੀ ਗਈ ਹੈ।ਉਨ੍ਹਾਂ ਕਿਹਾ ਮੈਨੂੰ ਬੜੀ ਖੁਸ਼ੀ ਹੈ ਕਿ ਅੱਜ ਸੈਂਕੜੇ ਲੋਕ ਇਸ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਏ ਅਤੇ ਸਮਾਣਾ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਲੋਕਾਂ ਨੇ ਬਹੁਤ ਮਾਣ ਸਤਿਕਾਰ ਦਿੱਤਾ। ਇਸ ਮੌਕੇ ਉਨ੍ਹਾ ਦੇ ਪਤਨੀ ਪਾਸਟਰ ਰਾਜਵਿੰਦਰ ਕੌਰ ਤੇ ਵੇਅ ਆਫ ਫੇਥ ਚਰਚ ਰੇਤਗੜ੍ਹ ਦੀ ਸਮੁੱਚੀ ਟੀਮ ਉਨ੍ਹਾਂ ਨਾਲ ਰਹੀ।ਪਾਸਟਰ ਗੁਰਚਰਨ ਸਿੰਘ ਵੱਲੋਂ ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਕ੍ਰਿਸਮਿਸ ਡੇ ਵਾਲੇ ਦਿਨ 25 ਦਸੰਬਰ ਨੂੰ ਪਿੰਡ ਰੇਤਗੜ੍ਹ ਵਿਖੇ ਹੋਣ ਵਾਲੇ ਵਿਸ਼ਾਲ ਸਮਾਗਮ ਵਿੱਚ ਸਮੂਹ ਸੰਗਤਾਂ ਨੂੰ ਹਾਜ਼ਰ ਹੋਣ ਦੀ ਬੇਨਤੀ ਕੀਤੀ ਗਈ।

## ਧਰਨੇ ਸੰਬੰਧੀ ਜੱਗਾ ਹਿੱਸੋਵਾਲ ਤੇ ਨਵਦੀਪ ਗਰੇਵਾਲ ਵੱਲੋਂ ਲਾਮਬੰਦੀ ਸ਼ੁਰੂ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਸੂਬੇ ਅੰਦਰ ਗੁੰਡਾਗਰਦੀ, ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ 'ਚ ਵਾਧਾ, ਸ਼ਰੇਆਮ ਦਿਨ ਦਿਹਾੜੇ ਖੂਨੀ ਜੰਗਾਂ ਕਾਰਨ ਸੂਬੇ ਦੇ ਲੋਕ ਦਹਿਸ਼ਤ ਦੇ ਮਾਹੌਲ 'ਚ ਜਿਊਣ ਲਈ ਮਜਬੂਰ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਸੂਬਾ ਕੰਟਰੋਲ ਨਹੀਂ ਹੋ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨਾਕਾਮੀਆਂ ਨੂੰ ਲੋਕਾਂ ਸਾਹਮਣੇ ਰੱਖਣ ਲਈ ਕਾਂਗਰਸ ਪਾਰਟੀ ਵੱਲੋਂ ਜ਼ਿਲ੍ਹਾ ਪੱਧਰੀ ਧਰਨਿਆਂ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਅਤੇ ਇਹ ਧਰਨਾ ਜਗਰਾਉਂ ਦੀ ਨਵੀਂ ਦਾਣਾ ਮੰਡੀ ਵਿਖੇ 21 ਦਸੰਬਰ ਨੂੰ ਦਿੱਤਾ ਜਾ ਰਿਹਾ ਹੈ, ਜਿਸ 'ਚ ਵਰਕਰਾਂ ਨੂੰ ਲਾਮਬੰਦ ਕਰਨ ਲਈ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ ਅਤੇ ਬਲਾਕ ਕਾਂਗਰਸ ਦੇ (ਦਿਹਾਤੀ) ਪ੍ਰਧਾਨ ਨਵਦੀਪ ਸਿੰਘ ਗਰੇਵਾਲ ਪਿੰਡ-ਪਿੰਡ ਜਾ ਕੇ ਮੀਟਿੰਗਾਂ ਕਰਕੇ ਲੋਕਾਂ ਨੂੰ 21 ਦਸੰਬਰ ਦੇ ਧਰਨੇ 'ਚ ਵੱਧ ਤੋਂ ਵੱਧ ਸ਼ਾਮਲ ਹੋਣ ਦੀ ਅਪੀਲ ਕਰ ਰਹੇ ਹਨ। ਇਸ ਮੌਕੇ ਜੱਗਾ ਹਿੱਸੋਵਾਲ ਤੇ ਨਵਦੀਪ ਗਰੇਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ। ਵੋਟਾਂ ਸਮੇਂ ਜਿਹੜੇ-ਜਿਹੜੇ ਵਾਅਦੇ ਇਸ ਸਰਕਾਰ ਨੇ ਲੋਕਾਂ ਨਾਲ ਕੀਤੇ ਸਨ, ਉਨ੍ਹਾਂ ਅਜੇ ਤੱਕ ਪੂਰੇ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੋਂ ਸੂਬਾ ਕੰਟਰੋਲ ਨਹੀਂ ਹੋ ਰਿਹਾ, ਜਿਸ ਦਾ ਖਮਿਆਜ਼ਾ ਪੰਜਾਬ ਵਾਸੀ ਭੁਗਤ ਰਹੇ ਹਨ।

## ਭੁਟਾਲ ਖੁਰਦ ਦੇ ਸਕੂਲ 'ਚ ਮਾਪੇ ਅਧਿਆਪਕ ਮਿਲਣੀ ਕਰਾਈ



**ਮੂਨਕ (ਰਾਜਪਾਲ ਸਿੰਗਲਾ)**-ਸਰਕਾਰੀ ਹਾਈ ਸਕੂਲ ਭੁਟਾਲ ਖੁਰਦ ਵਿਖੇ ਮਾਪੇ ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ। ਬਹੁਤ ਸਾਰੇ ਮਾਪਿਆਂ ਨੇ ਇਸ ਮਿਲਣੀ ਵਿੱਚ ਸ਼ਿਰਕਤ ਕੀਤੀ। ਬੱਚਿਆਂ ਦਾ ਰਿਜਲਟ ਦੱਸਿਆ ਗਿਆ ਤੇ ਪਹਿਲਾ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਸਕੂਲ ਦੇ ਹੈਡਮਾਸਟਰ ਪ੍ਰਸ਼ੋਤਮ ਸਿੰਘ ਨੇ ਮਾਪਿਆਂ ਨੂੰ ਮਿਸ਼ਨ ਸਮਰੱਥ, ਮਿਸ਼ਨ 100 ਪ੍ਰਤੀਸ਼ਤ, ਬੱਚਿਆਂ ਦੀ ਹਾਜ਼ਰੀ ਅਤੇ ਬੱਚਿਆਂ ਦੀ ਪੜ੍ਹਾਈ ਵਿੱਚ ਮਾਪਿਆਂ ਦੇ ਯੋਗਦਾਨ ਬਾਰੇ ਚਰਚਾ ਕੀਤੀ। ਮਾਸਟਰ ਗੁਲਜ਼ਾਰ ਸਿੰਘ ਨੇ ਬੱਚਿਆਂ ਦੀ ਪੜ੍ਹਾਈ, ਬੱਚਿਆਂ ਨੂੰ ਪੜ੍ਹਾਈ ਦੌਰਾਨ ਆਉਣ ਵਾਲੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਚਰਚਾ ਕੀਤੀ ਅਤੇ ਬੱਚਿਆਂ ਦਾ ਰਿਜਲਟ ਦੱਸਿਆ। ਲਾਇਬ੍ਰੇਰੀ ਇੰਚਾਰਜ ਮੈਡਮ ਆਸ਼ਾ ਜੀ ਨੇ ਇਸ ਮੌਕੇ ਬੱਚਿਆਂ ਨੂੰ ਕਿਤਾਬਾਂ ਨਾਲ ਜੋੜਨ ਲਈ ਲਾਇਬ੍ਰੇਰੀ ਲੰਗਰ ਲਾਇਆ। ਸਮੂਹ ਸਟਾਫ ਵੱਲੋਂ ਮਾਪਿਆਂ ਦਾ ਸਵਾਗਤ ਕੀਤਾ ਅਤੇ ਬੱਚਿਆਂ ਦੇ ਰਿਜਲਟ ਬਾਰੇ ਜਾਣਕਾਰੀ ਦਿੱਤੀ। ਇਨਾਮ ਵੰਡਣ ਦੀ ਰਸਮ ਐਸ ਐਮ ਸੀ ਚੇਅਰਪਰਸਨ ਵੀਰਪਾਲ ਕੌਰ, ਮੈਂਬਰ ਸਾਹਿਬਾਨ ਤੇ ਮਾਪਿਆਂ ਨੇ ਕੀਤੀ। ਮਾਪਿਆਂ ਨੇ ਪੜ੍ਹਾਈ ਸੰਬੰਧੀ ਸੰਤੁਸ਼ਟੀ ਜ਼ਾਹਰ ਕੀਤੀ। ਸ੍ਰੀ ਹਨਦੀਪ ਸਿੰਘ ਨੇ ਚਾਹ ਤੇ ਪਕੌੜਿਆਂ ਦਾ ਪ੍ਰਬੰਧ ਕੀਤਾ। ਸਕੂਲ ਹੈਡਮਾਸਟਰ ਪਰਸੋਤਮ ਸਿੰਘ ਵੱਲੋਂ ਮੀਟਿੰਗ ਵਿੱਚ ਆਈ ਸਮੂਹ ਪੰਚਾਇਤ ਮੈਂਬਰ, ਬੱਚਿਆਂ ਦੇ ਮਾਤਾ-ਪਿਤਾ ਅਤੇ ਐਸ ਐਮ ਸੀ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰੀ ਰਮੇਸ਼ ਕੁਮਾਰ, ਸ੍ਰੀ ਮੇਜਰ ਸਿੰਘ, ਸ੍ਰੀ ਗੁਰਜੰਟ ਸਿੰਘ ਤੇ ਸਮੂਹ ਸਟਾਫ ਹਾਜ਼ਰ ਰਹੇ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਧਾਰਮਿਕ ਸਮਾਗਮ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਵਿਖੇ ਗਰੀਨ ਕਲੱਬ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਰੱਖੇ ਗਏ ਸਾਹਿਜ ਪਾਠਾਂ ਦੇ ਭੋਗ ਪਾਏ। ਇਸ ਮੌਕੇ ਕਰਾਏ ਧਾਰਮਿਕ ਸਮਾਗਮ ਵਿੱਚ ਭਾਈ ਜਸਵਿੰਦਰ ਸਿੰਘ ਹਜ਼ੂਰੀ ਰਾਗੀ ਤੇ ਭਾਈ ਚਰਨਜੀਤ ਸਿੰਘ ਚੰਨੀ ਕੋਟਕਪੂਰਾ ਵਾਲਿਆਂ ਵੱਲੋਂ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਬਾਣੀ ਕਥਾ ਵਿਚਾਰ ਦੌਰਾਨ ਭਾਈ ਰਣਜੀਤ ਸਿੰਘ ਖਾਲਸਾ ਵਾੜਾ ਦਰਾਕਾ ਵਾਲਿਆਂ ਨੇ ਹਿੰਦ ਦੀ ਚਾਦਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਭੁਪਿੰਦਰ ਸਿੰਘ ਸਾਬਕਾ ਚੇਅਰਮੈਨ ਨੇ ਗੋ ਗਰੀਨ ਕਲੱਬ ਦੇ ਕੀਤੇ ਗਏ ਕੰਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਗੁਰੂ ਸਾਹਿਬ ਦੇ ਦੱਸੇ ਗਏ ਮਾਰਗ ਤੇ ਚਲਣ ਲਈ ਸੰਗਤ ਨੂੰ ਪ੍ਰੇਰਤ ਕੀਤਾ। ਇਸ ਮੌਕੇ ਬਲਬੀਰ ਸਿੰਘ ਮੁੱਖ ਸੇਵਾਦਾਰ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਬੜੀ ਸਰਧਾ ਨਾਲ ਸ਼ਾਮਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅੱਗੇ ਨਤਮਸਤਕ ਹੋਏ ਅਤੇ ਗੁਰੂ ਦਾ ਅਤੁੱਟ ਲੰਗਰ ਛਕਿਆ। ਇਸ ਮੌਕੇ ਬਾਬਾ ਕਲਿਆਣ ਦਾਸ ਵਿਵੇਕ ਆਸ਼ਰਮ ਗਿੱਦੜਬਾਹਾ ਤੇ ਪ੍ਰਬੰਧਕਾਂ ਵੱਲੋਂ ਸੇਵਾਦਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ।

## ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਹੋਈ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਬਲਾਕ ਮਾਨਸਾ ਦੀ ਇਕੱਤਰਤਾ ਬਲਾਕ ਪ੍ਰਧਾਨ ਮਹਿੰਦਰ ਸਿੰਘ ਖਿਆਲਾ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਤੀਰ ਸਰ ਸਾਹਿਬ ਖਿਆਲਾ ਵਿਖੇ ਹੋਈ। ਇਸ ਮੌਕੇ ਅੰਤ੍ਰਿੰਗ ਕਮੇਟੀ ਪੰਜਾਬ ਦੇ ਚੇਅਰਮੈਨ ਕੁਲਦੀਪ ਸਿੰਘ ਚੱਕ ਭਾਈਕੇ ਤੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਗਾਗੋਵਾਲ ਨੇ ਸ਼ਮੂਲੀਅਤ ਕੀਤੀ। ਮਲਕੀਤ ਸਿੰਘ ਗਾਗੋਵਾਲ ਸਕੱਤਰ ਜਨਰਲ ਬਲਾਕ ਮਾਨਸਾ ਨੇ ਦੱਸਿਆ ਕਿ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਤੋਂ ਕਿਸਾਨੀ ਮੰਗਾਂ ਮਨਵਾਉਣ ਲਈ ਜਥੇਬੰਦੀ ਦੇ ਜਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਵਾਸਤੇ ਕਿਸਾਨਾਂ ਨੂੰ ਲਾਮਬੰਦ ਕਰਕੇ ਪਿੰਡਾਂ ਅੰਦਰ ਮੀਟਿੰਗਾਂ ਕਰਕੇ ਨਵੀਆਂ ਕਮੇਟੀਆਂ ਬਣਾਉਣ ਤੇ ਪੁਰਾਣੀਆਂ ਕਮੇਟੀਆਂ ਦਾ ਪੁਨਰਗਠਨ ਕਰਨ ਲਈ ਰੂਪ-ਰੇਖਾ ਉਲੀਕੀ ਗਈ। ਇਸ ਸਮੇਂ ਪਿੰਡ ਖਿਆਲਾ ਤੋਂ ਨੈਬ ਸਿੰਘ ਖਿਆਲਾ ਵੱਲੋਂ ਸਾਥੀਆਂ ਸਮੇਤ ਵੱਖ-ਵੱਖ ਜਥੇਬੰਦੀਆਂ ਨੂੰ ਅਲਵਿਦਾ ਆਖ ਕੇ ਕਾਦੀਆਂ ਜਥੇਬੰਦੀ 'ਚ ਸ਼ਮੂਲੀਅਤ ਕੀਤੀ। ਬਲਾਕ ਖ਼ਜ਼ਾਨਚੀ ਜਗਜੀਤ ਸਿੰਘ ਖਿਆਲਾ ਨੇ ਇਨ੍ਹਾਂ ਨੂੰ ਜਥੇਬੰਦੀ ਅੰਦਰ ਬਣਦਾ ਮਾਣ-ਸਤਿਕਾਰ ਦੇਣ ਦਾ ਭਰੋਸਾ ਦਿੱਤਾ। ਮੀਟਿੰਗ ਦੌਰਾਨ ਮਹਿੰਦਰ ਸਿੰਘ ਦਲੇਲ ਸਿੰਘ ਵਾਲਾ, ਅਵੀ ਮੌੜ, ਜਗਰੂਪ ਸਿੰਘ ਦਲੇਲ ਸਿੰਘ ਵਾਲਾ, ਜੁਗਿੰਦਰ ਸਿੰਘ ਤੇ ਬਿੰਦਰ ਸਿੰਘ ਮੂਸਾ, ਜਸਵੰਤ ਸਿੰਘ ਗਾਗੋਵਾਲ, ਸਰਦੂਲ ਸਿੰਘ, ਗੁਰਚਰਨ ਸਿੰਘ, ਹਰਬੰਸ ਸਿੰਘ ਤੇ ਹਰਵਿੰਦਰ ਸਿੰਘ ਖਿਆਲਾ ਨੇ ਵੀ ਵਿਚਾਰ ਸਾਂਝੇ ਕੀਤੇ।

# ਅਧਿਆਪਕ ਦਾ ਰੁਤਬਾ ਬਹਾਲ ਕਰਨ ਤੇ ਗੁਣਾਤਮਕ ਸਿੱਖਿਆ ਦੇ ਮੌਕੇ ਪੈਦਾ ਕਰਨ ਦੀ ਮੰਗ



**ਲੁਧਿਆਣਾ (ਐਮ.ਐਸ.ਭਾਟੀਆ)**

ਗੌਰਮਿੰਟ ਸਕੂਲ ਟੀਚਰਜ ਯੂਨੀਅਨ ਪੰਜਾਬ ਵੱਲੋਂ ਲੋਕ ਵਿਰੋਧੀ ਨਵੀਂ ਸਿੱਖਿਆ ਨੀਤੀ 2020 ਵਿੱਚ ਅਧਿਆਪਕ ਦਾ ਰੁਤਬਾ ਬਹਾਲ ਕਰਨ 'ਤੇ ਗੁਣਾਤਮਕ ਸਿੱਖਿਆ ਦੇ ਮੌਕੇ ਪੈਦਾ ਕਰਨ ਦੇ ਵਿਸ਼ੇ ਸਬੰਧੀ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ ਦੀ ਪ੍ਰਧਾਨਗੀ ਹੇਠ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿੱਚ ਵਿਚਾਰ ਚਰਚਾ ਕੀਤੀ ਗਈ ਤੇ ਇਕੱਤਰਤਾ ਵਿੱਚ ਜਥੇਬੰਦੀ ਦੇ ਸਾਬਕਾ ਅਧਿਆਪਕ ਆਗੂ ਮਹਿੰਦਰ ਸਿੰਘ ਧਾਲੀਵਾਲ ਦੀ ਧਰਮ ਪਤਨੀ ਬੀਬੀ ਚਰਨਜੀਤ ਕੌਰ ਦੀ ਮੌਤ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਜਥੇਬੰਦੀ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਕੁਮਾਰ ਲੁਧਿਆਣਾ, ਮੀਤ ਪ੍ਰਧਾਨ ਸੰਜੀਵ ਸ਼ਰਮਾ, ਬੂਟਾ ਸਿੰਘ ਭੱਟੀ, ਬਲਬੀਰ ਸਿੰਘ ਰਾਮੂਵਾਲ, ਮਨਦੀਪ ਸਿੰਘ ਥਿੰਦ, ਜਿੰਦਰ ਪਾਇਲਟ, ਅੰਮ੍ਰਿਤਪਾਲ ਸਿੰਘ ਬਾਕੀਪੁਰ, ਜ਼ਿਲ੍ਹਾ ਪ੍ਰਧਾਨ ਪਰਮਿੰਦਰ ਪਾਲ ਸਿੰਘ ਕਾਲੀਆ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਨੇ ਕਿਹਾ ਕਿ ਭਾਰਤ ਵਿੱਚ 1990-91 ਤੋਂ ਆਈਆਂ ਨਵਉਦਾਰਵਾਦੀ ਆਰਥਿਕ ਨੀਤੀਆਂ ਨੇ ਅਧਿਆਪਨ ਕਿੱਤੇ, ਅਧਿਆਪਕ ਦੇ ਰੁਤਬੇ ਤੇ ਅਧਿਆਪਕਾਂ ਦੀਆਂ ਸੇਵਾ ਹਾਲਤਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਇਨ੍ਹਾਂ ਉਦਾਰਵਾਦੀ ਨੀਤੀਆਂ ਕਾਰਨ ਹੀ ਅਧਿਆਪਕਾਂ ਦੀਆਂ ਨਿਯੁਕਤੀਆਂ ਠੇਕੇ 'ਤੇ ਹੋਣ ਲੱਗੀਆਂ ਹਨ ਤੇ ਪਿਛਲੇ ਕਈ ਸਾਲਾਂ ਤੋਂ ਠੇਕੇ 'ਤੇ ਕੰਮ ਕਰਦੇ ਹਨ। ਇਨ੍ਹਾਂ ਅਧਿਆਪਕਾਂ ਨੂੰ ਕਈ ਗੁਣਾ ਘੱਟ ਉਜਰਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸਿੱਖਿਆ ਪ੍ਰੋਵਾਈਡਰ, ਸਿੱਖਿਆ ਵਾਲੰਟੀਅਰ ਵਰਗੇ ਨਵੇਂ-ਨਵੇਂ ਨਾਂਅ ਦੇ ਕੇ ਰੈਗੂਲਰ ਕਰਨ ਦੀ ਬਜਾਏ ਬੱਝਵੀਂ ਤਨਖ਼ਾਹ ਤੇ 58 ਸਾਲ ਦੀ ਉਮਰ ਤੱਕ ਪੱਕੇ ਤੌਰ 'ਤੇ ਠੇਕੇ ਉੱਤੇ ਕਰਨ ਨਾਲ ਅਧਿਆਪਕ ਦੇ ਸਨਮਾਨ 'ਤੇ ਸੱਟ ਮਾਰੀ ਗਈ ਹੈ ਤੇ ਅਧਿਆਪਕ ਦਾ ਰੁਤਬਾ ਵੀ ਖੋਹ ਲਿਆ ਗਿਆ ਹੈ। ਜਥੇਬੰਦੀ ਦੇ ਆਗੂਆਂ ਜਗਮੇਲ ਸਿੰਘ ਪੱਖੋਵਾਲ, ਜਰਨੈਲ ਸਿੰਘ, ਜਗਮੋਹਣ ਸਿੰਘ ਚੌਂਤਾ, ਜਸਪਾਲ ਸੰਧੂ, ਅਮਨਦੀਪ ਸਿੰਘ ਬੁਡਲਾਡਾ, ਮਨੀਸ਼ ਸ਼ਰਮਾ, ਨਰਿੰਦਰਪਾਲ ਸਿੰਘ ਬੁਰਜ ਲਿਟਾਂ, ਹਰੀਦੇਵ, ਬਲਵੀਰ ਸਿੰਘ ਕੰਗ, ਮਨਦੀਪ ਕੁਮਾਰ ਰੋਪੜ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਠੇਕਾ ਆਧਾਰ 'ਤੇ ਕੰਮ ਕਰਦੇ ਤੇ ਸਮੂਹ ਕੱਚੇ ਅਧਿਆਪਕਾਂ ਨੂੰ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ। ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ। ਐੱਨ.ਐੱਸ. ਕਿਊ.ਐੱਫ. ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਾਮਲ ਕੀਤਾ ਜਾਵੇ। 'ਨਵੀਂ ਸਿੱਖਿਆ ਨੀਤੀ 2020' ਤੇ ਪੰਜਾਬ ਸਰਕਾਰ ਦੀ 'ਸਕੂਲ ਆਫ਼ ਐਮੀਨੈਂਸ ਨੀਤੀ' ਰੱਦ ਕਰਕੇ 1968 ਦੀ ਸਿੱਖਿਆ ਨੀਤੀ ਤੇ ਹੋਰ ਸਾਰਥਿਕ ਵਾਧੇ ਕਰਕੇ ਅਜਿਹੀ ਨੀਤੀ ਬਣਾਈ ਜਾਵੇ ਤਾਂ ਜੁ ਹਰ ਬੱਚੇ ਲਈ ਇਕਸਾਰ ਤੇ ਗੁਣਾਤਮਕ ਸਿੱਖਿਆ ਦਾ ਪ੍ਰਬੰਧ ਹੋ ਸਕੇ ਤੇ ਹਰ ਪੱਧਰ 'ਤੇ ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਖਤਮ ਹੋ ਸਕੇ।

## ਪੁਲਸ ਵਿਭਾਗ ਵੱਲੋਂ ਹਰਾਜ 'ਚ ਨਸ਼ਿਆਂ ਵਿਰੋਧੀ ਜਾਗਰੂਕਤਾ ਸੈਮੀਨਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਸੂਬੇ ਅੰਦਰ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਪੁਲਸ ਵਿਭਾਗ ਵੱਲੋਂ ਪਿੰਡ ਹਰਾਜ ਵਿਖੇ ਨਸ਼ਿਆਂ ਵਿਰੁੱਧ ਸੈਮੀਨਾਰ ਲਾਇਆ ਗਿਆ। ਇਸ ਮੌਕੇ ਸਤਨਾਮ ਸਿੰਘ ਡੀ.ਐੱਸ.ਪੀ. ਸ ਡ (ਮੁਕਤਸਰ ਸਾਹਿਬ), ਇੰਸਪੈਕਟਰ ਰਣਜੀਤ ਸਿੰਘ ਮੁੱਖ ਅਫਸਰ ਥਾਣਾ ਬਰੀਵਾਲਾ, ਪਿੰਡ ਕੋਟਲੀ ਸੰਘਰ, ਪਿੰਡ ਬਰੀਵਾਲਾ, ਪਿੰਡ ਝਬੇਲਵਾਲੀ, ਪਿੰਡ ਵੜਿੰਗ, ਪਿੰਡ ਸਰਾਏਨਾਗਾ, ਪਿੰਡ ਖੋਖਰ ਤੇ ਪਿੰਡ ਹਰਾਜ ਦੇ ਸਮੂਹ ਪੰਚਾਇਤ ਮੈਂਬਰ, ਨਗਰ ਨਿਵਾਸੀ ਤੇ ਸਕੂਲੀ ਵਿਦਿਆਰਥੀ ਮੌਜੂਦ ਸਨ। ਇਸ ਮੌਕੇ ਏ.ਐੱਸ.ਆਈ. ਗੁਰਜੰਟ ਸਿੰਘ ਵੱਲੋਂ ਸਟੇਜ ਸੈਕਟਰੀ ਵਜੋਂ ਡਿਊਟੀ ਨਿਭਾਈ ਗਈ ਤੇ ਅਵੇਅਰਨੈੱਸ ਟੀਮ ਦੇ ਏ.ਐੱਸ.ਆਈ. ਹਰਮਿੰਦਰ ਸਿੰਘ ਨੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਅਤੇ ਏ.ਐੱਸ.ਆਈ. ਨਾਇਬ ਸਿੰਘ ਨੇ ਨਸ਼ਿਆਂ ਖਿਲਾਫ ਗੀਤ ਗਾ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।

ਡੀ.ਐੱਸ.ਪੀ. ਸਤਨਾਮ ਸਿੰਘ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਜੰਗ ਉਸੇ ਤਰ੍ਹਾਂ ਹੀ ਜਾਰੀ ਰਹੇਗੀ, ਕਿਸੇ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਅਸੀਂ ਤੇ ਸਾਰੀ ਪੁਲਸ ਫੋਰਸ ਤੁਹਾਡੇ ਪਰਿਵਾਰ ਦੇ ਮੈਂਬਰ ਦੀ ਤਰ੍ਹਾਂ ਹੀ ਹਨ, ਜੋ ਨਸ਼ੇ ਦੀ ਜੰਗ ਪੰਜਾਬ ਸਰਕਾਰ ਤੇ ਡੀ.ਜੀ.ਪੀ. ਵੱਲੋਂ ਚਲਾਈ ਗਈ ਹੈ, ਉਸ ਦਾ ਮਕਸਦ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਉਤਸ਼ਾਹਤ ਕਰਨਾ ਹੈ ਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਹੈ। ਉਨ੍ਹਾ ਕਿਹਾ ਕਿ ਲੋਕਾਂ ਦੇ ਸਾਥ ਨਾਲ ਹੀ ਨਸ਼ਿਆਂ ਨੂੰ ਖਤਮ ਕਰ ਸਕਦੇ ਹਾਂ। ਜੇਕਰ ਤੁਹਾਨੂੰ ਲਗਦਾ ਹੈ ਕਿ ਸਾਡਾ ਕੋਈ ਪੁਲਸ ਕ੍ਰਮਚਾਰੀ ਕਿਸੇ ਵੀ ਤਰ੍ਹਾਂ ਦੇ ਨਸ਼ਾ ਤਸਕਰਾਂ ਨਾਲ ਮਿਲਿਆ ਹੈ ਜਾਂ ਤੁਹਾਡੇ ਵੱਲੋਂ ਦਿੱਤੀ ਜਾਣਕਾਰੀ 'ਤੇ ਕਾਰਵਾਈ ਨਹੀਂ ਕਰ ਰਿਹਾ, ਤੁਸੀਂ ਇਸ ਦੀ ਜਾਣਕਾਰੀ ਖੁਦ ਸਾਨੂੰ ਦਫਤਰ ਆ ਕੇ ਜਾਂ ਸਾਡੇ ਮੋਬਾਇਲ 'ਤੇ ਦਿਓ, ਜੇਕਰ ਕੋਈ ਪੁਲਸ ਮੁਲਾਜ਼ਮ ਇਸ ਤਰ੍ਹਾਂ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਸੁਖਦੀਪ ਸਿੰਘ, ਜਸਵਿੰਦਰ ਸਿੰਘ, ਵਿਰਸਾ ਸਿੰਘ, ਕੁਲਦੀਪ ਸਿੰਘ, ਬਲਜਿੰਦਰ ਸਿੰਘ, ਬਲਵਿੰਦਰ ਸਿੰਘ, ਅਮਨਦੀਪ ਸਿੰਘ ਹਾਜ਼ਰ ਸਨ।

# ਵਾਲਮੀਕਿ ਸਭਾ ਵੱਲੋਂ ਨੀਰਾ ਅਗਰਵਾਲ ਤੇ ਮਾਲਵਿਕਾ ਸੂਦ ਸੱਚਰ ਸਨਮਾਨਤ



**ਮੋਗਾ (ਅਮਰਜੀਤ ਬੱਬਰੀ)**

ਵਾਲਮੀਕਿ ਸਭਾ (ਰਜਿ:69) ਮੋਗਾ ਦੇ ਸਰਪ੍ਰਸਤ ਓਮ ਪ੍ਰਕਾਸ਼ ਡੁਲਗਚ, ਸਰਪ੍ਰਸਤ ਹਰਬੰਸ ਲਾਲ ਸਾਗਰ, ਪ੍ਰਧਾਨ ਅਰਜੁਨ ਕੁਮਾਰ, ਵਿੱਕੀ ਬੋਹਤ ਡਿਪਟੀ ਚੇਅਰਮੈਨ, ਹੈੱਡ ਕੈਸ਼ੀਅਰ ਨਰੇਸ਼ ਸਾਰਵਾਨ, ਜੁਆਇੰਟ ਕੈਸ਼ੀਅਰ ਰਾਜੂ ਸਹੋਤਾ, ਸਕੱਤਰ ਵਿਜੇ ਨਿਧਾਨੀਆ, ਵਾਈਸ ਪ੍ਰਧਾਨ ਰਾਜੀਵ ਕੁਮਾਰ ਟਿਕੂ, ਵਾਈਸ ਪ੍ਰਧਾਨ ਰਾਜ ਕੁਮਾਰ ਰਾਜੂ ਸਟੇਸ਼ਨ ਵਾਲਾ, ਵਾਈਸ ਪ੍ਰਧਾਨ ਪਵਨ ਕੁਮਾਰ ਪੰਮੀ ਜੀ ਦੀ ਅਗਵਾਈ 'ਚ ਵਾਲਮੀਕਿ ਮੰਦਰ ਵਾਲਮੀਕਿ ਕਾਲੋਨੀ ਵਾਰਡ ਨੰ: 40 ਮੋਗਾ ਜਿਸ ਵਿੱਚ ਵਿਸ਼ਾਲ ਸਤਿਸੰਗ ਕਰਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਨੀਰਾ ਅਗਰਵਾਲ ਪ੍ਰਧਾਨ, ਪੁਨੀਤ ਅਗਰਵਾਲ ਚੇਅਰਮੈਨ ਇੱਕ ਅਨੋਖੀ ਪਹਿਲ ਮੁਸਕੁਰਾਤ ਸੇਵਾ ਟਰੱਸਟ ਮੋਗਾ, ਮਾਲਵਿਕਾ ਸੂਦ ਸੱਚਰ ਹਲਕਾ ਇੰਚਾਰਜ ਕਾਂਗਰਸ ਪਾਰਟੀ ਵਿਧਾਨ ਸਭਾ ਮੋਗਾ, ਸੁਮਨ ਖੈਰਲੀਆ ਚੀਫ਼ ਸੈਨੇਟਰੀ ਇਸਪੈਕਟਰ ਨਗਰ ਨਿਗਮ ਮੋਗਾ, ਕੁਲਵੰਤ ਰਾਏ ਬੋਹਤ ਪੰਜਾਬ ਪ੍ਰਧਾਨ ਅਖਿਲ ਭਾਰਤੀਯ ਮਜ਼ਦੂਰ ਸੰਗਠਨ, ਸੂਰਜ ਜਾਦੂ ਜ਼ਿਲ੍ਹਾ ਪ੍ਰਧਾਨ ਭਾਰਤੀ ਵਾਲਮੀਕਿ ਧਰਮ ਸਮਾਜ ਭਾਵਾਧਸ ਮੋਗਾ ਮੁੱਖ ਮਹਿਮਾਨ ਵਜੋਂ ਪਹੁੰਚੇ, ਜਿਨ੍ਹਾਂ ਨੇ ਭਗਵਾਨ ਵਾਲਮੀਕਿ ਜੀ ਦੇ ਮੰਦਰ ਵਿੱਚ ਮੱਥਾ ਟੇਕ ਕੇ ਅਸ਼ੀਰਵਾਦ ਪ੍ਰਾਪਤ ਕੀਤਾ ਤੇ ਇਹ ਭਜਨ ਸਰਵ ਧਰਮ ਸਤਿਸੰਗ ਮੰਡਲ ਮੋਗਾ ਦੇ ਸਰਪ੍ਰਸਤ ਵਿਦਿਆ ਦੇਵੀ ਜੀ ਦੀ ਟੀਮ, ਮਹੰਤ ਖੇਮਚੰਦ ਜੀ ਦੀ ਟੀਮ ਤੇ ਮਹਿਲਾ ਸਤਿਸੰਗ ਮੋਗਾ ਦੋਹਾਂ ਨੇ ਰਲ ਕੇ ਭਗਵਾਨ ਵਾਲਮੀਕਿ ਜੀ ਦੇ ਮਨੋਹਰ ਭਜਨ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਅੰਤ ਵਿੱਚ ਪ੍ਰਧਾਨ ਨੀਰਾ ਅਗਰਵਾਲ ਤੇ ਚੇਅਰਮੈਨ ਪੁਨੀਤ ਅਗਰਵਾਲ ਨੇ ਇੱਕ ਅਨੋਖੀ ਪਹਿਲ ਮੁਸਕੁਰਾਹਟ ਸੇਵਾ ਟਰੱਸਟ ਮੋਗਾ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਨੇ ਹਜ਼ਾਰਾਂ ਸਾਲ ਪਹਿਲਾਂ ਰਮਾਇਣ ਦੀ ਰਚਨਾ ਕੀਤੀ ਸੀ ਅਤੇ ਲਵ ਕੁਸ਼ ਨੇ ਉਨ੍ਹਾਂ ਦੀ ਕੁਟੀਆ ਵਿੱਚ ਪੜ੍ਹ ਕੇ ਚੰਗੇ ਸੰਸਕਾਰ ਪ੍ਰਾਪਤ ਕੀਤੇ।ਮਾਲਵਿਕਾ ਸੂਦ ਸੱਚਰ ਹਲਕਾ ਇੰਚਾਰਜ ਕਾਂਗਰਸ ਪਾਰਟੀ ਵਿਧਾਨ ਸਭਾ ਮੋਗਾ ਨੇ ਕਿਹਾ ਕਿ ਸਾਨੂੰ ਆਪਣੇ ਗੁਰੂ ਦਾ ਪ੍ਰਕਾਸ਼ ਦਿਹਾੜਾ ਮਨਾਉਣਾ ਚਾਹੀਦਾ ਹੈ, ਕਿਉਂਕਿ ਇਸ ਬਹਾਨੇ ਆਪਸੀ ਭਾਈਚਾਰਾ ਵਿੱਚ ਸਾਂਝ ਬਣੀ ਰਹੀਦੀ ਹੈ।ਭਗਵਾਨ ਵਾਲਮੀਕਿ ਜੀ ਦੇ ਮੰਦਰ ਵਿੱਚ ਇੱਕ ਵਿਸ਼ਾਲ ਸਤਿਸੰਗ ਦਾ ਆਯੋਜਨ ਕੀਤਾ ਗਿਆ ਹੈ।ਇਹ ਇਕ ਸ਼ਲਾਘਾਯੋਗ ਕੰਮ ਹੈ ।ਅੰਤ ਵਿੱਚ ਅਰਜੁਨ ਕੁਮਾਰ ਜ਼ਿਲ੍ਹਾ ਪ੍ਰਧਾਨ ਵਾਲਮੀਕਿ ਸਭਾ ਮੋਗਾ ਅਤੇ ਪੂਰੀ ਟੀਮ ਵੱਲੋਂ ਵਿਸ਼ਾਲ ਸਤਿਸੰਗ ਕੀਤਾ ਗਿਆ।ਮੁੱਖ ਮਹਿਮਾਨਾਂ ਨੂੰ ਭਗਵਾਨ ਵਾਲਮੀਕਿ ਜੀ ਦਾ ਸਰੂਪ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

## ਆਰੀਆ ਸਮਾਜ ਮੰਦਰ ਸਰਹਿੰਦ 'ਚ ਵਾਟਰ ਕੂਲਰ ਲਵਾਇਆ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਰੀਆ ਸਮਾਜ ਮੰਦਰ ਸਰਹਿੰਦ ਵਿਖੇ ਰਜੇਸ਼ ਉੱਪਲ ਦੇ ਪਰਵਾਰ ਵੱਲੋਂ ਵਾਟਰ ਕੂਲਰ ਲਵਾਇਆ ਗਿਆ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਵੀ ਹਾਜ਼ਰ ਸਨ। ਰਜੇਸ਼ ਕੁਮਾਰ ਉੱਪਲ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਸਾਰਥਿਕ ਉੱਪਲ ਦਾ ਜਨਮਦਿਨ ਸੀ, ਜਿਸ ਕਾਰਨ ਉਨ੍ਹਾਂ ਵੱਲੋਂ ਆਰਿਆ ਸਮਾਜ ਮੰਦਰ ਵਿਖੇ ਵਾਟਰ ਕੂਲਰ ਲਗਾਇਆ ਗਿਆ ਹੈ ਅਤੇ ਸਮਾਜਿਕ ਬਾਥਰੂਮਾਂ ਦੇ ਲਈ ਸਮਾਨ ਮੁਹੱਈਆ ਕਰਾਇਆ ਗਿਆ ਹੈ। ਪਰਿਵਾਰ ਵੱਲੋਂ ਸਤਿਸੰਗ ਕਰਕੇ ਹੀ ਜਨਮਦਿਨ ਨੂੰ ਸਾਦੇ ਢੰਗ ਨਾਲ ਮਨਾਇਆ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਲਾਲ ਉੱਪਲ, ਪਵੇਲ ਕੁਮਾਰ ਹਾਂਡਾ, ਲਵ ਕੁਮਾਰ ਸੂਦ ਪ੍ਰਧਾਨ ਆਰੀਆ ਸਮਾਜ ਮੰਦਰ, ਉਪ ਪ੍ਰਧਾਨ ਅਮਰਜੀਤ, ਨੀਰਜ ਸੂਦ, ਅਤੁਲ ਸੂਦ ਕੈਸ਼ੀਅਰ, ਦਿਆਨੰਦ ਸਕੂਲ ਦੇ ਪ੍ਰਧਾਨ ਬਲਰਾਜ ਸੂਦ, ਉਪ ਪ੍ਰਧਾਨ ਰਜਨੀਸ਼ ਸੂਦ, ਰਕੇਸ਼ ਸੂਦ ਮੈਨੇਜਰ, ਕਾਮਨੀ ਧੀਰ ਪ੍ਰਿੰਸੀਪਲ, ਰਜੇਸ਼ ਢੰਡ, ਸਾਧੂ ਰਾਮ ਭੱਟਮਾਜਰਾ ਤੇ ਡਾ. ਦਿਨੇਸ਼ ਉਬਰਾਏ ਆਦਿ ਹਾਜ਼ਰ ਸਨ।

# ਕਰਮਜੀਤ ਸਿੰਘ ਸੰਧੂ ਬਾਰ ਐਸੋਸੀਏਸ਼ਨ ਦੇ ਤੀਜੀ ਵਾਰ ਪ੍ਰਧਾਨ ਬਣੇ



**ਜਲਾਲਾਬਾਦ (ਜੀਤ ਕੁਮਾਰ)**

ਬਾਰ ਐਸੋਸੀਏਸ਼ਨ ਦੀਆਂ ਸੰਪੰਨ ਹੋਈਆਂ ਸਾਲ 2024 ਚੋਣਾਂ ਦੌਰਾਨ ਐਡਵੋਕੇਟ ਕਰਮਜੀਤ ਸਿੰਘ ਸੰਧੂ ਨੇ ਐਡਵੋਕੇਟ ਜੀ. ਕੇ. ਜਿੰਦਲ ਨੂੰ 34 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਲਗਾਤਾਰ ਤੀਜੀ ਵਾਰ ਜਿੱਤ ਪ੍ਰਾਪਤ ਕੀਤੀ ਹੈ। ਬਾਰ ਐਸੋਸੀਏਸ਼ਨ ਦੀਆਂ ਕੁੱਲ 208 ਵੋਟਾਂ ਵਿਚੋਂ 200 ਵੋਟਾਂ ਪੋਲ ਹੋਈਆਂ, ਜਿਸ ਵਿੱਚ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਹੁਦੇ ਲਈ ਕਰਮਜੀਤ ਸਿੰਘ ਸੰਧੂ ਨੂੰ 117 ਵੋਟਾਂ ਤੇ ਜੀ.ਕੀ. ਜਿੰਦਲ ਨੂੰ 83 ਵੋਟਾਂ ਪਈਆਂ ਅਤੇ ਕਰਮਜੀਤ ਸਿੰਘ ਸੰਧੂ 34 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਹੈ। ਵਾਇਸ ਪ੍ਰਧਾਨ ਅਹੁਦੇ ਲਈ ਉਮੀਦਵਾਰ ਰਮੇਸ਼ ਮੁਜਾਲ ਨੂੰ 131 ਵੋਟਾਂ ਤੇ ਸ਼ਾਮ ਲਾਲ ਹਾਂਡਾ ਨੂੰ 68 ਵੋਟਾਂ ਪਈਆਂ, ਜਦਕਿ ਇਕ ਵੋਟ ਕੈਂਸਲ ਹੋ ਗਈ ਅਤੇ ਰਮੇਸ਼ ਮੁਜਾਲ 62 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ। ਸੈਕਟਰੀ ਅਹੁਦੇ ਲਈ ਉਮੀਦਵਾਰ ਕੁਲਵੰਤ ਸਿੰਘ ਮੁਜੈਦੀਆਂ ਨੂੰ 111 ਵੋਟਾਂ ਤੇ ਕਰਿਸ਼ ਇੱਛਪੁਜਾਨੀ ਨੂੰ 89 ਵੋਟਾਂ ਪਈਆਂ। ਕੁਲਵੰਤ ਸਿੰਘ ਮੁਜੈਦੀਆ ਨੇ 22 ਵੋਟਾਂ ਦੇ ਫ਼ਰਕ ਨਾਲ ਜਿੱਤ ਪ੍ਰਾਪਤ ਕੀਤੀ। ਜੁਆਇੰਟ ਸੈਕਟਰੀ ਦੇ ਅਹੁਦੇ ਦੇ ਉਮੀਦਵਾਰ ਅਮਨ ਹਾਂਡਾ ਨੂੰ 113 ਵੋਟਾਂ, ਸੰਦੀਪ ਝਾਂਬ 86 ਵੋਟਾਂ ਤੇ 1 ਵੋਟ ਰੱਦ ਗਈ। ਅਮਨ ਹਾਂਡਾ ਜੁਆਇੰਟ ਸੈਕਟਰੀ 27 ਵੋਟਾਂ ਦੇ ਫ਼ਰਕ ਨਾਲ ਚੁਣੇ ਗਏ। ਕੈਸ਼ੀਅਰ ਅਹੁਦੇ ਲਈ ਸ਼ਾਸ਼ਵੰਤ ਛਾਬੜਾ ਨੂੰ 111 ਵੋਟਾਂ ਤੇ ਸੰਦੀਪ ਕੰਬੋਜ ਨੂੰ 89 ਪਈਆਂ। ਸ਼ਾਸ਼ਵੰਤ ਛਾਬੜਾ 22 ਵੋਟਾਂ ਦੀ ਲੀਡ ਨਾਲ ਕੈਸ਼ੀਅਰ ਚੁਣੇ ਗਏ। ਬਾਰ ਐਸੋਸੀਏਸ਼ਨ ਜਲਾਲਾਬਾਦ ਦੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਸਾਰੇ ਬਾਰ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਦੇ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਤੀਜੀ ਵਾਰ ਬਣੇ ਪ੍ਰਧਾਨ ਕਰਮਜੀਤ ਸਿੰਘ ਸੰਧੂ ਨੇ ਕਿਹਾ ਕਿ ਵਕੀਲ ਦੀ ਵੋਟ ਪਿਆਰ ਤੇ ਸਤਿਕਾਰ ਦੀ ਹੁੰਦੀ ਹੈ, ਜੋ ਸਾਨੂੰ ਮਿਲੀ ਹੈ।

# ਐਡਵੋਕੇਟ ਗਿਆਨ ਸਿੰਘ ਮੂੰਗੋ ਬਣੇ 23ਵੀਂ ਵਾਰ ਬਾਰ ਐਸੋਸੀਏਸ਼ਨ ਦੇ ਪ੍ਰਧਾਨ



**ਨਾਭਾ (ਵਰਿੰਦਰ ਵਰਮਾ)**-ਬਾਰ ਐਸੋਸੀਏਸ਼ਨ ਦੀਆਂ ਚੋਣਾਂ ਜੁਡੀਸ਼ੀਅਲ ਕੰਪਲੈਕਸ ਸਥਿਤ ਬਾਰ ਰੂਮ ਵਿੱਚ ਕਰਾਈਆਂ ਗਈਆਂ, ਜਿਸ ਵਿੱਚ ਪ੍ਰਧਾਨ ਦੇ ਅਹੁਦੇ ਲਈ ਮੌਜੂਦਾ ਪ੍ਰਧਾਨ ਐਡਵੋਕੇਟ ਗਿਆਨ ਸਿੰਘ ਮੂੰਗੋ ਤੇ ਐਡਵੋਕੇਟ ਜਤਿੰਦਰਪਾਲ ਸਿੰਘ ਵਿਚਕਾਰ ਮੁਕਾਬਲਾ ਸੀ। ਕੁੱਲ 312 ਵੋਟਾਂ ਵਿੱਚੋਂ 286 ਵੋਟਾਂ ਪੋਲ ਹੋਈਆਂ, ਜਿਨ੍ਹਾਂ ਵਿੱਚੋਂ ਐਡਵੋਕੇਟ ਗਿਆਨ ਸਿੰਘ ਮੂੰਗੋ ਨੂੰ 209 ਵੋਟਾਂ ਮਿਲੀਆਂ, ਜਦੋਂਕਿ ਐਡਵੋਕੇਟ ਜਤਿੰਦਰਪਾਲ ਸਿੰਘ ਨੂੰ 77 ਵੋਟਾਂ ਮਿਲੀਆਂ। ਇਸ ਤਰ੍ਹਾਂ ਐਡਵੋਕੇਟ ਗਿਆਨ ਸਿੰਘ ਮੂੰਗੋ ਨੇ 23ਵੀਂ ਵਾਰ ਇਹ ਚੋਣ 132 ਵੋਟਾਂ ਨਾਲ ਜਿੱਤੀ। ਐਡਵੋਕੇਟ ਮੂੰਗੋ ਗਰੁੱਪ ਦੇ ਹੀ ਮੀਤ ਪ੍ਰਧਾਨ ਦੇ ਅਹੁਦੇ ਲਈ ਗੁਰਮੀਤ ਸਿੰਘ ਵੀ ਜੇਤੂ ਰਹੇ। ਇਸੇ ਤਰ੍ਹਾਂ ਸਕੱਤਰ ਦੇ ਅਹੁਦੇ ਲਈ ਹਰਜਿੰਦਰ ਸਿੰਘ, ਸੰਯੁਕਤ ਸਕੱਤਰ ਦੇ ਅਹੁਦੇ ਲਈ ਅਰਸਦੀਪ ਕੌਰ, ਖ਼ਜ਼ਾਨਚੀ ਲਈ ਸਰਬਜੀਤ ਸਿੰਘ ਕਕਰਾਲਾ, ਆਡੀਟਰ ਦੇ ਅਹੁਦੇ ਲਈ ਸਤਨਾਮ ਸਿੰਘ, ਜਦੋਂ ਕਿ ਲਾਇਬ੍ਰੇਰੀਅਨ ਦੇ ਅਹੁਦੇ ਲਈ ਅਸਵਨੀ ਕੁਮਾਰ ਬਿਨਾਂ ਕਿਸੇ ਮੁਕਾਬਲੇ ਦੇ ਜੇਤੂ ਰਹੇ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਐਡਵੋਕੇਟ ਗਿਆਨ ਸਿੰਘ ਮੂੰਗੋ ਨੇ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਾਰਿਆਂ ਨੂੰ ਨਾਲ ਲੈ ਕੇ ਵਕੀਲ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਉਣਗੇ। ਇਸ ਮੌਕੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਐਡਵੋਕੇਟ ਗਿਆਨ ਸਿੰਘ ਮੂੰਗੋ ਨੂੰ 23ਵੀਂ ਵਾਰ ਨੂੰ ਪ੍ਰਧਾਨ ਬਣਨ ਦੀ ਵਧਾਈ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਸਮੁੱਚੀ ਟੀਮ ਜਿੱਤ ਦੀਆਂ ਵਧਾਈਆਂ ਦਿੱਤੀਆਂ।

ਇਸ ਮੌਕੇ ਐਡਵੋਕੇਟ ਮੱਖਣ ਸਿੰਘ, ਐਡਵੋਕੇਟ ਜਸਪਾਲ ਸਿੰਘ, ਐਡਵੋਕੇਟ ਸੁਖਦੀਪ ਸਿੰਘ ਔਲਖ, ਐਡਵੋਕੇਟ ਮੋਹਨ ਲਾਲ ਵਰਮਾ, ਐਡਵੋਕੇਟ ਸ਼ੈਰੀ ਪਾਠਕ, ਐਡਵੋਕੇਟ ਪਰਮਜੀਤ ਵਰਮਾ, ਐਡਵੋਕੇਟ ਗੁਰਿੰਦਰ ਸਿੰਘ ਧਾਲੀਵਾਲ, ਐਡਵੋਕੇਟ ਇੰਦਰਜੀਤ ਸਿੰਘ ਸਾਹਨੀ ਆਦਿ ਵਕੀਲ ਭਾਈਚਾਰਾ ਮੌਜੂਦ ਸੀ।

# ਸਪਰਿੰਗ ਡਿਊ ਪਬਲਿਕ ਸਕੂਲ ਦੇ ਅਧਿਆਪਕ ਬੈੱਸਟ ਟੀਚਰ ਐਵਾਰਡ ਨਾਲ ਸਨਮਾਨਤ



**ਜਗਰਾਉਂ (ਅਮਿਤ ਖੰਨਾ)**

ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਜਿੱਥੇ ਵਿੱਦਿਅਕ ਤੇ ਖੇਡ ਪ੍ਰਜੀਸ਼ਨਾ ਕਰਕੇ ਅਖ਼ਬਾਰਾਂ ਦੀ ਚਰਚਾ ਵਿੱਚ ਰਹਿੰਦਾ ਹੈ, ਉੱਥੇ ਨਾਲ ਹੀ ਇਸ ਸਕੂਲ ਦੇ ਅਧਿਆਪਕ ਵੀ ਆਪਣੀ ਮਿਹਨਤ ਦੇ ਸਦਕਾ ਸਕੂਲ ਦਾ ਨਾਂਅ ਰੌਸ਼ਨ ਕਰ ਰਹੇ ਹਨ। ਪਿਛਲੇ ਦਿਨੀ ਫੈਡਰੈਸ਼ਨ ਆਫ ਆਲ ਪ੍ਰਾਈਵੇਟ ਸਕੂਲ ਐਂਡ ਅਸੈਂਸੀਏਸ਼ਨ ਵੱਲੋਂ ਬੈਸਟ ਟੀਚਰ ਦਾ ਅਵਾਰਡ ਫੰਕਸ਼ਨ ਸਮਾਰੋਹ ਚੰਡੀਗੜ੍ਹ ਯੂਨੀਵਰ ਸਿਟੀ ਘੜੂੰਆਂ ਦੇ ਕੈਂਪਸ ਵਿੱਚ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਵਿੱਚ ਹੋਇਆ, ਜਿਸ ਵਿੱਚ ਸਪਰਿੰਗ ਡਿਊ ਪਬਲਿਕ ਸਕੂਲ, ਨਾਨਕਸਰ ਦੇ ਲਗਾਤਾਰ ਤੀਜੀ ਵਾਰ ਇਸ ਐਵਾਰਡ ਵਿੱਚ ਹਿੱਸਾ ਲੈਂਦਿਆਂ ਸਕੂਲ ਅਧਿਆਪਕ (ਮੈਥਸ ਟੀਚਰ) ਮੈਡਮ ਪਰਮਜੀਤ ਕੌਰ ਵਿਰਦੀ ਬੈਸਟ ਟੀਚਰ ਤੇ (ਫ਼ਿਜ਼ੀਕਲ ਟੀਚਰ) ਕੁਲਜੀਤ ਕੌਰ ਨੂੰ ਬੈਸਟ ਇਨੋਵੇਟਿਵ ਟੀਚਰ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ।

ਸਕੂਲ ਦੀ ਪ੍ਰਬੰਧਕੀ ਕਮੇਟੀ ਵੱਲੋਂ ਫੈਡਰੈਸ਼ਨ ਆਫ ਆਲ ਪ੍ਰਾਈਵੇਟ ਸਕੂਲ ਐਂਡ ਐਸੋਈਏਸ਼ਨ ਦੇ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਉਹਨਾਂ ਦਾ ਇਹ ਕੰਮ ਬਹੁਤ ਚੰਗਾ ਹੈ, ਜਿਸ ਨਾਲ ਅਧਿਆਪਕਾਂ ਦਾ ਉਤਸ਼ਾਹ ਵਧ ਰਿਹਾ ਹੈ। ਇਨ੍ਹਾਂ ਦੋਹਾਂ ਅਧਿਆਪਕਾਂ ਦਾ ਸਕੂਲ ਪਹੁੰਚਣ 'ਤੇ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਅਤੇ ਮੈਨੇਜਰ ਮਨਦੀਪ ਚੌਹਾਨ ਅਤੇ ਸਮੂਹ ਸਟਾਫ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਇਸ ਉਪਲਬਧੀ 'ਤੇ ਦੋਹਾਂ ਅਧਿਆਪਕ ਸਾਹਿਬਾਨ ਨੂੰ ਮੁਬਾਰਕਬਾਦ ਦਿੱਤੀ ਅਤੇ ਧੰਨਵਾਦ ਕਰਦਿਆਂ ਕਿਹਾ ਕਿ ਇੰਨਾਂ ਅਧਿਆਪਕਾਂ ਦੀ ਸਖਤ ਮਿਹਨਤ ਸਦਕਾ ਹੀ ਹਰ ਸਾਲ ਸਕੂਲ ਦੇ ਵਿਦਿਆਰਥੀ ਵਧੀਆ ਪੜ੍ਹਾਈ ਕਰਕੇ ਸਕੂਲ ਦਾ ਨਾਂਅ ਰੌਸ਼ਨ ਕਰਦੇ ਹਨ।

## ਮਾਪੇ-ਅਧਿਆਪਕ ਮਿਲਣੀ ਹੋਈ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਗੇ ਕੇ ਪਿੱਪਲ ਵਿਖੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮਾਪੇ ਅਧਿਆਪਕ ਮਿਲਣੀ (ਮੈਗਾ ਪੀਟੀਐੱਮ) ਸਮਾਗਮ, ਜਿਸ ਵਿੱਚ ਸਕੂਲ ਦੇ ਪ੍ਰਿੰਸੀਪਲ ਸੁਨੀਤਾ ਦੀ ਅਗਵਾਈ ਵਿਚ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਭਰਮੀ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ, ਮਾਪਿਆਂ ਅਤੇ ਪਿੰਡ ਦੇ ਪਤਵੰਤੇ ਸਕੂਲ ਆਉਣ 'ਤੇ ਸੀਨੀਅਰ ਲੈਕਚਰਾਰ ਨਵਕਿਰਨਦੀਪ ਤੇ ਸਮੁੱਚੇ ਸਟਾਫ ਨੇ ਨਿੱਘਾ ਸਵਾਗਤ ਕੀਤਾ। ਮਾਪਿਆਂ ਅਤੇ ਵਿਦਿਆਰਥੀਆਂ ਨੂੰ ਮਿਸ਼ਨ ਸਮਰੱਥ, 100 ਪ੍ਰਤੀਸ਼ਤ ਨਤੀਜੇ ਦੀ ਪ੍ਰਤੀਬੱਧਤਾ, ਸਕੂਲ ਵਿਚ ਚੱਲ ਰਹੇ ਈ. ਕੰਟੈਂਟ, ਐਜੂਸੈਟ ਰਾਹੀਂ ਸਿੱਖਿਆ, ਵੱਖ ਵੱਖ ਪ੍ਰਯੋਗਸ਼ਾਲਾਵਾਂ, ਸਾਇੰਸ ਲੈਬ, ਗਾਈਡੈਂਸ ਐਂਡ ਕੌਂਸਲਿੰਗ ਲੈਬ ਬਾਰੇ ਜਾਣੂ ਕਰਵਾਇਆ। ਗਾਈਡੈਂਸ ਐਂਡ ਕੌਂਸਲਿੰਗ ਅਧੀਨ ਵੱਖ ਵੱਖ ਕੋਰਸਾਂ ਬਾਰੇ ਦੱਸਿਆ ਗਿਆ। ਇਸ ਮੌਕੇ ਸਕੂਲ ਵਿਚ ਲਾਇਬ੍ਰੇਰੀ ਲੰਗਰ ਲਾਇਆ ਗਿਆ। ਪਿੰਡ ਦੇ ਸਿੱਖਿਆ ਸ਼ਾਸ਼ਤਰੀ ਰਣਜੀਤ ਸਿੰਘ ਅਤੇ ਸਮਾਜ ਸੇਵੀ ਪ੍ਰਤਾਪ ਸਿੰਘ, ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਕਿਤਾਬਾਂ ਜਾਰੀ ਕਰਵਾਈਆਂ ਗਈਆਂ। ਇਸ ਮੌਕੇ ਲੈਕਚਰਾਰ ਦਲਬੀਰ ਸਿੰਘ ਨੇ ਮਾਪਿਆਂ ਨੂੰ ਵਿਦਿਆਰਥੀਆਂ ਦੀਆਂ ਖੇਡਾਂ ਪ੍ਰਾਪਤੀਆਂ ਬਾਰੇ ਜਾਣੂ ਕਰਾਇਆ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

## 16 ਕਿਲੋ 550 ਗ੍ਰਾਮ ਭੁੱਕੀ ਚੂਰਾ ਪੋਸਤ ਸਮੇਤ ਇੱਕ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਲੱਖੋਕੇ ਬਹਿਰਾਮ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 16 ਕਿਲੋ 550 ਗ੍ਰਾਮ ਭੁੱਕੀ ਚੂਰਾ ਪੋਸਤ ਸਮੇਤ ਗ੍ਰਿਫ਼ਤਾਰ ਕਰਕੇ ਉਸ ਖਿਲਾਫ਼ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਮਹੇਸ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਪਿੰਡ ਲਾਲਚੀਆਂ ਬੱਸ ਅੱਡਾ 'ਤੇ ਪੁੱਜੇ ਤਾਂ ਇਕ ਮੁੱਲਾ ਫੈਸ਼ਨ ਨੌਜਵਾਨ ਗੁਰਮੇਜ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਬਸਤੀ ਬੋਗੀ ਵਾਲਾ ਦਾਖਲੀ ਮੋਹਨ ਕੇ ਉਤਾੜ ਆਪਣੇ ਪਾਸ ਗੱਟਾ ਪਲਾਸਟਿਕ ਰੱਖ ਕੇ ਬੈਠਾ ਵਿਖਾਈ ਦਿੱਤਾ, ਜੋ ਪੁਲਿਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕਦਮ ਮੌਕੇ ਤੋਂ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਗੱਟੇ ਨੂੰ ਚੈੱਕ ਕਰਨ ਤੇ ਇਸ ਵਿਚੋਂ 16 ਕਿਲੋ 550 ਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਪੁਲਿਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਜ਼ਿਲ੍ਹਾ ਮਾਸਟਰ ਖੇਡਾਂ 'ਚ ਵੱਡੀ ਉਮਰ ਦੇ ਖਿਡਾਰੀਆਂ ਨੇ ਵਿਖਾਇਆ ਦਮ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੈਂਟ ਬੋਰਡ ਸਟੇਡੀਅਮ ਵਿੱਚ ਸਮਾਪਤ ਹੋਈਆਂ ਜ਼ਿਲ੍ਹਾ ਮਾਸਟਰ ਖੇਡਾਂ ਵਿੱਚ ਖਿਡਾਰੀਆਂ ਨੇ ਆਪਣੇ ਆਪਣੇ ਉਮਰ ਗਰੁੱਪ ਵਿੱਚ ਜੌਹਰ ਵਿਖਾਏ।ਇਸ ਛੇਵੀਂ ਮਾਸਟਰ ਚੈਂਪੀਅਨਸ਼ਿਪ ਦਾ ਪ੍ਰਬੰਧ ਜ਼ਿਲ੍ਹਾ ਮਾਸਟਰ ਅਥਲੈਟਿਕਸ ਐਸੋਸੀਏਸ਼ਨ ਵੱਲੋਂ ਕੀਤਾ ਗਿਆ, ਜਿਸ ਵਿੱਚ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਜੇਤੂ ਖਿਡਾਰੀਆਂ ਨੇ ਵੀ ਭਾਗ ਲਿਆ।ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਪ੍ਰੈਸ ਸਕੱਤਰ ਸਰਬਜੀਤ ਸਿੰਘ ਭਾਵੜਾ ਅਤੇ ਗੋਪੀ ਔਲਖ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਮਰਦਾਂ ਦੇ ਗਰੁੱਪ ਵਿੱਚ 35 ਸਾਲ ਤੋਂ ਲੈ ਕੇ 100 ਸਾਲ ਤੋਂ ਉੱਪਰ ਤੱਕ ਦੇ ਖਿਡਾਰੀਆਂ ਨੇ ਭਾਗ ਲਿਆ।100 ਸਾਲ ਤੋਂ ਉੱਪਰ ਗਰੁੱਪ ਵਿੱਚ ਅੰਤਰਰਾਸ਼ਟਰੀ ਖਿਡਾਰੀ ਜਗਤਾਰ ਸਿੰਘ ਨੇ 100 ਮੀਟਰ , ਸ਼ਾਟ ਪੁੱਟ ਅਤੇ ਜੈਵਲਿਨ ਥਰੋ ਵਿੱਚ ਸੋਨੇ ਦਾ ਮੈਡਲ ਜਿੱਤਿਆ। 75 ਸਾਲ ਤੋਂ ਉੱਪਰ ਉਮਰ ਦੇ ਮੁਕਾਬਲਿਆਂ ਵਿੱਚ ਗੁਰਦਿਆਲ ਸਿੰਘ ਵਿਰਕ ਤੇ ਗੁਰਦੇਵ ਸਿੰਘ ਸੰਧੂ ਨੇ ਸੋਨੇ ਦੇ ਮੈਡਲ ਜਿੱਤੇ।70 ਸਾਲ ਤੋਂ ਉੱਪਰ ਮੁਕਾਬਲਿਆਂ ਵਿੱਚ ਡਾਕਟਰ ਗੁਰਿੰਦਰਜੀਤ ਸਿੰਘ ਢਿੱਲੋਂ, ਡਾਕਟਰ ਦਿਨੇਸ਼ ਧੀਰ, ਡਾਕਟਰ ਵਿਨੋਦ ਖੰਨਾ, ਡਾਕਟਰ ਮਾਨ ਆਦਿ ਖਿਡਾਰੀਆਂ ਨੇ ਆਪਣੇ ਆਪਣੇ ਈਵੇਂਟ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ। 65 ਸਾਲ ਤੋਂ ਉੱਪਰ ਦੇ ਮੁਕਾਬਲੇ ਵਿੱਚ ਪ੍ਰੋਫੈਸਰ ਸੁਰਜੀਤ ਸਿੰਘ ਸਿੱਧੂ ਨੇ ਸ਼ਾਟ ਪੁੱਟ ,ਹੈਮਰ ਅਤੇ ਜੈਵਲਿਨ ਥਰੋ ਮੁਕਾਬਲੇ ਵਿੱਚ ਗੋਲਡ ਮੈਡਲ ਹਾਸਲ ਕੀਤਾ। 60 ਸਾਲ ਦੇ ਮੁਕਾਬਲੇ ਵਿੱਚ ਦਲੀਪ ਸਿੰਘ ਸੰਧੂ, ਰਮੇਸ਼ ਸ਼ਰਮਾ, ਬਲਦੇਵ ਰਾਜ ਸ਼ਰਮਾ ਨੇ ਸੋਨੇ ਦਾ ਮੈਡਲ ਹਾਸਲ ਕੀਤਾ।55 ਸਾਲ ਤੋਂ ਉੱਪਰ ਦੇ ਮੁਕਾਬਲੇ ਵਿੱਚ ਹਰ ਵਰਿੰਦਰ ਸਿੰਘ ਅਸ਼ੋਕ ਚੋਪੜਾ ਰਕੇਸ਼ ਕੁਮਾਰ ਨੇ ਗੋਲਡ ਮੈਡਲ ਪ੍ਰਾਪਤ ਕੀਤੇ।50 ਸਾਲ ਤੋਂ ਉੱਪਰ ਦੇ ਮੁਕਾਬਲੇ ਵਿੱਚ ਈਸ਼ਵਰ ਸ਼ਰਮਾ ਸਰਬਜੀਤ ਸਿੰਘ ਬਾਠ ਗੁਰਬਚਨ ਸਿੰਘ ਭੁੱਲਰ ਨੇ ਜਿੱਤਾਂ ਪ੍ਰਾਪਤ ਕੀਤੀਆਂ।45 ਸਾਲ ਤੋਂ ਉੱਪਰ ਦੇ ਮੁਕਾਬਲਿਆਂ ਵਿੱਚ ਸਰਬਜੀਤ ਸਿੰਘ ਸਾਭਾ, ਜਸਵਿੰਦਰ ਸੰਧੂ, ਸੁਰਿੰਦਰ ਸਿੰਘ ਗਿੱਲ ਨੇ ਆਪਣੇ ਆਪਣੇ ਮੁਕਾਬਲੇ ਵਿੱਚ ਜਿੱਤ ਪ੍ਰਾਪਤ ਕੀਤੀ।40 ਸਾਲ ਤੋਂ ਉੱਪਰ ਤਲਵਿੰਦਰ ਸਿੰਘ, ਸ਼ਮਸ਼ੇਰ ਸਿੰਘ, ਦਲਜਿੰਦਰ ਸਿੰਘ ਜੇਤੂ ਰਹੇ।35 ਸਾਲ ਤੋਂ ਉੱਪਰ ਦੇ ਮੁਕਾਬਲੇ ਵਿੱਚ ਸੁਨੀਲ ਕੰਬੋਜ਼, ਸਿਮਰਨ ਕੰਬੋਜ਼ ਜੇਤੂ ਰਹੇ।ਔਰਤਾਂ ਦੇ ਮੁਕਾਬਲਿਆਂ ਵਿੱਚ ਵੀਰਪਾਲ ਕੌਰ, ਨੀਲਮ, ਮਨਪ੍ਰੀਤ ਕੌਰ, ਸਿਮਰਨ ਕੌਰ, ਗੁਰਮੀਤ ਕੌਰ, ਜਸਪ੍ਰੀਤ ਕੌਰ, ਪਵਨਦੀਪ ਕੌਰ, ਸਹਜ ਪ੍ਰੀਤ ਕੌਰ ਨੇ ਆਪਣੇ ਆਪਣੇ ਉਮਰ ਗਰੁੱਪ ਵਿੱਚ ਜਿੱਤ ਪ੍ਰਾਪਤ ਕੀਤੀ। ਜੇਤੂ ਖਿਡਾਰੀਆਂ ਨੂੰ ਮੈਡਲ ਟੀ ਸ਼ਰਟਸ ਅਤੇ ਕੰਬਲ ਦੇ ਕੇ ਸਨਮਾਨਤ ਕੀਤਾ ਗਿਆ।

ਖਿਡਾਰੀਆਂ ਦੇ ਸਨਮਾਨ ਲਈ ਕੰਬਲ ਇਫਕੋ ਵੱਲੋਂ ਦਿੱਤੇ ਗਏ।ਜੇਤੂ ਖਿਡਾਰੀਆਂ ਨੂੰ ਇਨਾਮ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਗੁਰਿੰਦਰ ਜੀਤ ਸਿੰਘ ਢਿੱਲੋਂ, ਈਸ਼ਵਰ ਸ਼ਰਮਾ ਜਨਰਲ ਸਕੱਤਰ, ਪ੍ਰਗਟ ਸਿੰਘ ਚੇਅਰਮੈਨ ਸੁਨੀਲ ਸ਼ਰਮਾ ਨੇ ਵੰਡੇ।ਜ਼ਿਲ੍ਹਾ ਜੇਤੂ ਖਿਡਾਰੀ ਅਗਲੇ ਮਹੀਨੇ ਅੰਮ੍ਰਿਤਸਰ ਸਾਹਿਬ ਵਿਖੇ ਹੋਣ ਵਾਲੇ ਸਟੇਟ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣਗੇ।

## ...ਸ.ਫ਼ਾ 1 ਦੇ ਬਾਕੀ

### ਡੀ ਏ 'ਚ 4...

ਜਾਣਗੇ। ਇਕ ਹੋਰ ਮੁੱਦੇ 'ਤੇ ਚਰਚਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਮੁੱਦਾ ਕੇਂਦਰ ਸਰਕਾਰ ਕੋਲ ਉਠਾਏਗੀ। ਉਨ੍ਹਾ ਕਿਹਾ ਕਿ ਇਸ ਮਾਮਲੇ ਨੂੰ ਅੱਗੇ ਵਧਾਉਣ ਲਈ ਭਾਰਤ ਸਰਕਾਰ ਦੇ ਵਿੱਤ ਸਕੱਤਰ ਨਾਲ ਮੀਟਿੰਗ ਕੀਤੀ ਜਾਵੇਗੀ। ਮਾਨ ਨੇ ਸਟੈਨੋ ਟਾਈਪਿਸਟਾਂ ਲਈ ਸੀਨੀਆਰਤਾ ਦੇ ਆਧਾਰ 'ਤੇ ਵੱਖ-ਵੱਖ ਵਿਭਾਗਾਂ ਵਿੱਚ ਤਰੱਕੀਆਂ ਨੂੰ ਯਕੀਨੀ ਬਣਾਉਣ ਲਈ ਸਮਾਂਬੱਧ (ਟਾਈਮ ਸਕੇਲ) ਤਿਆਰ ਕਰਨ ਦੇ ਵੀ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਸਾਰੇ ਵਿਭਾਗਾਂ ਦੀਆਂ ਮਨਿਸਟਰੀਅਲ ਸੇਵਾਵਾਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਤਰੱਕੀ ਰਾਹੀਂ ਭਰਨ ਦੀ ਪ੍ਰਕਿਰਿਆ ਦੋ ਮਹੀਨਿਆਂ ਦੇ ਅੰਦਰ-ਅੰਦਰ ਯਕੀਨੀ ਬਣਾਈ ਜਾਵੇ। ਉਨ੍ਹਾ ਏ.ਸੀ.ਪੀ ਸਕੀਮ ਬਹਾਲ ਕਰਨ ਸਮੇਤ ਮੁਲਾਜ਼ਮਾਂ ਦੀਆਂ ਕਈ ਲਟਕਦੀਆਂ ਮੰਗਾਂ ਦੇ ਹੱਲ ਲਈ ਕਮੇਟੀ ਬਣਾਉਣ ਦਾ ਐਲਾਨ ਵੀ ਕੀਤਾ। ਮਾਨ ਨੇ ਮੁਲਾਜ਼ਮਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਉਨ੍ਹਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਸੰਬੰਧੀ ਠੋਸ ਉਪਰਾਲੇ ਕੀਤੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ 'ਰੰਗਲਾ ਪੰਜਾਬ' ਸਿਰਜਣ ਲਈ ਵਚਨਬੱਧ ਹੈ, ਜਿਸ ਲਈ ਸਮਾਜ ਦੇ ਹਰ ਵਰਗ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾ ਕਿਹਾ ਕਿ ਪੰਜਾਬ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਉਣ ਲਈ ਸੂਬਾ ਸਰਕਾਰ ਦੇ ਮੁਲਾਜ਼ਮ ਵੀ ਪ੍ਰੇਰਕ ਵਜੋਂ ਕੰਮ ਕਰਨਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਖੁਸ਼ਹਾਲੀ ਲਈ ਸਮਰਪਿਤ ਹੈ।


**AXIS BANK LTD.**

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਰਿਟੇਲ ਐਸੇਟ ਸੈਂਟਰ : ਐਕਸਿਸ ਬੈਂਕ ਲਿਮ: ਦੂਜੀ ਮੰਜ਼ਲ, ਜਾਇਦਾਦ 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਬਲਾਕ-ਬੀ, ਬੰਬੇ ਡਾਈਂਗ ਮਿੱਲਜ਼ ਕੰਪਾਊਂਡ, ਪਾਂਡੁਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁ.) |
|---|---|---|---|---|
| 1. ਮੈਸ. ਸੰਦੀਪ ਗੁਪਤਾ ਕਮਿਸ਼ਨ ਏਜੰਟ (ਰਾਹੀਂ ਇਸ ਦੇ ਮਾਲਕ) ਦਾਨੇਵਾਲ ਰੋਡ, ਸ਼ਾਹਕੋਟ, ਨੇੜੇ ਦਾਣਾ ਮੰਡੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144702, 2. ਸ੍ਰੀ ਸੰਦੀਪ ਗੁਪਤਾ ਪੁੱਤਰ ਨਰਿੰਦਰ ਗੁਪਤਾ (ਮਾਲਕ) # 38, ਵਾਰਡ ਨੰ. 11, ਬਾਂਸਾਂਵਾਲਾ ਬਜ਼ਾਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144702 | ਬੈਨਾਮਾ ਨੰ. 288 ਮਿਤੀ 09.05.2013 ਅਨੁਸਾਰ ਸੰਦੀਪ ਗੁਪਤਾ ਪੁੱਤਰ ਨਰਿੰਦਰ ਕੁਮਾਰ ਦੇ ਨਾਂਅ 'ਤੇ ਜਾਇਦਾਦ/ਮਕਾਨ ਰਕਬਾ 03 ਮਰਲੇ 5.5 ਸਰਸਾਈ, ਜੋ ਕਿ 975 ਵਰਗ ਫੁੱਟ ਹੈ, ਖਸਰਾ ਨੰ. 13//21/1 (7-7) ਬਾਂਸਾਂਵਾਲਾ ਬਜ਼ਾਰ, ਸ਼ਾਹਕੋਟ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) : ਪੂਰਬ : ਗਲੀ, ਪੱਛਮ : ਸਿਵਲ ਹਸਪਤਾਲ, ਉੱਤਰ : ਅਨੂਪ ਗੁਪਤਾ, ਦੱਖਣ : ਨਰਾਇਣ ਦਾਸ। | 01 ਸਤੰਬਰ, 2023 | 14 ਦਸੰਬਰ, 2023 | ਰੁ. 11,07,380/- (ਗਿਆਰਾਂ ਲੱਖ ਸੱਤ ਹਜ਼ਾਰ ਤਿੰਨ ਸੌ ਅੱਸੀ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 19.12.2023, ਸਥਾਨ : ਅੰਮ੍ਰਿਤਸਰ — ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਹੱਕਾਂ ਦੀ ਪ੍ਰਾਪਤੀ ਲਈ ਫਿਰ ਤੋਂ ਦਿੱਲੀ ਮੋਰਚੇ ਵਰਗੇ ਜਥੇਬੰਦਕ ਸੰਘਰਸ਼ ਦੀ ਲੋੜ : ਹਰਵਿੰਦਰ ਮਸਾਣੀਆਂ



**ਗੁਰਦਾਸਪੁਰ, (ਜਨਕ ਮਹਾਜਨ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਬਾਬਾ ਬੰਦਾ ਸਿੰਘ ਬਹਾਦਰ ਦੀ ਮੀਟਿੰਗ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਸ਼ਹਿਰ ਕਲਾਨੌਰ ਵਿਖੇ ਕੀਤੀ ਗਈ। ਇਸ ਮੌਕੇ ਸੂਬੇ ਦੇ ਆਗੂ ਹਰਵਿੰਦਰ ਸਿੰਘ ਮਸਾਣੀਆਂ, ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਬਾਬਾ ਬੰਦਾ ਸਿੰਘ ਬਹਾਦਰ ਦੀ ਮੀਟਿੰਗ ਜ਼ੋਨ ਪ੍ਰਧਾਨ ਹਰਵਿੰਦਰ ਸਿੰਘ ਮੱਲ੍ਹੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜ਼ੋਨ ਬਾਬਾ ਬੰਦਾ ਸਿੰਘ ਬਹਾਦਰ ਦੀ ਪੂਰੀ ਟੀਮਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਸਕੱਤਰ ਬਾਬਾ ਸੁਖਵੰਤ ਸਿੰਘ, ਪ੍ਰੈੱਸ ਸਕੱਤਰ ਦਲਜੀਤ ਸਿੰਘ ਸ਼ੇਖੂਪੁਰ, ਹਰਪ੍ਰੀਤ ਕੌਰ, ਮੀਤ ਪ੍ਰਧਾਨ ਮੋਹਣ ਸਿੰਘ ਗਵਾਰ, ਪ੍ਰਗਟ ਸਿੰਘ ਸਹੂਰ ਮੀਤ ਖਜਾਨਚੀ, ਸੁਖਜਿੰਦਰ ਸਿੰਘ ਡੇਰੀਵਾਲ ਦੇ ਨਾਲ ਹੀ ਇਕਾਈਆਂ ਦੇ ਪ੍ਰਧਾਨ ਵੀ ਸ਼ਾਮਿਲ ਹੋਏ। ਪ੍ਰਗਟ ਸਿੰਘ ਸਹੂਰ, ਗੁਰਵੰਤ ਸਿੰਘ ਲਾਲੀ, ਰੇਸ਼ਮ ਸਿੰਘ ਬੋਹੜ ਵਡਾਲਾ, ਗੁਰਮੁਖ ਸਿੰਘ ਰੜਿਆਣਾ, ਸੁਖਜਿੰਦਰ ਸਿੰਘ ਬਾਜਵਾ, ਤਰਸੇਮ ਸਿੰਘ ਡੇਰੀਵਾਲ, ਲਖਵਿੰਦਰ ਸਿੰਘ ਦੇਹੜ, ਮੋਹਣ ਸਿੰਘ ਗਵਾਰ, ਕਲਵਿੰਦਰ ਕੌਰ ਦਬੁਰਜੀ, ਬਲਵਿੰਦਰ ਸਿੰਘ ਜੋਇਆ, ਦਵਿੰਦਰ ਸਿੰਘ ਬਾਲੀਮ ਆਦਿ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਸੂਬਾ ਆਗੂ ਹਰਵਿੰਦਰ ਸਿੰਘ ਮਸਾਣੀਆਂ ਜ਼ੋਨ ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਤੋਂ ਹਰਵਿੰਦਰ ਸਿੰਘ ਮੱਲ੍ਹੀ ਨੇ ਕਿਹਾ ਕਿ ਦੇਸ਼ ਦੀ ਭਾਜਪਾ ਸਰਕਾਰ ਕਿਸਾਨਾਂ/ਮਜ਼ਦੂਰਾਂ ਸਮੇਤ ਆਮ ਲੋਕਾਂ ਦੇ ਹਿੱਤਾਂ ਨੂੰ ਦਰਕਿਨਾਰ ਕਰਕੇ ਮੀਡੀਆ ਸਮੇਤ ਸਾਰੇ ਸਾਧਨਾਂ ਨੂੰ ਕੂੜ ਪ੍ਰਚਾਰ ਲਈ ਵਰਤ ਕੇ ਖੇਤੀ ਸੈਕਟਰ ਸਮੇਤ ਦੇਸ਼ ਦੇ-ਸਾਰੇ ਅਦਾਰਿਆਂ 'ਤੇ ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣ ਵਿਚ ਲੱਗੀ ਹੋਈ ਹੈ, ਉਸ ਨੂੰ ਰੋਕਣ ਲਈ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕ ਵਾਰ ਫਿਰ ਤੋਂ ਦਿੱਲੀ ਮੋਰਚੇ ਵਰਗੇ ਜਥੇਬੰਦਕ ਸੰਘਰਸ਼ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿਚ ਭਾਰਤੀ ਜਥੇਬੰਦੀਆਂ ਨਾਲ ਸੰਪਰਕ ਕਰਕੇ ਦਿੱਲੀ ਮੋਰਚੇ ਦੀਆਂ ਲਟਕ ਰਹੀਆਂ ਕਿਸਾਨ ਮਜ਼ਦੂਰ ਸਬੰਧੀ ਮੰਗਾਂ 'ਤੇ ਸਰਕਾਰ ਨਾਲ ਸੰਘਰਸ਼ ਕਰਨੇ ਪੈਣਗੇ। ਕਿਸਾਨ ਆਗੂਆਂ ਦੱਸਿਆ ਕੇ ਮਾਝੇ ਵਿਚ ਇਕ ਵੱਡੀ ਰੈਲੀ ਜੰਡਿਆਲਾ ਗੁਰੂ ਦੀ ਦਾਣਾ ਮੰਡੀ ਵਿਚ 2 ਜਨਵਰੀ ਨੂੰ ਹੋਵੇਗੀ, ਜਿਸ ਵਿਚ ਲੱਖਾਂ ਕਿਸਾਨਾਂ ਦਾ ਇਕੱਠ ਹੋਵੇਗਾ ਅਤੇ ਵੱਡੇ ਐਲਾਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ 22 ਦਸੰਬਰ ਨੂੰ ਜ਼ਿਲ੍ਹਾ ਗੁਰਦਾਸਪੁਰ ਵਿਚ ਔਰਤਾਂ ਦੀ ਵੱਡੀ ਕਾਨਫਰੰਸ ਕਰ ਇਸ ਰੈਲੀ ਦੀ ਤਿਆਰੀ ਕਰਵਾਈ ਜਾਵੇਗੀ।

# ਨਹਿਰ ਅਪਰਬਾਰੀ ਦੁਆਬ 'ਤੇ ਬਣੇ ਪੁਲ ਉਪਰ ਲਾਈਟਾਂ ਨਾ ਜਗਣ ਕਾਰਨ ਰਾਹਗੀਰ ਪ੍ਰੇਸ਼ਾਨ



**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੀ ਨਹਿਰ ਅਪਰਬਾਰੀ ਦੁਆਬ 'ਤੇ ਬਣੇ ਪੁਲ 'ਤੇ ਲੱਗੀਆਂ ਸੋਲਰ ਲਾਈਟਾਂ ਰਾਤ ਨੂੰ ਨਾ ਜਗਣ ਕਾਰਨ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ ਜਿਸ ਕਾਰਨ ਇਲਾਕਾ ਵਾਸੀਆਂ ਦਾ ਪੰਜਾਬ ਸਰਕਾਰ ਤੇ ਸਬੰਧਿਤ ਵਿਭਾਗ ਵੱਲੋਂ ਧਿਆਨ ਨਾ ਦੇਣ ਕਰਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੁਝ ਸਾਲ ਪਹਿਲਾ ਨਹਿਰ ਅਪਰਬਾਰੀ ਦੁਆਬ ਤੇ ਕਸੂਰ ਬਰਾਂਚ ਨਹਿਰ ਤੋਂ ਲੰਘਣ ਵਾਸਤੇ ਇਕ ਹੀ ਪੁਲ ਬਣਾਇਆ ਗਿਆ ਸੀ ਅਤੇ ਰਾਤ ਨੂੰ ਰੌਸ਼ਨੀ ਵਾਸਤੇ ਸੋਲਰ ਲਾਈਟਾਂ ਦੇ ਕਰੀਬ 18 ਪੋਲ ਲਗਾਏ ਗਏ ਸੀ ਜੋ ਕੁਝ ਸਮੇਂ ਬਾਅਦ ਹੀ ਲਾਈਟਾਂ ਜਗਣੋਂ ਬੰਦ ਹੋ ਗਈਆਂ ਅਤੇ ਖੰਭੇ ਵੀ ਟੁੱਟ ਭੱਜ ਗਏ ਸਨ। ਹੁਣ ਇਹ ਪੋਲ ਟੁੱਟੇ ਭੱਜੇ ਜਿੱਥੇ ਨਜ਼ਰ ਆਉਂਦੇ ਹਨ ਉਥੇ ਹੀ ਇਨ੍ਹਾਂ ਖੰਭਿਆਂ 'ਤੇ ਲਗੀਆਂ ਬੈਟਰੀਆਂ ਵੀ ਗਾਇਬ ਹੋ ਗਈਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਨਹਿਰ 'ਤੇ ਬਣੇ ਪੁਲ ਰਾਹੀਂ ਰੋਜ਼ਾਨਾ ਦਿਨ-ਰਾਤ ਸੈਂਕੜਿਆਂ ਦੀ ਗਿਣਤੀ ਵਿਚ ਛੋਟੇ ਵੱਡੇ ਵਾਹਨ ਦਿੱਲੀ, ਜਲੰਧਰ, ਚੰਡੀਗੜ੍ਹ ਆਦਿ ਸ਼ਹਿਰਾਂ ਤੋਂ ਇਲਾਵਾ ਜੰਮੂ, ਸ੍ਰੀਨਗਰ ਨੂੰ ਵੀ ਆਉਂਦੇ ਜਾਂਦੇ ਹਨ। ਲੋਕਾਂ ਨੇ ਦੱਸਿਆ ਕਿ ਪੁਲ 'ਤੇ ਰਾਤ ਸਮੇਂ ਹਨੇਰਾ ਹੋਣ ਕਾਰਨ ਕਈ ਵਾਰ ਦੋਪਹੀਆ ਵਾਹਨ ਆਪਸ ਵਿਚ ਟਕਰਾ ਕੇ ਹਾਦਸਾਗ੍ਰਸਤ ਹੋ ਚੁੱਕੇ ਹਨ ਅਤੇ ਵੱਡੇ ਵਾਹਨਾਂ ਦਾ ਵੀ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਪੁਲ 'ਤੇ ਬੰਦ ਅਤੇ ਖ਼ਰਾਬ ਹੋਈਆਂ ਲਾਈਟਾਂ ਨੂੰ ਚਾਲੂ ਕੀਤਾ ਜਾਵੇ ਤਾਂ ਜੋ ਕਿਸੇ ਵੇਲੇ ਵੀ ਅਣਸੁਖਾਵੀਂ ਘਟਨਾ ਨਾ ਵਾਪਰੇ।

# 'ਚਲਾਨ ਕੈਮਰਿਆਂ' ਦਾ ਰੁਖ਼ ਬਦਲਣ 'ਤੇ ਜਾਗੋ ਪਾਰਟੀ ਨੇ ਕੀਤੀ ਸ਼ੁਕਰਾਨੇ ਦੀ ਅਰਦਾਸ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਨੇੜਲੇ ਚਲਾਣ ਵਾਲੇ ਕੈਮਰੇ ਹਟਾਉਣ ਦਾ ਜਾਗੋ ਪਾਰਟੀ ਦਾ ਅੱਜ ਦਾ ਪ੍ਰੋਗਰਾਮ ਪ੍ਰਸ਼ਾਸਨ ਵੱਲੋਂ ਕੈਮਰਿਆਂ ਦਾ ਰੁਖ਼ ਬਦਲੀ ਤੋਂ ਬਾਅਦ ਫਿਲਹਾਲ ਗੁਰਬਾਣੀ ਸ਼ਬਦ ਪੜ੍ਹਣ ਅਤੇ ਅਰਦਾਸ ਕਰਨ ਵਜੋਂ ਨਿੱਬੜ ਗਿਆ ਹੈ। ਜ਼ਿਕਰਯੋਗ ਹੈ ਕਿ ਦਿੱਲੀ ਟ੍ਰੈਫਿਕ ਪੁਲਸ ਵੱਲੋਂ 'ਕਾਰ ਮੁਕਤ ਜ਼ੋਨ' ਦੇ ਨਾਂਅ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀਆਂ ਗੱਡੀਆਂ ਨੂੰ 'ਨੋ ਐਂਟਰੀ' ਦੇ ਨਾਂਅ ਉਤੇ 20,000 ਰੁਪਏ ਪ੍ਰਤੀ ਚਲਾਨ ਭੇਜਣ ਦਾ ਸੰਗਤਾਂ ਵੱਲੋਂ ਬੀਤੇ ਲੰਮੇਂ ਸਮੇਂ ਤੋਂ ਵੱਡੇ ਪੱਧਰ 'ਤੇ ਵਿਰੋਧ ਹੋ ਰਿਹਾ ਸੀ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ 17 ਦਸੰਬਰ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਇਹ ਚਲਾਨ ਵਾਲੇ ਕੈਮਰੇ ਹਟਾਉਣ ਦੀ ਚਿਤਾਵਨੀ ਪਹਿਲਾਂ ਦਿੱਤੀ ਹੋਈ ਸੀ ਪਰ ਜਦੋਂ ਤੋਂ ਜੀ ਕੇ ਨੇ ਇਸ ਚੇਤਾਵਨੀ ਨੂੰ ਪ੍ਰੋਗਰਾਮ ਵਜੋਂ 15 ਦਸੰਬਰ ਨੂੰ ਆਪਣੇ ਫੇਸਬੁੱਕ ਪੇਜ ਉਤੇ ਸੰਗਤਾਂ ਨੂੰ ਸੰਬੋਧਿਤ ਕਰਦੇ ਹੋਏ ਜਨਤਕ ਕੀਤਾ ਤਾਂ ਪ੍ਰਸ਼ਾਸਨ ਤੁਰੰਤ ਹਰਕਤ ਵਿਚ ਆ ਗਿਆ। ਕੈਮਰੇ ਤੋੜਨ ਦਾ ਮੇਰੇ ਵੱਲੋਂ ਪ੍ਰੋਗਰਾਮ ਦੇਣ ਦੇ ਤੁਰੰਤ ਬਾਅਦ ਪੁਲਸ-ਪ੍ਰਸ਼ਾਸਨ ਸਾਡੇ ਸੰਪਰਕ ਵਿਚ ਆ ਗਿਆ। ਕਾਹਲੀ ਵਿਚ ਉਨ੍ਹਾਂ ਨੇ ਸਾਡੇ ਬੰਦਿਆਂ ਨਾਲ ਸੰਪਰਕ ਕੀਤਾ ਅਤੇ ਚਲਾਨ ਵਾਲੇ ਕੈਮਰਿਆਂ ਦੇ ਰੁਖ ਬਦਲਣ ਦੀ ਪੇਸ਼ਕਸ਼ ਕੀਤੀ। ਪ੍ਰਸ਼ਾਸਨ ਦਾ ਸਾਫ਼ ਕਹਿਣਾ ਸੀ ਕਿ ਕੈਮਰੇ ਤੋੜਨ ਵਾਲੇ ਪਾਸੇ ਤੁਸੀਂ ਨਾ ਤੁਰੋ। ਸਗੋਂ ਚਲਾਨ ਬੰਦ ਕਰਵਾਉਣ ਦੀ ਅਪਣੀ ਮੁਹਿੰਮ ਬਾਰੇ ਸੋਚੋ ਜਿਸ ਤੋਂ ਬਾਅਦ ਤਿੰਨ ਕੈਮਰਿਆਂ ਦਾ ਰੁਖ਼ ਰਾਤੋ-ਰਾਤ ਬਦਲੇ ਜਾਣ ਦੀ ਸਾਡੇ ਕੋਲ ਜਾਣਕਾਰੀ ਤੜਕੇ ਆਈ। ਇਸ ਜਾਣਕਾਰੀ ਦੀ ਪੁਸ਼ਟੀ 16 ਦਸੰਬਰ ਨੂੰ ਭਾਜਪਾ ਦੇ ਕੌਮੀ ਬੁਲਾਰੇ ਆਰ. ਪੀ. ਸਿੰਘ ਨੇ ਮੈਨੂੰ ਟਵਿੱਟਰ 'ਤੇ ਟਵਿੱਟ ਟੈਗ ਕਰਕੇ ਵੀ ਕੀਤੀ ਜਿਸ ਵਿਚ ਆਰ. ਪੀ. ਸਿੰਘ ਨੇ ਦਾਅਵਾ ਕੀਤਾ ਕਿ ਹੁਣ ਕੋੜੀਆਂ ਪੁਲ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ ਆਉਣ ਵਾਲੇ ਰਸਤੇ ਦੇ ਚਲਾਨ ਵਾਲੇ ਕੈਮਰਿਆਂ ਦਾ ਰੁਖ਼ ਮੋੜ ਦਿੱਤਾ ਗਿਆ ਹੈ ਜਿਸ ਤੋਂ ਬਾਅਦ ਆਪਣੇ ਪਹਿਲੇ ਐਲਾਨੇ ਪ੍ਰੋਗਰਾਮ ਵਿਚ ਸੋਧ ਕਰਦਿਆਂ ਨਗਰ ਕੀਰਤਨ ਮੌਕੇ ਭਾਈ ਮਤੀ ਦਾਸ ਚੌਕ ਵਿਖੇ ਸੰਗਤਾਂ ਦੀ ਮੌਜੂਦਗੀ ਵਿਚ ਗੁਰਬਾਣੀ ਸ਼ਬਦ ਪੜ੍ਹ ਕੇ ਗੁਰੂ ਚਰਨਾਂ 'ਚ ਸ਼ੁਕਰਾਨੇ ਦੀ ਅਰਦਾਸ ਕੀਤੀ। ਇਸ ਮੌਕੇ ਦਿੱਲੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ, ਸਤਨਾਮ ਸਿੰਘ ਖਾਲਸਾ, ਮਹਿੰਦਰ ਸਿੰਘ, ਜਾਗੋ ਪਾਰਟੀ ਦੇ ਸਕੱਤਰ ਜਨਰਲ ਡਾਕਟਰ ਪਰਮਿੰਦਰ ਪਾਲ ਸਿੰਘ, ਕੌਰ ਬ੍ਰਿਗੇਡ ਦੀ ਪ੍ਰਧਾਨ ਬੀਬੀ ਮਨਦੀਪ ਕੌਰ ਬਖ਼ਸ਼ੀ, ਦਿੱਲੀ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਸਤਪਾਲ ਸਿੰਘ ਸਣੇ ਵੱਡੀ ਗਿਣਤੀ ਵਿਚ ਪਾਰਟੀ ਅਹੁਦੇਦਾਰ ਅਤੇ ਕਾਰਕੁੰਨ ਸਾਹਿਬਾਨ ਮੌਜੂਦ ਸਨ।

# ਨਿੱਜੀ ਵਿੱਤੀ ਕੰਪਨੀਆਂ ਵੱਲੋਂ ਗਰੀਬਾਂ ਨੂੰ ਦਿੱਤਾ ਕਰਜ਼ਾ ਮੁਆਫ ਕਰਨ ਦੀ ਮੰਗ



**ਬਟਾਲਾ (ਤਰਲੋਕ ਬੱਗਾ)**—ਜਲੰਧਰ ਰੋਡ ਸਥਿਤ ਸੁੱਖਾ ਸਿੰਘ ਮਹਿਤਾਬ ਸਿੰਘ ਪਾਰਕ ਵਿਖੇ ਗਰੀਬਾਂ ਨੂੰ ਦਿੱਤਾ ਨਿੱਜੀ ਵਿੱਤੀ ਕੰਪਨੀਆਂ ਵੱਲੋਂ ਕਰਜ਼ਾ ਸਰਕਾਰ ਦੇ ਜ਼ੁੰਮੇ ਪਾਉਣ ਦੀ ਮੰਗ ਨੂੰ ਲੈ ਕੇ ਸੀਪੀਆਈ ਐੱਮਐੱਲ ਲਿਬਰੇਸ਼ਨ ਅਤੇ ਮਜ਼ਦੂਰ ਮੁਕਤੀ ਮੋਰਚਾ ਵਲੋਂ ਰੈਲੀ ਕੀਤੀ ਗਈ। ਇਸ ਰੈਲੀ ਨੂੰ ਸਬੋਧਨ ਕਰਦਿਆਂ ਮਜ਼ਦੂਰ ਆਗੂ ਗੁਲਜ਼ਾਰ ਸਿੰਘ ਭੁੰਬਲੀ, ਕਪਤਾਨ ਸਿੰਘ ਬਾਸਰਪੁਰਾ, ਸਰਬਜੀਤ ਕੌਰ ਕਿਲਾ ਲਾਲ ਸਿੰਘ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮਾਨ ਸਰਕਾਰ ਨੇ ਚੋਣਾਂ ਸਮੇਂ ਮਜ਼ਦੂਰਾਂ/ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦੀ ਗਰੰਟੀ ਕੀਤੀ ਸੀ ਪਰ ਸਰਕਾਰ ਦੇ 19 ਮਹੀਨੇ ਦੇ ਰਾਜ ਵਿੱਚ ਗਰੀਬਾਂ ਅਤੇ ਕਿਸਾਨਾਂ ਦਾ ਧੇਲਾ ਕਰਜ਼ਾ ਮੁਆਫ ਨਹੀਂ ਕੀਤਾ ਗਿਆ ਬਲਕਿ ਗਰੀਬਾਂ ਸਿਰ ਨਿਜੀ ਵਿੱਤੀ ਕੰਪਨੀਆਂ ਦਾ ਕਰਜ਼ਾ ਹੋਰ ਵੱਧ ਗਿਆ ਹੈ ਜਿਸ ਕਰਜ਼ੇ ਦੀਆਂ ਕਿਸ਼ਤਾਂ ਦੇਣ ਤੋਂ ਇਹ ਪਰਿਵਾਰ ਪੂਰੀ ਤਰ੍ਹਾਂ ਅਸਮਰਥ ਹਨ ਕਿਉਂਕਿ ਸਰਕਾਰਾ ਪਾਸ ਗਰੀਬਾਂ ਨੂੰ ਰੋਜ਼ਗਾਰ ਦੇਣ ਦੀ ਕੋਈ ਵੀ ਵਿਉਂਤ ਨਹੀਂ ਹੈ। ਲੋੜ ਇਸ ਗੱਲ ਦੀ ਹੈ ਕਿ ਸਰਕਾਰ ਆਪਣੀ ਇਸਤਿਹਾਰਬਾਜ਼ੀ ਸਮੇਤ ਬਾਹਰਲੇ ਪ੍ਰਾਂਤਾਂ ਵਿਚ ਚੋਣ ਪ੍ਰਚਾਰ ਉਪਰ ਕਰੋੜਾਂ ਰੁਪਏ ਉਜਾੜਨ ਦੀ ਬਜਾਏ ਗਰੀਬ ਪਰਿਵਾਰਾਂ ਦਾ ਕਰਜ਼ਾ ਆਪਣੇ ਜੁੰਮੇਂ ਲੈਂਦੀ ਪਰ ਮਾਨ ਅਤੇ ਮੋਦੀ ਸਰਕਾਰ ਗਰੀਬਾਂ ਦੀ ਸਾਰ ਲੈਣ ਦੀ ਬਿਜਾਏ ਕਰੋੜਾਂ ਰੁਪਏ ਆਪਣੀ ਰਾਜਨੀਤੀ ਚਮਕਾਉਣ 'ਤੇ ਲੱਗੀਆਂ ਪਈਆਂ ਹਨ। ਆਗੂਆਂ ਨਿੱਜੀ ਕੰਪਨੀਆਂ ਉੱਪਰ ਕਰਜ਼ਾ ਦੇਣ ਸਮੇਂ ਬੇਨਿਯਮੀਆਂ ਦੇ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਮਾਈਕਰੋ ਫਾਈਨਾਂਸ ਕੰਪਨੀਆਂ ਦੇ ਪੈਸੇ ਸਮੇਤ ਇਨ੍ਹਾਂ ਦੇ ਰੋਲ ਬਾਰੇ ਜਾਂਚ ਕਰਵਾਏਸ਼ ਇਨ੍ਹਾਂ ਕੰਪਨੀਆਂ ਦੁਆਰਾ ਕਰਜ਼ਾਧਾਰਕਾਂ ਤੋਂ ਕੋਰੇ ਚੈੱਕ, ਅਸ਼ਟਾਮ ਅਤੇ ਦਸਤਖਤਾਂ ਵਾਲੇ ਕੋਰੇ ਕਾਗਜ਼ ਲੈਣ ਸਬੰਧੀ ਸਰਕਾਰ ਤੋਂ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮੌਕੇ ਪਿੰਕੀ ਤਲਿਬਪੁਰ, ਬਲਬੀਰ ਭੋਲਾ ਮਲਕਵਾਲ, ਕੁਲਦੀਪ ਰਾਜੂ, ਸੋਨੀਆ ਮਧਰਾ, ਸੁਨੀਤਾ ਬਹਾਦਰਪੁਰ, ਬੰਟੀ ਪਿੰਡਾਂ ਰੋੜੀ ਅਤੇ ਮਨਜੀਤ ਸ਼ਾਹਪੁਰ ਹਾਜ਼ਰ ਸਨ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ 26 ਨੂੰ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸ਼੍ਰੀ ਹੇਮਕੁੰਟ ਸਾਹਿਬ ਲੰਗਰ ਸੇਵਾ ਸੋਸਾਇਟੀ ਅਜਨਾਲਾ ਅਤੇ ਗੁਰਦੁਆਰਾ ਸਿੰਘ ਸਭਾ ਭੱਖੇ ਤਾਰਾ ਸਿੰਘ ਸੰਗਤ ਦੇ ਸਹਿਯੋਗ ਨਾਲ ਭਖੇ ਤਾਰਾ ਸਿੰਘ ਵਿਖੇ ਬਾਬਾ ਜ਼ੋਰਾ ਸਿੰਘ ਅਤੇ ਬਾਬਾ ਫਤਿਹ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸੰਗਤ ਦੇ ਸਹਿਯੋਗ ਨਾਲ 26 ਦਸੰਬਰ 2023 ਨੂੰ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਸਰਪ੍ਰਸਤ ਅਮਰਜੀਤ ਸਿੰਘ ਬਾਜਵਾ ਅਤੇ ਸੁਸਾਇਟੀ ਦੇ ਖਜਾਨਚੀ ਵਿਜੇ ਕੁਮਾਰ ਅਰੋੜਾ ਸੁਸਾਇਟੀ ਦੇ ਉਪ ਸਰਪ੍ਰਸਤ ਜਸਬੀਰ ਸਿੰਘ ਢਿੱਲੋਂ ਨੇ ਦਿੰਦਿਆ ਦੱਸਿਆ ਕਿ 26 ਦਸੰਬਰ 2023 ਦਿਨ ਮੰਗਲਵਾਰ ਨੂੰ ਸ਼ਾਮ ਨੂੰ ਚਾਰ ਤੋਂ ਸਾਢੇ ਪੰਜ ਵਜੇ ਤੱਕ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਸਾਢੇ ਪੰਜ ਤੋਂ 6 ਵਜੇ ਤੱਕ ਸ਼੍ਰੀ ਰਹਿਰਾਸ ਸਾਹਿਬ ਦੇ ਪਾਠ, ਸ਼ਾਮ 6 ਵਜੇ ਤੋਂ ਛੇ ਪੰਜਤਾਲੀ ਤੱਕ ਭਾਈ ਅਨੋਖ ਸਿੰਘ ਅਜਨਾਲੇ ਵਾਲੇ ਕੀਰਤਨ ਕਰਨਗੇ ਤੇ ਸ਼ਾਮ 6 ਵੱਜ ਕੇ 45 ਮਿੰਟ ਤੋਂ 8 ਵਜੇ ਤੱਕ ਪ੍ਰਸਿੱਧ ਕਵੀਸ਼ਰ ਸਰਵਣ ਸਿੰਘ ਨੇਪਾਲ ਤੇ ਰਾਤ 8:30 ਤੋਂ ਭੈਣ ਸੱਤਪ੍ਰੀਤ ਕੌਰ ਸੱਤ ਧਾਮ ਵਾਲੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਉਨ੍ਹਾਂ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਉਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਅਤੇ ਇਸ ਸਾਰੇ ਸਮਾਗਮ ਦੀ ਲਾਈਵ ਟੈਲੀਕਾਸਟ ਦੋ ਚੈਨਲਾਂ ਤੇ ਕੀਤਾ ਜਾਵੇਗਾ । ਇਸ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਰੀਵਾਲ ਅਤੇ ਓਬੀਸੀ ਮੋਰਚਾ ਬੀਜੇਪੀ ਦੇ ਪ੍ਰਧਾਨ ਅਤੇ ਅਜਨਾਲੇ ਦੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ, ਮਹਿਲਾ ਕਿਸਾਨ ਆਗੂ ਅਤੇ ਅਦਾਕਾਰਾ ਸੋਨੀਆ ਮਾਨ, ਪੰਜਾਬ ਹੋਮ ਗਾਰਡ ਦੇ ਡੀਆਈਜੀ ਚਰਨਜੀਤ ਸਿੰਘ ਐੱਸਐੱਸਪੀ ਹੋਮ ਗਾਰਡ ਅੰਮ੍ਰਿਤਸਰ, ਜਸਕਰਨ ਸਿੰਘ ਸ਼ਿਰਕਤ ਕਰਨਗੇ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ



ਸਰਵਣ ਸਿੰਘ ਨੇਪਾਲ, ਸੀਨੀਅਰ ਮੀਤ ਪ੍ਰਧਾਨ ਬਾਬਾ ਮਹਿੰਦਰ ਸਿੰਘ ਸੂਰੇਪੁਰ ਵਾਲੇ, ਮੀਤ ਪ੍ਰਧਾਨ ਭਗਵੰਤ ਸਿੰਘ ਗੁੱਜਰਪੁਰਾ, ਸੁੱਖਤਿੰਦਰ ਸਿੰਘ, ਰਾਜੂ ਰਸ਼ਪਾਲ ਸਿੰਘ ਕੋਟਲਾ ਕਾਜ਼ੀਆਂ, ਪਰਮਜੀਤ ਸਿੰਘ ਪੰਮਾ, ਤਜਿੰਦਰ ਸਿੰਘ ਸੋਨੂ ਅਤੇ ਬਹੁਤ ਸਾਰੇ ਪਤਵੰਤੇ ਸੱਜਣ ਹਾਜ਼ਰ ਸਨ

# ਪੁਲ ਤਿੱਬੜੀ ਵਿਖੇ ਬਣ ਰਿਹਾ ਅੰਮ੍ਰਿਤ ਸਰੋਵਰ ਫਰਵਰੀ ਮਹੀਨੇ ਤੱਕ ਹੋਵੇਗਾ ਤਿਆਰ : ਇੰਜ. ਕਰਨਵੀਰ ਸਿੰਘ



**ਗੁਰਦਾਸਪੁਰ, (ਜਨਕ ਮਹਾਜਨ)**-ਨਹਿਰੀ ਵਿਭਾਗ ਗੁਰਦਾਸਪੁਰ ਦੇ ਐਕਸੀਅਨ ਇੰਜ. ਕਰਨਵੀਰ ਸਿੰਘ ਅਤੇ ਉਪ ਮੰਡਲ ਅਫ਼ਸਰ ਸਬ ਡਵੀਜ਼ਨ ਤਿੱਬੜੀ ਇੰਜ. ਸੰਜੀਵ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲ ਤਿੱਬੜੀ ਨੂੰ ਸੈਰ ਸਪਾਟਾ ਲਈ ਵਿਕਸਤ ਕਰਨ ਵਾਸਤੇ ਸਾਢੇ 6 ਲੱਖ ਰੁਪਏ ਦੀ ਲਾਗਤ ਨਾਲ ਅਮ੍ਰਿਤ ਸਰੋਵਰ ਬਣਾਇਆ ਜਾ ਰਿਹਾ ਹੈ ਅਤੇ ਇਸ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਪੁਲ ਤਿੱਬੜੀ ਤੋਂ ਲੈ ਕੇ ਸਰੋਵਰ ਤੱਕ ਇੰਟਰਲਾਕ ਟਾਇਲਾਂ ਵੀ ਲਗਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਤਿੰਨ ਕਰੋੜ ਰੁਪਏ ਦੀ ਲਾਗਤ ਨਾਲ ਰਜਬਾਹਿਆਂ ਨੂੰ ਸੀਮੈਂਟ ਨਾਲ ਪੱਕਾ ਕੀਤਾ ਜਾ ਰਿਹਾ ਹੈ ਜਿਸ ਦਾ ਕੰਮ 31 ਮਾਰਚ ਤੋਂ ਪਹਿਲਾਂ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਰਜਬਾਹਿਆਂ ਦੇ ਪੱਕੇ ਹੋਣ ਕਾਰਨ ਟੇਲਾਂ 'ਤੇ ਪਾਣੀ ਆਸਾਨੀ ਨਾਲ ਪੁੱਜੇਗਾ ਅਤੇ ਕਿਸਾਨਾਂ ਨੂੰ ਨਹਿਰੀ ਪਾਣੀ ਦਾ ਭਰਪੂਰ ਲਾਭ ਮਿਲੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਜਬਾਹਿਆਂ ਵਿਚ ਘਰਾਂ ਦਾ ਗੰਦਾ ਪਾਣੀ ਨਾ ਸੁੱਟਣ। ਉਨ੍ਹਾਂ ਕਿਹਾ ਨਹਿਰਾਂ ਦਾ ਪਾਣੀ ਚੋਰੀ ਕਰਨ ਵਾਲਿਆਂ ਖ਼ਿਲਾਫ਼ ਸਖਤ ਕਾਨੂੰਨੀ ਕਾਰਵਾਈ ਪੁਲਿਸ ਵਿਭਾਗ ਵਲੋਂ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅੰਮ੍ਰਿਤ ਸਰੋਵਰ 31 ਮਾਰਚ ਤੋਂ ਪਹਿਲਾਂ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਜੇਈ ਉਪਦੇਸ਼ ਕੁਮਾਰ, ਜੇਈ ਜੁਸ਼ਾਨ ਸਿੰਘ ਤੇ ਹੋਰ ਕਰਮਚਾਰੀ ਹਾਜ਼ਰ ਸਨ।

# ਵਾਹਿਗੁਰੂ ਐਂਟਰਪ੍ਰਾਈਜ਼ਿਜ਼ ਨੇ ਜੋਬਨਪ੍ਰੀਤ ਸਿੰਘ ਦਾ ਯੂ ਕੇ ਦਾ ਵਰਕ ਵੀਜ਼ਾ ਲਗਵਾਇਆ




**ਗੋਇੰਦਵਾਲ ਸਹਿਬ (ਕਾਬਲ ਸਿੰਘ ਮੱਲ੍ਹੀ)**-ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਜੋ ਕਿ ਇਲਾਕੇ ਵਿਚ ਵੀਜ਼ੇ ਲਗਵਾਉਣ ਵਿੱਚ ਪਹਿਲੀ ਕਤਾਰ ਵਿੱਚ ਨਜ਼ਰ ਆਉਂਦੀ ਹੈ ਅਤੇ ਅਬਰੌਡ ਦੇ ਸਟੱਡੀ ਵੀਜ਼ੇ ਲਗਵਾਉਣ ਵਿੱਚ ਅਤੇ ਸਮਾਜ ਵਿਚ ਨਾਮਣਾ ਖੱਟ ਚੁੱਕੀ ਹੈ, ਨੇ ਇਕ ਹੋਰ ਮਾਅਰਕਾ ਮਾਰਦਿਆਂ ਜੋਬਨਪ੍ਰੀਤ ਸਿੰਘ ਵਾਸੀ ਵਲਟੋਹਾ ਦਾ ਯੂ ਕੇ ਦਾ ਵਰਕ ਵੀਜ਼ਾ ਲਗਵਾ ਕੇ ਨਵਾਂ ਮੁਕਾਮ ਹਾਸਲ ਕੀਤਾ। ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਦੇ ਐੱਮਡੀ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਜੋਬਨਪ੍ਰੀਤ ਸਿੰਘ ਦਾ ਵਰਕ ਵੀਜ਼ਾ ਬਿਨਾਂ ਆਈਲੈਟਸ ਹਾਸਲ ਕਰਵਾਇਆ ਗਿਆ ਹੈ ਜਿਸ ਤੇ ਵਿਦਿਆਰਥੀ ਅਤੇ ਉਸ ਦੇ ਮਾਪੇ ਬਹੁਤ ਖੁਸ਼ ਹਨ। ਸੰਸਥਾ ਦੇ ਐੱਮਡੀ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਭੇਜੇ ਗਏ ਵਿਦਿਆਰਥੀ ਜਿੱਥੇ ਵੱਖ-ਵੱਖ ਯੂਨੀਵਰਸਿਟੀਆਂ/ਕਾਲਜਾਂ ਵਿੱਚ ਪੜ੍ਹਾਈ ਕਰ ਰਹੇ ਹਨ ਅਤੇ ਬਣਦੇ ਸਮੇਂ ਅੰਦਰ ਆਪਣਾ ਕੰਮ ਕਰ ਰਹੇ ਹਨ ਅਤੇ ਲੋੜ ਮੁਤਾਬਕ ਉਨ੍ਹਾਂ ਨੂੰ ਸੰਸਥਾ ਵੱਲੋਂ ਗਾਈਡ ਵੀ ਕੀਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਜਨਵਰੀ ਇਨਟੇਕ ਲਈ ਸੰਸਥਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਜੋਬਨਪ੍ਰੀਤ ਅਤੇ ਉਸਦੇ ਪਰਿਵਾਰ ਨੇ ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਅਤੇ ਉਸ ਦੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ।

# ਜਥੇਦਾਰ ਸਤਨਾਮ ਸਿੰਘ ਹਾਂਸ ਨੂੰ ਸਦਮਾ, ਪਤਨੀ ਦਾ ਦਿਹਾਂਤ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਮਜੀਠਾ ਹਲਕੇ ਦੇ ਸੀਨੀਅਰ ਅਕਾਲੀ ਆਗੂ ਸਾਬਕਾ ਸਰਪੰਚ ਜਥੇਦਾਰ ਸਤਨਾਮ ਸਿੰਘ ਹਾਂਸ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਪਤਨੀ ਬੀਬੀ ਰਣਜੀਤ ਕੌਰ ਦਾ ਬੀਤੇ ਦਿਨ ਸੰਖੇਪ ਜਿਹੀ ਬਿਮਾਰੀ ਕਾਰਣ ਅਚਾਨਕ ਦਿਹਾਂਤ ਹੋ ਗਿਆ।

ਇਸ ਦੁੱਖ ਦੀ ਘੜੀ ਵਿੱਚ ਸਾਬਕਾ ਕੈਬਨਟ ਮੰਤਰੀ ਬਿਕਰਮ ਸਿੰਘ ਮਜੀਠੀਆ, ਵਿਧਾਇਕ ਬੀਬਾ ਗਨੀਵ ਕੌਰ ਮਜੀਠਾ, ਸਾਬਕਾ ਰਾਜ ਸਭਾ ਮੈਂਬਰ ਰਾਜ ਮਹਿੰਦਰ ਸਿੰਘ ਮਜੀਠਾ, ਹਲਕਾ ਦੱਖਣੀ ਦੇ ਇੰਚਾਰਜ ਤਲਬੀਰ ਸਿੰਘ ਗਿੱਲ, ਲਖਬੀਰ ਸਿੰਘ ਲੱਖਾ ਸਿਆਸੀ ਸਲਾਹਕਾਰ, ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ ਤਨੇਲ, ਸਾਬਕਾ ਵਿਧਾਇਕ ਸਵਿੰਦਰ ਸਿੰਘ ਕਥੂਨੰਗਲ, ਸਾਬਕਾ ਵਿਧਾਇਕ ਅਤੇ ਭਾਜਪਾ ਆਗੂ ਡਾਕਟਰ ਦਲਬੀਰ ਸਿੰਘ ਵੇਰਕਾ, ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ, ਉੱਘੇ ਸਮਾਜ ਸੇਵਕ ਪ੍ਰਿੰ. ਬਚਿੱਤਰ ਸਿੰਘ ਤਰਸਿੱਕਾ, ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠਾ, ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ, ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ, ਬਾਬਾ ਗੁਰਭੇਜ ਸਿੰਘ ਖੁਜਾਲਾ ਮੁੱਖ ਬੁਲਾਰੇ ਸੰਤ ਸਮਾਜ, ਬਾਬਾ ਗੁਰਦੀਪ ਸਿੰਘ ਖੁਜਾਲਾ, ਸਾਬਕਾ ਸਰਪੰਚ ਜਗਵੰਤ ਸਿੰਘ ਦੁਧਾਲਾ, ਹਲਕਾ ਜੰਡਿਆਲਾ ਦੇ ਸੀਨੀਅਰ ਅਕਾਲੀ ਆਗੂ ਦਲਬੀਰ ਸਿੰਘ ਪ੍ਰਿੰਸ, ਮਨਜੀਤ ਸਿੰਘ ਸਾਬਕਾ ਸਰਪੰਚ ਭੰਦੇਰ, ਸਲਵਿੰਦਰ ਸਿੰਘ ਰਾਜੂ ਦਸਮੇਸ਼ ਨਗਰ ਅਤੇ ਹੋਰ ਆਗੂਆਂ ਨੇ ਜਥੇਦਾਰ ਸਤਨਾਮ ਸਿੰਘ ਹਾਂਸ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਦਾ ਇਜ਼ਹਾਰ ਕੀਤਾ।

# ਪੰਜਾਬ ਦੀ ਧਰਤੀ ਬੇਸ਼ੁਮਾਰ ਕੁਰਬਾਨੀਆਂ ਤੇ ਸ਼ਹੀਦੀਆਂ ਦੀ ਪ੍ਰਤੱਖ ਗਾਥਾ : ਸਾਧਵੀ ਬਲਜੀਤ ਭਾਰਤੀ



**ਤਰਨਤਾਰਨ (ਪ੍ਰਿਤਪਾਲ ਸਿੰਘ)**-ਦਿਵਯ ਜਯੋਤੀ ਜਾਗਰਤੀ ਸੰਸਥਾਨ ਦੀ ਸ਼ਾਖਾ ਤਰਨਤਾਰਨ ਅੰਦਰ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ ਗਿਆ ।ਸਤਸੰਗ ਦੌਰਾਨ ਪ੍ਰਵਚਨ ਕਰਦਿਆਂ ਸਾਧਵੀ ਬਲਜੀਤ ਭਾਰਤੀ ਨੇ ਕਿਹਾ ਕਿ ਸ਼ਹਾਦਤ ਦੀ ਮਹਾਨ ਪਰੰਪਰਾ ਪੰਜਾਬ ਦੇ ਇਤਿਹਾਸ ਦੀ ਸ਼ਾਨ ਰਹੀ ਹੈ ।ਪੰਜਾਬ ਦੀ ਧਰਤੀ ਬੇਸ਼ੁਮਾਰ ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਪ੍ਰਤੱਖ ਗਾਥਾ ਹੈ ।ਇਸ ਧਰਤੀ ਉਪਰ ਹੀ ਧਰਮ ਅਤੇ ਸੱਚ ਦੀਆਂ ਨੀਹਾਂ ਪੱਕੀਆਂ ਕਰਨ ਲਈ ਮਹਾਂਪੁਰਸ਼ ਜ਼ੰਜੀਰਾਂ ਵਿੱਚ ਜਕੜੇ ਗਏ ।ਦੁਖੀਆਂ ਮਜ਼ਲੂਮਾਂ ਦੇ ਹੰਝੂ ਪੂੰਜਣ ਲਈ ਆਰਿਆਂ ਨਾਲ ਚੀਰੇ ਗਏ, ਰੰਬੀਆਂ ਨਾਲ ਆਪਣੀਆਂ ਖੋਪੜੀਆਂ ਲੁਹਾ ਦਿੱਤੀਆਂ ।ਪੰਜਾਬ ਦਾ ਇਤਿਹਾਸ ਆਪਣੀ ਬੁੱਕਲ ਵਿੱਚ ਅਜਿਹੀਆਂ ਅਨੇਕਾਂ ਹੀ ਬੇਸ਼ੁਮਾਰ ਗਾਥਾਵਾਂ ਅਤੇ ਘੱਲੂਕਾਰਿਆਂ ਨੂੰ ਸਮੇਟ ਕੇ ਬੈਠਾ ਹੈ ਜਿਨ੍ਹਾਂ ਨੂੰ ਪੜ੍ਹਨ ਅਤੇ ਸੁਣਨ ਵਾਲਾ ਵਿਅਕਤੀ ਆਪ ਮੁਹਾਰੇ ਹੀ ਮਾਣ ਮਹਿਸੂਸ ਕਰ ਉੱਠਦਾ ਹੈ।ਪ੍ਰਵਚਨਾਂ ਦੇ ਦੌਰਾਨ ਸਾਧਵੀ ਜੀ ਨੇ ਕਿਹਾ ਕਿ ਕੁਰਬਾਨੀਆਂ ਦੇ ਸਿਰਤਾਜ ਕੋਈ ਹੋਰ ਨਹੀਂ ਬਲਕਿ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਸਨ ਜਿਨ੍ਹਾਂ ਨੇ ਮਾਨਵਤਾ ਦੀ ਰੱਖਿਆ ਲਈ ਆਪਣੇ ਆਪ ਨੂੰ ਹੱਸ ਕੇ ਕੁਰਬਾਨ ਕਰ ਦਿੱਤਾ ।ਉਸ ਸਮੇਂ ਮੁਗਲਾਂ ਨੇ ਮਾਨਵਤਾ ਉਪਰ ਬਹੁਤ ਸਾਰੇ ਅੱਤਿਆਚਾਰ ਕੀਤੇ ਪਰ ਉਹ ਇਸ ਗੱਲ ਤੋਂ ਬਿਲਕੁਲ ਅਣਜਾਣ ਸਨ ਕਿ ਸ਼ਹੀਦ ਹਰੇਕ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਕੌਮੀ ਆਦਰਸ਼ਾਂ ਲਈ ਦਿੱਤੀ ਗਈ ਸ਼ਹੀਦੀ ਕਦੇ ਵੀ ਵਿਅਰਥ ਨਹੀਂ ਜਾਂਦੀ।ਜਦੋਂ ਇਸ ਧਰਤੀ ਦੀ ਗੋਦ ਵਿੱਚ ਸ਼ਹੀਦਾਂ ਦਾ ਖ਼ੂਨ ਡੁੱਲ੍ਹਦਾ ਹੈ ਤਾਂ ਕੌਮਾਂ ਬਲਵਾਨ ਬਣਦੀਆਂ ਹਨ ।ਸ਼ਹੀਦ ਸਦਾ ਹੀ ਜਿਉਂਦੇ ਰਹਿੰਦੇ ਹਨ। ਇਸ ਪ੍ਰੋਗਰਾਮ ਦੌਰਾਨ ਸਾਧਵੀ ਪੁਸ਼ਪਮਾਲਾ ਭਾਰਤੀ ਅਤੇ ਸਾਧਵੀ ਨਾਯਨਾ ਭਾਰਤੀ ਨੇ ਸੁੰਦਰ ਭਜਨਾਂ ਦਾ ਗਾਇਨ ਕੀਤਾ।

# ਪ੍ਰਿੰ. ਗਗਨਦੀਪ ਸ਼ਰਮਾ ਨੈਸ਼ਨਲ ਐਵਾਰਡ ਨਾਲ ਸਨਮਾਨਿਤ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਮਾਊਂਟ ਲਿਟਰਾ ਜ਼ੀ ਸਕੂਲ ਤਰਨ ਤਾਰਨ ਦੇ ਪ੍ਰਿੰਸੀਪਲ ਗਗਨਦੀਪ ਸ਼ਰਮਾ ਨੂੰ ਐੱਫਏਪੀ ਨੈਸ਼ਨਲ ਪ੍ਰਿਸਟੀਜੀਅਸ ਪ੍ਰਿੰਸੀਪਲ ਐਵਾਰਡ 2023 ਨਾਲ ਸਨਮਾਨਿਤ ਕੀਤਾ ਗਿਆ। ਬੀਤੇ ਦਿਨੀਂ ਚੰਡੀਗੜ੍ਹ ਵਿਖੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਗਲੋਬਲ ਪੱਧਰ 'ਤੇ ਸਿੱਖਿਆ ਦੇ ਖੇਤਰ ਵਿੱਚ ਕੰਮ ਕਰ ਰਹੀ ਇਸ ਸੰਸਥਾ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਲਈ ਭਾਰਤ ਦੇ 26 ਰਾਜਾਂ ਦੇ ਪ੍ਰਿੰਸੀਪਲਾਂ ਨੂੰ ਸਨਮਾਨਿਤ ਕੀਤਾ ਗਿਆ । ਜ਼ਿਕਰਯੋਗ ਹੈ ਕਿ ਇਸ ਸਮਾਗਮ ਵਿੱਚ ਮਾਊਂਟ ਲਿਟਰਾ ਜ਼ੀ ਸਕੂਲ ਤਰਨ ਤਾਰਨ ਦੇ ਪ੍ਰਿੰ. ਗਗਨਦੀਪ ਸ਼ਰਮਾ ਨੂੰ ਐੱਫਏਪੀ ਨੈਸ਼ਨਲ ਪ੍ਰਿਸਟੀਜੀਅਸ ਪ੍ਰਿੰਸੀਪਲ ਐਵਾਰਡ-2023 ਨਾਲ ਨਿਵਾਜਿਆ ਗਿਆ। ਇਸ ਐਵਾਰਡ ਨੂੰ ਹਾਸਿਲ ਕਰਨ ਉਪਰੰਤ ਸਕੂਲ ਪਹੁੰਚੇ ਪ੍ਰਿੰਸੀਪਲ ਦਾ ਸਮੂਹ ਸਟਾਫ ਨੇ ਸਵਾਗਤ ਕੀਤਾ। ਪ੍ਰਿੰ. ਸ਼ਰਮਾ ਨੇ ਆਖਿਆ ਕਿ ਇਸ ਸਨਮਾਨ ਨਾਲ ਉਨ੍ਹਾਂ ਨੂੰ ਹੋਰ ਤਨਦੇਹੀ ਨਾਲ ਕੰਮ ਕਰਨ ਦੀ ਊਰਜਾ ਮਿਲੀ ਹੈ। ਸਕੂਲ ਦੇ ਮੈਨੇਜਮੈਂਟ, ਸਟਾਫ ਤੇ ਵਿਦਿਆਰਥੀਆਂ ਵੱਲੋਂ ਪ੍ਰਿੰਸੀਪਲ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਚੀਫ਼ ਖਾਲਸਾ ਦੀਵਾਨ ਦੀ ਛਤਰ ਛਾਇਆ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਬੱਚਿਆਂ ਵੱਲੋਂ ਹਰ-ਜਸ ਕੀਰਤਨ ਗਾਇਨ ਕੀਤਾ ਗਿਆ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀ ਅਹਿਮਪ੍ਰੀਤ ਸਿੰਘ ਵੱਲੋਂ ਸ਼ਹੀਦੀ ਦਿਹਾੜੇ ਨਾਲ ਸੰਬੰਧਿਤ ਕਵਿਤਾ ਦਾ ਗਾਇਨ ਕੀਤਾ ਗਿਆ।

ਉਪਰੰਤ ਸਕੂਲ ਦੇ ਧਾਰਮਿਕ ਅਧਿਆਪਕ ਹਰਪਾਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਗੁਰੂ ਜੀ ਦੇ ਲਾਸਾਨੀ ਸ਼ਹਾਦਤ ਦੇ ਸਾਕੇ ਤੋਂ ਜਾਣੂ ਕਰਵਾਇਆ ਗਿਆ । ਇਸੇ ਸੰਬੰਧੀ ਸਕੂਲ ਵਿੱਚ ਇੰਟਰ ਹਾਊਸ ਮੁਕਾਬਲੇ ਕਰਵਾਏ ਗਏ। ਬੱਚਿਆਂ ਨੇ ਬੜੀ ਲਗਨ ਤੇ ਮਿਹਨਤ ਨਾਲ ਤਿਆਰੀ ਕੀਤੀ ਜਿਨਾਂ ਵਿੱਚੋਂ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਨੇ ਪਹਿਲਾ, ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਨੇ ਦੂਜਾ ਅਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਪਾਏ ਪੂਰਨਿਆਂ 'ਤੇ ਤੁਰ ਕੇ ਸਿੱਖੀ ਸਿਧਾਂਤਾਂ ਅਨੁਸਾਰ ਆਪਣਾ ਜੀਵਨ ਜਿਊਣ ਲਈ ਪ੍ਰੇਰਿਤ ਕੀਤਾ।

# 'ਭਾਰਤ ਸੰਕਲਪ ਵਿਕਸਤ ਯਾਤਰਾ' ਦਾ ਸੋਹੀਆਂ ਕਲਾਂ ਪਹੁੰਚਣ 'ਤੇ ਨਿੱਘਾ ਸੁਆਗਤ

## ਸਰਕਾਰ ਦਾ ਟੀਚਾ ਸਾਲ 2047 ਤੱਕ ਭਾਰਤ ਨੂੰ ਵਿਕਸਤ ਮੁਲਕ ਬਣਾਉਣਾ ਹੈ : ਮੇਘਵਾਲ



**ਮਜੀਠਾ (ਸੋਇਮ ਆਨੰਦ)**-ਭਾਰਤ ਸੰਕਲਪ ਵਿਕਸਤ ਯਾਤਰਾ' ਦਾ ਪਿੰਡ ਸੋਹੀਆਂ ਕਲਾਂ ਵਿਖੇ ਪਹੁੰਚਣ ਤੇ ਨਾਇਬ ਤਹਿਸੀਲਦਾਰ ਮਜੀਠਾ ਮੁਕੇਸ਼ ਕੁਮਾਰ ਤੇ ਨੋਡਲ ਅਫਸਰ ਬੀਡੀਪੀਓ ਮਜੀਠਾ ਜਸਬੀਰ ਕੌਰ ਦੀ ਅਗਵਾਈ ਵਿੱਚ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਕੇਂਦਰੀ ਕਾਨੂੰਨ ਮੰਤਰੀ ਅਰਜਨ ਰਾਮ ਮੇਘਵਾਲ ਨੇ ਕਿਹਾ ਕਿ ਇਸ 'ਭਾਰਤ ਸੰਕਲਪ ਵਿਕਸਤ ਯਾਤਰਾ' ਦਾ ਮੁੱਖ ਮਕਸਦ ਹੇਠਲੇ ਪੱਧਰ ਤੇ ਲੋਕਾਂ ਨੂੰ ਕੇਂਦਰ ਦੀਆਂ ਲੋਕ ਭਲਾਈ ਸਕੀਮਾਂ ਤੋ ਜਾਣੂ ਕਰਾਉਣਾ ਹੈ ਤੇ ਸਰਕਾਰ ਦਾ ਟੀਚਾ ਸਾਲ 2047 ਤੱਕ ਭਾਰਤ ਨੂੰ ਵਿਕਸਤ ਮੁਲਕ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ ਸੰਕਲਪ ਯਾਤਰਾ ਦੇ ਤਹਿਤ ਲਾਏ ਗਏ ਕੈਂਪਾਂ ਦੇ ਜ਼ਰੀਏ ਲੋਕ ਵੱਖੋ-ਵੱਖ ਯੋਜਨਾਵਾਂ ਦਾ ਲਾਹਾ ਲੈਣ ਤੋਂ ਇਲਾਵਾ ਖੁਦ ਨੂੰ ਰਜਿਸਟਰ ਵੀ ਕਰਵਾ ਸਕਦੇ ਨੇ। ਇਸ ਦੌਰਾਨ ਲੋਕਾਂ ਨੂੰ ਜਿੱਥੇ ਲੋਕ ਭਲਾਈ ਸਕੀਮਾਂ ਬਾਰੇ ਜਾਣੂ ਕਰਵਾਇਆ ਗਿਆ, ਉੱਥੇ ਹੀ ਖੇਤੀਬਾੜੀ ਦੇ ਵਿਕਾਸ ਨੂੰ ਦਰਸਾਉਂਦਿਆਂ ਡਰੋਨ ਵੀ ਪ੍ਰਦਰਸ਼ਿਤ ਕੀਤਾ ਗਿਆ। ਇਸ ਯਾਤਰਾ ਦਾ ਮੁੱਖ ਮੰਤਵ ਲੋਕਾਂ ਨਾਲ ਸੰਪਰਕ ਕਰਨਾ, ਜਾਗਰੂਕਤਾ ਪੈਦਾ ਕਰਨਾ ਅਤੇ ਸਵੱਛਤਾ ਸੁਵਿਧਾਵਾਂ, ਜ਼ਰੂਰੀ ਵਿੱਤੀ ਸੇਵਾਵਾਂ, ਬਿਜਲੀ ਕਨੈਕਸ਼ਨ, ਐੱਲਪੀਜੀ ਸਿਲੰਡਰ ਨੂੰ ਸੁਲਭ ਕਰਵਾਉਣ, ਗ਼ਰੀਬਾਂ ਲਈ ਆਵਾਸ, ਖੁਰਾਕ ਸੁੱਰਖਿਆ, ਉਚਿਤ ਪੋਸ਼ਣ, ਭਰੋਸੇਯੋਗ ਸਿਹਤ ਸੇਵਾਵਾਂ, ਸਵੱਛ ਪੇਯਜਲ ਆਦਿ ਜਿਹੀਆਂ ਕਲਿਆਣਕਾਰੀ ਯੋਜਨਾਵਾਂ ਦਾ ਲਾਭ ਪ੍ਰਦਾਨ ਕਰਨਾ ਹੈ। ਵਿਕਸਿਤ ਭਾਰਤ ਸੰਕਲਪ ਯਾਤਰਾ ਤਹਿਤ ਆਯੁਸ਼ਮਾਨ ਭਾਰਤ, ਪੀਏਜੇਏਵਾਈ ਪ੍ਰਧਾਨ ਮੰਤਰੀ ਬਾਲਿਕਾ ਕਲਿਆਣ ਅੰਨ ਯੋਜਨਾ, ਦੀਨਦਿਆਲ ਅੰਤਯੋਦਯ ਯੋਜਨਾ, ਰਾਸ਼ਟਰੀ ਗ੍ਰਾਮੀਣ ਆਜੀਵਿਕਾ ਮਿਸ਼ਨ, ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ), ਪ੍ਰਧਾਨ ਮੰਤਰੀ ਉੱਜਵਲਾ ਯੋਜਨਾ, ਪ੍ਰਧਾਨ ਮੰਤਰੀ ਵਿਸ਼ਵਕਰਮਾ; ਪ੍ਰਧਾਨ ਮੰਤਰੀ ਕਿਸਾਨ ਸੰਮਾਨ, ਕਿਸਾਨ ਕ੍ਰੈਡਿਟ ਕਾਰਡ (ਕੇਸੀਸੀ), ਪ੍ਰਧਾਨ ਮੰਤਰੀ ਪੋਸ਼ਣ ਅਭਿਯਾਨ, ਹਰ ਘਰ ਜਲ ਓਜਲ ਜੀਵਨ ਮਿਸ਼ਨ, ਪਿੰਡਾਂ ਦਾ ਸਰਵੇਖਣ ਅਤੇ ਪੇਂਡੂ ਖੇਤਰਾਂ ਵਿੱਚ ਉੱਨਤ ਟੈਕਨੋਲੋਜੀ ਦੇ ਨਾਲ ਮੈਪਿੰਗ, ਜਨ ਧਨ ਯੋਜਨਾ, ਜੀਵਨ ਜਯੋਤੀ ਬੀਮਾ ਯੋਜਨਾ, ਸੁਰਕਸ਼ਾ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ ਆਦਿ ਨੂੰ ਪ੍ਰਚਾਰਿਤ ਕੀਤਾ ਜਾ ਰਿਹਾ ਹੈ, ਤਾਂ ਜੋ ਹਰ ਵਿਅਕਤੀ ਇਨ੍ਹਾਂ ਦਾ ਲਾਹਾ ਲੈ ਸਕੇ। ਇਸ ਮੌਕੇ 'ਮੇਰੀ ਕਹਾਣੀ ਮੇਰੀ ਜ਼ੁਬਾਨੀ' ਗਤੀਵਿਧੀਆਂ ਵਿੱਚ ਭਾਰਤ ਸਰਕਾਰ ਦੀਆਂ ਸਕੀਮਾ ਦੇ ਲਾਭਪਾਤਰੀਆ ਨੇ ਆਪਣੇ ਤਜਰਬੇ ਤੇ ਸਕੀਮਾਂ ਦੇ ਲਾਭ ਵੀ ਦੱਸੇ, ਜਿਨ੍ਹਾ ਨੂੰ ਮੇਘਵਾਲ ਵਲੋ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਉਕਤ ਤੋ ਇਲਾਵਾ ਸੀਨੀਅਰ ਭਾਜਪਾ ਆਗੂ ਸ਼ਵੇਤ ਮਲਕ, ਡਾ ਜਗਮੋਹਨ ਰਾਜੂ, ਪ੍ਰਦੀਪ ਸਿੰਘ ਭੁੱਲਰ ਮਜੀਠਾ, ਰਜਿੰਦਰ ਮੋਹਨ ਛੀਨਾ, ਡਾ ਜਸਵਿੰਦਰ ਸਿੰਘ ਢਿੱਲੋਂ, ਅਮਰਪਾਲ ਸਿੰਘ ਬੋਨੀ ਅਜਨਾਲਾ, ਡਾ ਸੁਸ਼ੀਲ ਦੇਵਗਨ, ਦਿਹਾਤੀ ਜਿਲਾ ਪ੍ਰਧਾਨ ਐਸਸੀ ਵਿੰਗ ਮਨਦੀਪ ਸਿੰਘ ਮੰਨਾ, ਏਡੀਸੀ ਡਿਵੇਲਪਮੈਂਟ ਪਰਮਜੀਤ ਕੌਰ, ਐੱਸਡੀਐੱਮ ਮਜੀਠਾ ਡਾ, ਹਰਨੂਰ ਕੌਰ ਢਿੱਲੋਂ, ਡੀਡੀਪੀਓ ਸੰਦੀਪ ਮਲਹੋਤਰਾ, ਸੀਡੀਪੀਓ ਮਜੀਠਾ ਗਗਨਦੀਪ ਸਿੰਘ, ਸਿਹਤ ਵਿਭਾਗ ਤੋਂ ਰਣਜੀਤ ਕੁਮਾਰ ਤੇ ਡਿਪਟੀ ਮਾਸ ਮੀਡੀਆ ਅਫਸਰ ਕਮਲਦੀਪ ਭੱਲਾ, ਡਾਕ ਵਿਭਾਗ ਦੇ ਐੱਸਐੱਸਪੀ ਦੀਪਕ ਕੁਮਾਰ, ਜ਼ਿਲਾ ਸਿੱਖਿਆ ਅਫਸਰ ਸ਼ੁਸ਼ੀਲ ਤੁਲੀ, ਪ੍ਰਿੰਸੀਪਲ ਪਵਨਦੀਪ ਕੌਰ ਸੋਹੀਆਂਕਲਾਂ, ਜ਼ਿਲਾ ਖੇਤੀਬਾੜੀ ਅਫਸਰ ਜਤਿੰਦਰ ਸਿੰਘ ਗਿੱਲ, ਪੁਲਸ ਵਿਭਾਗ ਤੋਂ ਐੱਸਪੀ ਜੁਗਰਾਜ ਸਿੰਘ, ਡੀਐੱਸਪੀ ਕਵਲਪ੍ਰੀਤ ਸਿੰਘ, ਐੱਸਐੱਚਓ ਮਜੀਠਾ ਅਮੋਲਕ ਸਿੰਘ ਕਾਹਲੋਂ ਆਦਿ ਹਾਜ਼ਰ ਸਨ। ਸਟੇਜ ਦੀ ਭੂਮਿਕਾ ਵਾਇਸ ਪ੍ਰਿੰਸੀਪਲ ਅਮਨ ਸ਼ਰਮਾ ਵੱਲੋਂ ਨਿਭਾਈ ਗਈ।

# ਅਧਿਆਪਕ ਪੱਕੇ ਹੋਣ 'ਤੇ ਐਸੋਸੀਏਟ ਟੀਚਰਜ਼ ਯੂਨੀਅਨ ਨੇ ਸ਼ੁਕਰਾਨਾ ਸਮਾਗਮ ਕਰਵਾਇਆ

**ਗੁਰਦਾਸਪੁਰ, (ਜਨਕ ਮਹਾਜਨ)**-ਐਸੋਸੀਏਟ ਟੀਚਰ ਯੂਨੀਅਨ ਗੁਰਦਾਸਪੁਰ ਵਲੋਂ ਪੱਕੇ ਹੋਣ ਦੀ ਖੁਸ਼ੀ ਵਿਚ ਅੱਜ ਗੁਰਦੁਆਰਾ ਸ੍ਰੀ ਸਿੰਘ ਸਭਾ ਗੁਰਦਾਸਪੁਰ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾ ਕੇ ਸ਼ੁਕਰਾਨਾ ਅਰਦਾਸ ਕਰਵਾਈ ਗਈ। ਸ਼ੁਕਰਾਨਾ ਸਮਾਗਮ ਮੌਕੇ ਰਾਗੀ ਸਿੰਘਾਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਇਸ ਸ਼ੁਕਰਾਨਾ ਅਰਦਾਸ ਵਿੱਚ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਪਨਸਪ ਦੇ ਚੇਅਰਮੈਨ ਬਲਬੀਰ ਸਿੰਘ ਪੰਨੂ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਸ਼ਮਸ਼ੇਰ ਸਿੰਘ, ਮਾਰਕਿਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਭਾਰਤ ਭੂਸ਼ਨ ਸ਼ਰਮਾਂ ਤੋਂ ਇਲਾਵਾ ਐਸੋਸੀਏਟ ਟੀਚਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਜਮੇਰ ਸਿੰਘ, ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਅਨੁਭਵ ਗੁਪਤਾ, ਪਠਾਨਕੋਟ ਤੋਂ ਜ਼ਿਲ੍ਹਾ ਪ੍ਰਧਾਨ ਮੁਨੀਸ ਸਰਮਾ, ਤਰਨਤਾਰਨ ਤੋਂ ਜ਼ਿਲ੍ਹਾ ਪ੍ਰਧਾਨ ਮਿਰਜਾ ਸਿੰਘ, ਸੰਗਰੂਰ ਤੋਂ ਜੁਝਾਰ ਸਿੰਘ ਆਪਣੇ ਸਾਥੀਆਂ ਸਮੇਤ ਹਾਜ਼ਰ ਹੋਏ। ਇਸ ਮੌਕੇ ਐਸੋਸੀਏਟ ਟੀਚਰ ਯੂਨੀਅਨ ਦੇ ਨੁਮਾਇੰਦਿਆਂ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਇਸ ਦੌਰਾਨ ਯੂਨੀਅਨ ਦੇ ਆਗੂਆਂ ਨੇ ਪੰਜਾਬ ਸਰਕਾਰ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਯੂਨੀਅਨ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮਾਨ ਸਰਕਾਰ ਨੇ ਆਪਣੇ ਚੋਣ ਵਾਅਦੇ ਤਹਿਤ ਕੱਚੇ ਅਧਿਆਪਕਾਂ ਨੂੰ ਪੱਕੇ ਕਰਕੇ ਆਪਣਾ ਵਚਨ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨੌਜਵਾਨਾਂ ਨੂੰ ਵੱਡੀ ਪੱਧਰ 'ਤੇ ਰੁਜ਼ਗਾਰ ਦਿੱਤਾ ਜਾ ਰਿਹਾ ਹੈ ਜਿਸ ਤੋਂ ਨੌਜਵਾਨ ਵਰਗ ਪੂਰੀ ਤਰ੍ਹਾਂ ਖੁਸ਼ ਹੈ। ਇਸ ਦੌਰਾਨ ਚੇਅਰਮੈਨ ਜਗਰੂਪ ਸਿੰਘ ਸੇਖਵਾਂ, ਬਲਬੀਰ ਸਿੰਘ ਪੰਨੂ, ਸ਼ਮਸ਼ੇਰ ਸਿੰਘ ਨੇ ਵੀ ਯੂਨੀਅਨ ਮੈਂਬਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਅਸਲ ਵਿੱਚ ਆਮ ਲੋਕਾਂ ਦੀ ਸਰਕਾਰ ਹੈ ਅਤੇ ਸਰਕਾਰ ਵੱਲੋਂ ਲੋਕ ਹਿੱਤ ਕਈ ਅਹਿਮ ਫੈਸਲੇ ਲਏ ਗਏ ਹਨ। ਉਨ੍ਹਾਂ ਕਿਹਾ ਕਿ ਕੱਚੇ ਅਧਿਆਪਕਾਂ ਦੀ ਲੰਮੇ ਸਮੇਂ ਤੋਂ ਮੰਗ ਪੂਰੀ ਕਰਕੇ ਮਾਨ ਸਰਕਾਰ ਨੇ ਬਹੁਤ ਵਧੀਆ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਆਪਣੀਆਂ ਸਾਰੀਆਂ ਗਰੰਟੀਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ।

19-Dec-PAGE-4.qxd 12/18/2023 10:45 PM Page 1

ਨਵਾਂ ਜ਼ਮਾਨਾ
ਮੰਗਲਵਾਰ, 19 ਦਸੰਬਰ 2023

# ਲੋਕ ਹਿੱਤੂ ਏਜੰਡੇ ਦੀ ਲੋੜ

ਲੰਮੀ ਉਡੀਕ ਬਾਅਦ ਇੰਡੀਆ ਗਠਜੋੜ ਦੀ ਮੀਟਿੰਗ ਹੋ ਰਹੀ ਹੈ। ਭਾਵੇਂ ਮੀਟਿੰਗ ਦਾ ਕੋਈ ਤੈਅਸ਼ੁਦਾ ਏਜੰਡਾ ਜਾਰੀ ਨਹੀਂ ਕੀਤਾ ਗਿਆ, ਪਰ ਸਪੱਸ਼ਟ ਤੌਰ ਉੱਤੇ ਹੁਣੇ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਨਿਰਾਸ਼ਾਜਨਕ ਹਾਰ 'ਤੇ ਚਰਚਾ ਜ਼ਰੂਰ ਹੋਵੇਗੀ। ਹੁਣ ਤੱਕ ਭਾਜਪਾ ਦੇ ਸਾਰੇ ਪਿੱਛਲੱਗ ਬੁੱਧੀਜੀਵੀ ਜ਼ੋਰ-ਸ਼ੋਰ ਨਾਲ ਇਹ ਪ੍ਰਚਾਰ ਕਰਨ ਵਿੱਚ ਲੱਗੇ ਹੋਏ ਹਨ ਕਿ ਮੋਦੀ ਦੇ ਕ੍ਰਿਸ਼ਮੇ ਅੱਗੇ ਇੰਡੀਆ ਗਠਜੋੜ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਟਿਕਣ ਵਾਲਾ ਨਹੀਂ, ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਰਾਜਾਂ ਵਿਚਲੀਆਂ ਲੋਕ ਸਭਾ ਸੀਟਾਂ ਵਿੱਚੋਂ ਕਾਂਗਰਸ ਕੋਲ ਤਾਂ ਪਹਿਲਾਂ ਹੀ ਤਿੰਨ ਹਨ, ਫਿਰ ਇਨ੍ਹਾਂ ਰਾਜਾਂ ਵਿੱਚ ਗਠਜੋੜ ਕੋਲ ਗੁਆਉਣ ਲਈ ਕੁਝ ਹੈ ਹੀ ਨਹੀਂ।

ਇਸੇ ਦੌਰਾਨ ਸੈਂਟਰ ਫਾਰ ਦੀ ਸਟੱਡੀ ਆਫ਼ ਡਿਵੈੱਲਪਿੰਗ ਸੁਸਾਇਟੀ (ਸੀ ਐੱਸ ਡੀ ਐੱਸ) ਨੇ ਪੋਲਿੰਗ ਤੋਂ ਬਾਅਦ ਕੀਤੇ ਗਏ ਸਰਵੇ ਵਿੱਚ ਜਿਹੜੇ ਅੰਕੜੇ ਪੇਸ਼ ਕੀਤੇ ਹਨ, ਉਹ ਇੰਡੀਆ ਗਠਜੋੜ ਲਈ ਉਤਸ਼ਾਹਵਰਧਕ ਵੀ ਹਨ ਤੇ ਕਮਜ਼ੋਰੀਆਂ ਦੂਰ ਕਰਕੇ ਅੱਗੇ ਵਧਣ ਲਈ ਰਾਹ ਦਿਖਾਊ ਵੀ।

ਇਸ ਸਰਵੇ ਅਨੁਸਾਰ ਗਰੀਬ, ਦਲਿਤਾਂ ਤੇ ਘੱਟ ਗਿਣਤੀਆਂ ਵਿੱਚ ਹਾਲੇ ਵੀ ਕਾਂਗਰਸ ਭਾਜਪਾ ਉੱਤੇ ਭਾਰੂ ਹੈ। ਰਾਜਸਥਾਨ ਵਿੱਚ ਗਰੀਬ ਤਬਕੇ ਦੇ ਲੋਕ ਪਿਛਲੀ ਵਾਰ ਦੇ 40 ਫ਼ੀਸਦੀ ਦੇ ਮੁਕਾਬਲੇ ਇਸ ਵਾਰ 45 ਫ਼ੀਸਦੀ ਕਾਂਗਰਸ ਦੇ ਹੱਕ ਵਿੱਚ ਭੁਗਤੇ ਹਨ। ਭਾਜਪਾ ਵੱਲ ਜਾਣ ਵਾਲੇ ਗਰੀਬਾਂ ਦੀ ਗਿਣਤੀ ਪਿਛਲੀ ਵਾਰ 41 ਫ਼ੀਸਦੀ ਦੇ ਮੁਕਾਬਲੇ ਇਸ ਵਾਰ ਘਟ ਕੇ 36 ਫ਼ੀਸਦੀ ਉੱਤੇ ਪਹੁੰਚ ਗਈ ਹੈ। ਦਲਿਤਾਂ ਵਿੱਚ ਵੀ ਕਾਂਗਰਸ ਭਾਜਪਾ ਦੇ 33 ਫ਼ੀਸਦੀ ਦੇ ਮੁਕਾਬਲੇ 48 ਫ਼ੀਸਦੀ ਲੈ ਕੇ ਉਸ ਤੋਂ ਕਾਫ਼ੀ ਅੱਗੇ ਰਹੀ ਹੈ। ਘੱਟ ਗਿਣਤੀ ਤਬਕੇ ਦੀਆਂ ਤਾਂ ਕਾਂਗਰਸ ਨੇ 90 ਫ਼ੀਸਦੀ ਵੋਟਾਂ ਹਾਸਲ ਕਰਕੇ ਸਭ ਨੂੰ ਪਛਾੜ ਦਿੱਤਾ ਹੈ।

ਹੁਣ ਲਓ ਮੱਧ ਪ੍ਰਦੇਸ਼ ਦੇ ਅੰਕੜੇ। ਇਸ ਰਾਜ ਵਿੱਚ ਕਾਂਗਰਸ ਨੇ ਗਰੀਬ ਤਬਕੇ ਦੀਆਂ ਪਿਛਲੀ ਵਾਰ ਦੀਆਂ 44 ਫ਼ੀਸਦੀ ਦੇ ਮੁਕਾਬਲੇ 47 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ। ਇਸ ਦੇ ਮੁਕਾਬਲੇ ਭਾਜਪਾ ਨੂੰ 41 ਫ਼ੀਸਦੀ ਵੋਟਾਂ ਮਿਲੀਆਂ ਹਨ। ਦਲਿਤਾਂ ਵਿੱਚੋਂ ਕਾਂਗਰਸ ਨੇ 45 ਫ਼ੀਸਦੀ ਤੇ ਭਾਜਪਾ ਨੇ 39 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ। ਇੱਥੇ ਘੱਟ ਗਿਣਤੀ ਫਿਰਕੇ ਦੀਆਂ ਵੋਟਾਂ ਕਾਂਗਰਸ ਨੂੰ 85 ਫ਼ੀਸਦੀ ਮਿਲੀਆਂ ਹਨ।

ਛੱਤੀਸਗੜ੍ਹ ਵਿੱਚ ਭਾਜਪਾ ਗਰੀਬ ਤਬਕੇ ਅੰਦਰ ਬਾਜ਼ੀ ਮਾਰਨ ਵਿੱਚ ਕਾਮਯਾਬ ਰਹੀ ਹੈ। ਉਸ ਦਾ ਪਿਛਲੀ ਵਾਰ ਦੀ 34 ਫ਼ੀਸਦੀ ਦੇ ਮੁਕਾਬਲੇ ਵੋਟ ਵਧ ਕੇ 50 ਫ਼ੀਸਦੀ ਤੱਕ ਪੁੱਜ ਗਿਆ ਹੈ। ਕਾਂਗਰਸ ਦਾ 43 ਫ਼ੀਸਦੀ ਤੋਂ ਘਟ ਕੇ 40 ਫ਼ੀਸਦੀ 'ਤੇ ਪਹੁੰਚ ਗਿਆ ਸੀ। ਇਸ ਪਿੱਛੇ ਵੱਡਾ ਕਾਰਨ ਆਦਿਵਾਸੀਆਂ ਦਾ ਕਾਂਗਰਸ ਨੂੰ ਛੱਡ ਦੇਣਾ ਰਿਹਾ ਹੈ। ਦਲਿਤਾਂ ਵਿੱਚ ਕਾਂਗਰਸ ਭਾਜਪਾ ਦੇ 39 ਫ਼ੀਸਦੀ ਦੇ ਮੁਕਾਬਲੇ 48 ਫ਼ੀਸਦੀ ਹਾਸਲ ਕਰਨ ਵਿੱਚ ਕਾਮਯਾਬ ਰਹੀ ਹੈ। ਘੱਟ ਗਿਣਤੀਆਂ ਵਿੱਚੋਂ ਵੀ ਕਾਂਗਰਸ ਦੇ ਹੱਕ ਵਿੱਚ ਸਿਰਫ਼ 53 ਫ਼ੀਸਦੀ ਹੀ ਭੁਗਤੀਆਂ, ਜੋ ਦੂਜੇ ਰਾਜਾਂ ਦੇ ਮੁਕਾਬਲੇ ਬਹੁਤ ਘੱਟ ਹੈ।

ਇਸ ਸਰਵੇ ਰਿਪੋਰਟ ਵਿੱਚ ਸਭ ਤੋਂ ਵੱਧ ਹੈਰਾਨ ਕਰਨ ਵਾਲੇ ਅੰਕੜੇ ਓ ਬੀ ਸੀ ਬਾਰੇ ਹਨ। ਓ ਬੀ ਸੀ ਦੀਆਂ ਕਈ ਪਰਤਾਂ ਹਨ। ਇਨ੍ਹਾਂ ਵਿੱਚ ਅੱਤ ਦੇ ਗਰੀਬ ਵੀ ਹਨ, ਛੋਟੇ ਕਿਸਾਨ ਵੀ ਹਨ, ਖੇਤ ਮਜ਼ਦੂਰ ਹਨ ਤੇ ਇਨ੍ਹਾਂ ਵਰਗਾਂ ਦਾ ਖਾਂਦਾ-ਪੀਂਦਾ ਹਿੱਸਾ ਵੀ। ਬੇਸ਼ੱਕ ਕਾਂਗਰਸ ਨੇ ਚੋਣਾਂ ਦੌਰਾਨ ਜਾਤੀ ਜਨਗਣਨਾ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ, ਪਰ ਭਾਜਪਾ ਉਸ ਨਾਲੋਂ ਇਸ ਵਰਗ ਦੀਆਂ 10 ਤੋਂ 20 ਫ਼ੀਸਦੀ ਵੋਟਾਂ ਵੱਧ ਲੈਣ ਵਿੱਚ ਕਾਮਯਾਬ ਹੋਈ। ਸਪੱਸ਼ਟ ਤੌਰ 'ਤੇ ਕਿਸਾਨ ਨਿਧੀ ਯੋਜਨਾ ਤੇ ਮੁਫ਼ਤ ਰਾਸ਼ਨ ਨੇ ਇਸ ਲਈ ਭਾਜਪਾ ਨੂੰ ਲਾਭ ਪੁਚਾਇਆ।

ਇਸ ਵਰਗ ਵਿੱਚ ਰਾਜਸਥਾਨ ਵਿੱਚੋਂ ਭਾਜਪਾ ਨੂੰ ਪਿਛਲੀ ਵਾਰ ਦੇ 40 ਫ਼ੀਸਦੀ ਦੇ ਮੁਕਾਬਲੇ 45 ਫੀਸਦੀ, ਮੱਧ ਪ੍ਰਦੇਸ਼ ਵਿੱਚ 48 ਫ਼ੀਸਦੀ ਦੇ ਮੁਕਾਬਲੇ 55 ਫ਼ੀਸਦੀ ਤੇ ਛੱਤੀਸਗੜ੍ਹ ਵਿੱਚ 42 ਫ਼ੀਸਦੀ ਦੇ ਮੁਕਾਬਲੇ 49 ਫ਼ੀਸਦੀ ਵੋਟ ਮਿਲੇ ਹਨ। ਇਸ ਵਰਗ ਵਿੱਚ ਕਾਂਗਰਸ ਦਾ ਵੋਟ ਹਰ ਥਾਂ ਘਟਿਆ। ਰਾਜਸਥਾਨ ਵਿੱਚ ਪਿਛਲੀ ਵਾਰ ਦੇ 36 ਫ਼ੀਸਦੀ ਦੇ ਮੁਕਾਬਲੇ 33 ਫ਼ੀਸਦੀ, ਮੱਧ ਪ੍ਰਦੇਸ਼ ਵਿੱਚ 41 ਫ਼ੀਸਦੀ ਦੇ ਮੁਕਾਬਲੇ 35 ਫ਼ੀਸਦੀ ਤੇ ਛੱਤੀਸਗੜ੍ਹ ਵਿੱਚ 42 ਫ਼ੀਸਦੀ ਦੇ ਮੁਕਾਬਲੇ 39 ਫ਼ੀਸਦੀ ਵੋਟ ਮਿਲੇ ਹਨ।

ਇਸ ਦੇ ਬਾਵਜੂਦ ਕਾਂਗਰਸ ਜੇਕਰ ਆਦਿਵਾਸੀ ਵਰਗ ਨੂੰ ਨਰਾਜ਼ ਨਾ ਕਰਦੀ ਤਾਂ ਉਸ ਦੀ ਹਾਲਤ ਅੱਜ ਵਾਲੀ ਨਹੀਂ ਹੋਣੀ ਸੀ। ਹੋ ਸਕਦਾ ਉਹ ਰਾਜਸਥਾਨ ਤੇ ਛੱਤੀਸਗੜ੍ਹ ਵਿੱਚ ਸਰਕਾਰ ਬਚਾਉਣ ਵਿੱਚ ਕਾਮਯਾਬ ਹੋ ਜਾਂਦੀ। ਛੱਤੀਸਗੜ੍ਹ ਵਿੱਚ ਆਦਿਵਾਸੀ ਸਮਾਜ ਕਾਂਗਰਸ ਦੀ ਅਣਦੇਖੀ ਤੋਂ ਡਾਢੇ ਸਤੇ ਹੋਏ ਸਨ। ਇਸੇ ਕਾਰਨ ਇਸ ਵਰਗ ਵਿੱਚ ਭਾਜਪਾ ਦਾ ਵੋਟ ਪਿਛਲੀ ਵਾਰ ਦੇ 25 ਫ਼ੀਸਦੀ ਤੋਂ ਵਧ ਕੇ 46 ਫ਼ੀਸਦੀ ਹੋ ਗਿਆ, ਜਦੋਂ ਕਿ ਕਾਂਗਰਸ 47 ਫ਼ੀਸਦੀ ਤੋਂ 42 ਫ਼ੀਸਦੀ ਉੱਤੇ ਪਹੁੰਚ ਗਈ । ਇਸੇ ਤਰ੍ਹਾਂ ਹੀ ਰਾਜਸਥਾਨ ਵਿੱਚ ਕਾਂਗਰਸ ਦਾ ਆਦਿਵਾਸੀ ਪਾਰਟੀ ਨਾਲ ਗਠਜੋੜ ਨਾ ਹੋਣ ਕਾਰਨ ਉਸ ਦਾ ਵੋਟ ਬੈਂਕ ਪਿਛਲੀ ਵਾਰ ਨਾਲੋਂ 16 ਫ਼ੀਸਦੀ ਘੱਟ ਗਿਆ ਹੈ।

ਇਹ ਸਾਰੇ ਅੰਕੜੇ ਦੱਸਦੇ ਹਨ ਕਿ ਜਾਤੀ ਜਨਗਣਨਾ ਦਾ ਸਿਰਫ਼ ਨਾਅਰਾ ਵਿਰੋਧੀ ਧਿਰਾਂ ਦਾ ਕੋਈ ਫਾਇਦਾ ਨਹੀਂ ਕਰ ਸਕਦਾ। ਇਸ ਜਨਗਣਨਾ ਦੇ ਨਾਅਰੇ ਵਿੱਚ ਨਾ ਰੁਜ਼ਗਾਰ ਹੈ, ਨਾ ਸਿੱਖਿਆ ਤੇ ਨਾ ਸਿਹਤ। ਇਸ ਲਈ 'ਇੰਡੀਆ' ਗਠਜੋੜ ਨੂੰ ਜਾਤੀ ਜਨਗਣਨਾ ਦੇ ਨਾਲ-ਨਾਲ ਆਰਥਿਕ ਮੁੱਦਿਆਂ ਬਾਰੇ ਵੀ ਠੋਸ ਪ੍ਰੋਗਰਾਮ ਦੇਣਾ ਪਵੇਗਾ।

ਇਹ ਚੰਗੀ ਗੱਲ ਹੈ ਕਿ ਬੇਹੱਦ ਗਰੀਬ ਤੇ ਅਣਦੇਖੀ ਦੇ ਸ਼ਿਕਾਰ ਲੋਕ ਇੰਡੀਆ ਗਠਜੋੜ ਦੇ ਮਗਰ ਹਨ, ਪਰ ਇਹ ਸੋਚਣ ਦੀ ਜ਼ਰੂਰਤ ਹੈ ਕਿ ਇਨ੍ਹਾਂ ਵਿੱਚੋਂ ਜੋ ਹਾਲੇ ਵੀ ਭਾਜਪਾ ਨਾਲ ਖੜ੍ਹੇ ਹਨ, ਉਨ੍ਹਾਂ ਨੂੰ ਨਾਲ ਕਿਵੇਂ ਲੈਣਾ ਹੈ। ਇਸ ਦੇ ਨਾਲ ਹੀ ਆਦਿਵਾਸੀ ਪਾਰਟੀਆਂ ਨੂੰ ਆਪਣੇ ਗਠਜੋੜ ਦਾ ਹਿੱਸਾ ਬਣਾ ਕੇ ਆਦਿਵਾਸੀ ਵਰਗ ਨਾਲ ਨਾਤਾ ਪੀਢਾ ਕਰਨਾ ਪਵੇਗਾ। ਇਸ ਲਈ ਇੰਡੀਆ ਗਠਜੋੜ ਨੂੰ ਇੱਕ ਵਿਆਪਕ ਏਜੰਡਾ ਲੈ ਕੇ ਜਨਤਾ ਵਿੱਚ ਜਾਣਾ ਹੋਵੇਗਾ।

**-ਚੰਦ ਫਤਿਹਪੁਰੀ**

# ਬੇਚੈਨੀ ਦੇ ਆਲਮ 'ਚੋਂ ਗੁਜ਼ਰ ਰਿਹਾ ਹੈ ਪੰਜਾਬੀ ਸਮਾਜ


ਗੁਰਚਰਨ ਸਿੰਘ ਨੂਰਪੁਰ

ਇੱਕ ਮੁਸਾਫਿਰ ਸਫਰ 'ਤੇ ਸੀ। ਰਸਤੇ ਵਿੱਚ ਇੱਕ ਛੋਟੀ ਜਿਹੀ ਨਦੀ ਆਈ। ਆਪਣੇ ਸਾਮਾਨ ਸਮੇਤ ਉਹ ਬੰਦਾ ਨਦੀ ਪਾਰ ਕਰਨ ਹੀ ਵਾਲਾ ਸੀ ਕਿ ਉਸ ਨੂੰ ਆਪਣੇ ਤੋਂ ਕੁਝ ਕਦਮ ਦੂਰੀ 'ਤੇ ਨਦੀ ਦੇ ਕੰਢੇ ਇੱਕ ਚਮਕਦੀ ਚੀਜ਼ ਦਿਖਾਈ ਦਿੱਤੀ। ਉਹ ਆਪਣਾ ਸਾਮਾਨ ਰੱਖ ਕੇ ਉਸ ਚੀਜ਼ ਨੂੰ ਵੇਖਣ ਗਿਆ, ਉਸ ਨੇ ਵੇਖਿਆ। ਇਹ ਸੋਨੇ ਦੀਆਂ ਪੰਜ ਮੋਹਰਾਂ ਸਨ। ਜੋ ਕਿਸੇ ਨੇ ਨਦੀ ਦੇ ਤੱਟ ਦੇ ਦੱਬ ਦਿੱਤੀਆਂ ਸਨ ਅਤੇ ਛੱਲਾਂ ਨਾਲ ਮਿੱਟੀ ਖੁਰਨ ਨਾਲ ਦਿਖਾਈ ਦੇਣ ਲੱਗ ਪਈਆਂ ਸਨ। ਉਸ ਨੇ ਪੰਜੇ ਮੋਹਰਾਂ ਲੈ ਕੇ ਨਦੀ ਦੇ ਪਾਣੀ ਨਾਲ ਧੋਤੀਆਂ, ਝੋਲੇ ਵਿੱਚ ਪਾਈਆਂ ਤੇ ਨਦੀ ਪਾਰ ਕਰਨ ਲੱਗਾ। ਅਜੇ ਉਹ ਪਾਣੀ ਵਿੱਚ ਉਤਰਿਆ ਹੀ ਸੀ ਉਹਦੇ ਮਨ ਵਿੱਚ ਖਿਆਲ ਆਇਆ ਕਿ ਮੋਹਰਾਂ ਤਾਂ ਹੋਰ ਵੀ ਹੋ ਸਕਦੀਆਂ ਹਨ। ਮੈਨੂੰ ਨਦੀ ਦੇ ਤੱਟ 'ਤੇ ਦੂਰ ਤੱਕ ਤੁਰ ਕੇ ਵੇਖਣਾ ਚਾਹੀਦਾ ਹੈ। ਆਪਣੇ ਮਨ ਦੀ ਇਸ ਤੇਜ਼-ਤਰਾਰ ਸੋਚ ਦੀ ਉਡਾਰੀ 'ਤੇ ਉਸ ਨੂੰ ਕੁਝ ਪਲ ਫਖਰ ਵੀ ਮਹਿਸੂਸ ਹੋਇਆ। ਮੋਹਰਾਂ ਵਾਲਾ ਝੋਲਾ ਤੇ ਬਾਕੀ ਸਾਮਾਨ ਇੱਕ ਪਾਸੇ ਰੱਖ ਕੇ ਨਦੀ ਦੇ ਕੰਢੇ-ਕੰਢੇ ਤੁਰ ਪਿਆ। ਉਹ ਦੂਰ ਤੱਕ ਨਿਕਲ ਗਿਆ, ਪਰ ਕਿਤੋਂ ਹੋਰ ਮੋਹਰਾਂ ਨਹੀਂ ਲੱਭੀਆਂ। ਨਿਰਾਸ਼ ਜਿਹਾ ਹੋ ਕੇ ਜਦੋਂ ਵਾਪਸ ਆਇਆ ਤਾਂ ਉਹਦਾ ਮੋਹਰਾਂ ਵਾਲਾ ਝੋਲਾ ਤੇ ਬਾਕੀ ਸਾਮਾਨ ਉੱਥੋਂ ਗਾਇਬ ਸੀ। ਲਾਲਚ ਨੇ ਜੋ ਕੁਝ ਉਸ ਦੇ ਕੋਲ ਸੀ, ਉਸ ਤੋਂ ਉਸ ਨੂੰ ਵਿਰਵਾ ਕਰ ਦਿੱਤਾ ਸੀ। ਸਾਡੇ ਸਮਾਜ ਦੀ ਬਹੁ-ਗਿਣਤੀ ਦੀ ਹਾਲਤ ਇਸ ਸਮੇਂ ਉਸ ਮੁਸਾਫਿਰ ਵਰਗੀ ਹੈ। ਅਸੀਂ ਫੜੀਆਂ ਛੱਡ ਕੇ ਉਡਦੀਆਂ ਮਗਰ ਭੱਜ ਰਹੇ ਹਾਂ। ਇਹ ਠੀਕ ਹੈ ਸਾਡੇ ਦੇਸ਼ ਦੀ ਵਾਗਡੋਰ ਹੁਣ ਤੱਕ ਉਹਨਾਂ ਲੋਕਾਂ ਦੇ ਹੱਥ ਵਿੱਚ ਰਹੀ, ਜਿਹਨਾਂ ਨੇ ਲੋਕ ਹਿੱਤਾਂ ਦੀ ਬਜਾਏ ਆਪਣੇ ਨਿੱਜੀ ਸਵਾਰਥਾਂ ਅਤੇ ਰਾਜਸੀ ਹਿੱਤਾਂ ਨੂੰ ਪਹਿਲ ਦਿੱਤੀ। ਇਸ ਦਾ ਨਤੀਜਾ ਇਹ ਹੋਇਆ ਕਿ ਸਮਾਜ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ, ਮੁਸ਼ਕਲਾਂ ਪੈਦਾ ਹੋਈਆਂ। ਪੰਜਾਬ ਜੋ ਖੇਤੀ ਪ੍ਰਧਾਨ ਸੂਬਾ ਹੈ, ਪੂਰੇ ਦੇਸ਼ ਦਾ ਅੰਨ ਨਾਲ ਢਿੱਡ ਭਰਦਾ ਆਇਆ ਹੈ, ਨਾਲ ਵੱਖ-ਵੱਖ ਸਮਿਆਂ 'ਤੇ ਹੋਏ ਵਿਤਕਰਿਆਂ ਦੀ ਲੰਮੀ ਦਾਸਤਾਨ ਹੈ। ਹੁਣ ਤੱਕ ਅਜਿਹਾ ਮਾਹੌਲ ਸਿਰਜਿਆ ਜਾਂਦਾ ਰਿਹਾ ਹੈ ਕਿ ਜਿਸ ਵਿੱਚ ਪੰਜਾਬ ਦੇ ਕਿਸਾਨ ਨੂੰ ਕਿਹਾ ਜਾਂਦਾ ਹੈ ਇਹ ਜੋ ਅਨਾਜ ਤੁਸੀਂ ਪੈਦਾ ਕਰਦੇ ਹੋ, ਇਸ ਦੀ ਕਿਤੇ ਲੋੜ ਨਹੀਂ, ਇਹ ਤਾਂ ਤੁਹਾਡੇ 'ਤੇ ਰਹਿਮ ਕਰਕੇ ਖਰੀਦ ਲਿਆ ਜਾਂਦਾ ਹੈ। ਇਸ ਤੋਂ ਵੱਡੀ ਅਕ੍ਰਿਤਘਣਤਾ ਹੋਰ ਕੀ ਹੋ ਸਕਦੀ ਹੈ। ਜਿਨਸਾਂ ਦੇ ਜੋ ਭਾਅ ਇੱਥੇ ਕਿਸਾਨਾਂ ਨੂੰ ਦੇਣੇ ਚਾਹੀਦੇ ਸਨ, ਉਹ ਹੁਣ ਤੱਕ ਜਦੋਂ ਅੰਤਰਰਾਸ਼ਟਰੀ ਮੰਡੀ ਵਿੱਚ ਵੀ ਅਨਾਜ ਮੰਗ ਨਹੀਂ ਮਿਲਦੇ। ਕਣਕ-ਝੋਨੇ ਦੇ ਫਸਲੀ ਚੱਕਰ ਨੇ ਪੰਜਾਬ ਦੇ ਪਾਣੀ ਦਾ ਖਾਤਮਾ ਕਰ ਦਿੱਤਾ। ਖੇਤੀਬਾੜੀ ਸੰਬੰਧੀ ਗਲਤ ਨੀਤੀਆਂ ਰੇਹਾਂ-ਸਪਰੇਹਾਂ ਤੇਲ ਦੇ ਭਾਅ ਨੇ ਕਿਸਾਨਾਂ ਸਿਰ ਕਰਜ਼ੇ ਦੀਆਂ ਪੰਡਾਂ ਦਾ ਭਾਰ ਵਿੱਚ ਹਰ ਦਿਨ ਵਾਧਾ ਕੀਤਾ। ਖੇਤੀ ਤੇ ਬਜ਼ਾਰ ਦੇ ਗਲਬੇ ਨੇ ਨਵੀਂ ਪੀੜ੍ਹੀ ਦਾ ਖੇਤਾਂ ਨਾਲੋਂ ਮੋਹ ਤੋੜ ਦਿੱਤਾ। ਨਵੀ ਪੀੜ੍ਹੀ ਹੁਣ ਹੋਰ ਮੁਲਕਾਂ ਵਿੱਚ ਆਪਣਾ ਭਵਿੱਖ ਤਲਾਸ਼ ਰਹੀ ਹੈ। ਪੰਜਾਬ ਦੇ ਗੁਰਦਵਾਰਿਆਂ ਤੇ ਹੋਰ ਧਰਮ ਅਸਥਾਨਾਂ 'ਤੇ ਬਾਹਰਲੇ ਮੁਲਕ ਜਾਣ ਲਈ ਸੁੱਖਣਾ ਵਜੋਂ ਜਹਾਜ਼ਾਂ ਦੇ ਖਿਡੌਣੇ ਚੜ੍ਹਾਏ ਜਾ ਰਹੇ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਛੋਟੇ ਕਿਸਾਨ ਮਜਬੂਰੀ ਵੱਸ ਆਪਣੀ ਭੋਇੰ ਦਾ ਟੋਟਾ ਵੇਚ ਕੇ ਆਪਣੇ ਬੱਚਿਆਂ ਨੂੰ ਹੋਰ ਮੁਲਕਾਂ ਵੱਲ ਤੋਰ ਰਹੇ ਹਨ। ਬਾਹਰ ਗਏ ਲੋਕ ਵੀ ਆਪਣੀਆਂ ਇਧਰਲੀਆਂ ਜਾਇਦਾਦਾਂ ਵੇਚ-ਵੱਟ ਕੇ ਦੂਜੇ ਮੁਲਕਾਂ ਵਿੱਚ ਸਰਮਾਇਆ ਲਾਉਣ ਨੂੰ ਤਰਜੀਹ ਦੇਣ ਲੱਗ ਪਏ ਹਨ। ਅਜਿਹੇ ਕਈ ਹੋਰ ਕਾਰਨਾਂ ਕਰਕੇ ਜ਼ਮੀਨ ਬਹੁਤੇ ਲੋਕਾਂ ਤੋਂ ਥੋੜ੍ਹੇ ਲੋਕਾਂ ਦੇ ਹੱਥਾਂ ਵਿੱਚ ਜਾ ਰਹੀ ਹੈ। ਇਹ ਪੰਜਾਬ ਲਈ ਇੱਕ ਤਰ੍ਹਾਂ ਨਾਲ ਖਤਰੇ ਦੀ ਘੰਟੀ ਹੈ। ਭਵਿੱਖ ਵਿੱਚ ਇਹ ਅਮਲ ਹੋਰ ਵਧੇਗਾ, ਇਸ ਦੇ ਅਜਿਹੇ ਸਿੱਟੇ ਨਿਕਲਣਗੇ ਜਿਸ ਦਾ ਕਿਆਸ ਫਿਲਹਾਲ ਸਾਨੂੰ ਨਹੀਂ, ਨਾ ਹੀ ਇਸ ਖਤਰੇ ਸੰਬੰਧੀ ਕਿਤੇ ਕੋਈ ਚਰਚਾ ਹੋ ਰਹੀ ਹੈ। ਕਿਸਾਨ ਅੰਦੋਲਨ ਦੌਰਾਨ ਲੱਖਾਂ ਲੋਕ ਆਪਣੀਆਂ ਜ਼ਮੀਨਾਂ ਬਚਾਉਣ ਲਈ ਸੜਕਾਂ 'ਤੇ ਆਏ। ਹਜ਼ਾਰਾਂ ਦੀ ਗਿਣਤੀ ਵਿੱਚ ਟਰੈਕਟਰ-ਟਰਾਲੀਆਂ ਦੀ ਸ਼ਮੂਲੀਅਤ ਨੇ ਇਸ ਸੰਘਰਸ਼ ਨੂੰ ਇੱਕ ਨਿਵੇਕਲੀ ਪਹਿਚਾਣ ਦਿੱਤੀ। ਜ਼ਰਾ ਸੋਚੋ ਜੇਕਰ ਇਹੋ ਜ਼ਮੀਨਾਂ ਕੁਝ ਕੁ ਲੋਕਾਂ ਦੇ ਹੱਥਾਂ ਵਿੱਚ ਹੁੰਦੀਆਂ ਤਾਂ ਕੀ ਇੰਨੀ ਵੱਡੀ ਗਿਣਤੀ ਵਿੱਚ ਲੋਕ ਇਸ ਸੰਘਰਸ਼ ਦਾ ਹਿੱਸਾ ਬਣਦੇ? ਭਵਿੱਖ ਵਿੱਚ ਜਦੋਂ ਜ਼ਮੀਨਾਂ ਥੋੜ੍ਹੇ ਲੋਕਾਂ ਦੇ ਹੱਥਾਂ ਵਿੱਚ ਹੋਣਗੀਆਂ ਬਹੁਗਿਣਤੀ ਲੋਕ ਹੋਰ ਧੰਦਿਆਂ ਵਿੱਚ ਲੱਗੇ ਹੋਣਗੇ ਤਾਂ ਖੇਤੀ ਖੇਤਰ ਵਿੱਚ ਅਜਿਹੇ ਸੰਕਦਰ ਪੈਦਾ ਹੋਣਗੇ, ਜਿਸ ਦਾ ਸਾਨੂੰ ਕਿਆਸ ਨਹੀਂ। ਪੰਜਾਬ ਨੂੰ ਇਸ ਸਮੇਂ ਬੜੀ ਸੂਝ ਵਾਲੀ ਰਾਜਸੀ ਅਗਵਾਈ ਦੀ ਲੋੜ ਹੈ, ਜੋ ਇਸ ਨੂੰ ਵੱਖ-ਵੱਖ ਸੰਕਟਾਂ, ਮੁਸ਼ਕਲਾਂ-ਮੁਸੀਬਤਾਂ ਤੋਂ ਨਿਜ਼ਾਤ ਦਿਵਾ ਕੇ ਇਸ ਨੂੰ ਹਕੀਕੀ ਵਿਕਾਸ ਦੇ ਰਾਹ 'ਤੇ ਤੋਰ ਸਕੇ। ਇਸ ਸਮੇਂ ਜਿੱਥੇ ਪੰਜਾਬ ਵਿੱਚ ਵਾਤਾਵਰਣ ਦਾ ਬਹੁਤ ਵੱਡਾ ਸੰਕਟ ਹੈ, ਉੱਥੇ ਪੰਜਾਬ ਦੇ ਪਾਣੀਆਂ 'ਤੇ ਵੀ ਡਾਕੇ ਵੱਜ ਰਹੇ ਹਨ। ਧਰਤੀ ਹੇਠਲੇ ਪਾਣੀ ਦਾ ਸੰਕਟ ਅਜਿਹਾ ਸੰਕਟ ਹੈ, ਜਿਸ ਸੰਬੰਧੀ ਸਾਡੀ ਹਾਲਤ ਖਤਰਾ ਵੇਖ ਕੇ ਸ਼ੁਤਰਮੁਰਗ ਦੇ ਅੱਖਾਂ ਮੀਟਣ ਜਿਹੀ ਹੈ। ਦੂਸ਼ਿਤ ਵਾਤਾਵਰਣ ਨਾਲ ਬਿਮਾਰੀਆਂ-ਦੁਸ਼ਵਾਰੀਆਂ ਦਾ ਦਾਵਾਨਲ ਹਰ ਦਿਨ ਵਿਸ਼ਾਲ ਹੋ ਰਿਹਾ ਹੈ। ਵੱਖ-ਵੱਖ ਪੀਲੀਏ ਤੇ ਕੈਂਸਰ ਵਰਗੀਆਂ ਬਿਮਾਰੀਆਂ ਦਾ ਸੰਤਾਪ ਪੰਜਾਬ ਦੇ ਲੱਖਾਂ ਲੋਕ ਭੁਗਤ ਰਹੇ ਹਨ। ਇਸ ਸੰਬੰਧੀ ਸਾਨੂੰ ਬਹੁਤ ਗੰਭੀਰ ਹੋਣ ਦੀ ਲੋੜ ਹੈ। ਪਾਣੀ ਦਾ ਸੰਕਟ ਇੱਕ ਤਰ੍ਹਾਂ ਨਾਲ ਪੰਜਾਬ ਦੀ ਸੱਭਿਅਤਾ ਦਾ ਸੰਕਟ ਹੈ, ਜਿਸ ਨਾਲ ਪੰਜਾਬ ਦੀ ਹੋਂਦ ਨੂੰ ਬਹੁਤ ਵੱਡਾ ਖਤਰਾ ਹੈ। ਛੋਟੀਆਂ-ਛੋਟੀਆਂ ਬਰਸਾਤੀ ਨਦੀਆਂ ਨੂੰ ਮੁੜ ਸੁਰਜੀਤ ਕਰਕੇ, ਦਰਿਆਵਾਂ ਤੇ ਵੱਖ-ਵੱਖ ਥਾਈਂ ਵਿਸ਼ਾਲ ਵਿਟਲੈਂਡ ਬਣਾ ਕੇ, ਕਣਕ-ਝੋਨੇ ਦੇ ਫਸਲੀ ਚੱਕਰ 'ਚੋਂ ਨਿਕਲ ਕੇ ਇਸ ਸੰਕਟ ਤੋਂ ਬਚਿਆ ਜਾ ਸਕਦਾ ਹੈ, ਪਰ ਇਹ ਅਜਿਹੇ ਕੰਮ ਹਨ, ਜੋ ਆਮ ਲੋਕਾਂ ਨੇ ਨਹੀਂ, ਸਰਕਾਰਾਂ ਨੇ ਕਰਨੇ ਹੁੰਦੇ ਹਨ। ਪੰਜਾਬ ਦੇ ਪਾਣੀ ਦੇ ਸੰਕਟ ਤੋਂ ਬਚਿਆ ਜਾ ਸਕਦਾ ਹੈ। ਇਹ ਅਜਿਹਾ ਸੰਕਟ ਨਹੀਂ ਕਿ ਜਿਸ ਦਾ ਕੋਈ ਹੱਲ ਹੀ ਨਹੀਂ ਹੈ, ਪਰ ਇਸ ਲਈ ਸੂਝ-ਸਿਆਣਪ ਵੱਡੇ ਪ੍ਰੋਗਰਾਮ ਬਣਾ ਕੇ ਉਹਨਾਂ 'ਤੇ ਅੱਜ ਤੋਂ ਕੰਮ ਕਰਨ ਦੀ ਲੋੜ ਹੈ। ਨਹੀਂ ਤਾਂ ਪਾਣੀ ਦਾ ਸੰਕਟ ਅਗਲੇ ਹਰ ਦਿਨ ਭਿਆਨਕ ਤੋਂ ਭਿਆਨਕ ਹੁੰਦਾ ਜਾਵੇਗਾ।

ਪੰਜਾਬ ਨੂੰ ਬਚਾਉਣ ਲਈ ਇਹ ਬੜਾ ਜ਼ਰੂਰੀ ਹੈ ਕਿ ਅਸੀਂ ਕਿਰਤ ਵੱਲ ਮੁੜੀਏ। ਪੰਜਾਬ ਦੇ ਉਹਨਾਂ ਘਰਾਂ ਦੇ ਮੁੰਡੇ-ਕੁੜੀਆਂ ਜਿਹਨਾਂ ਕੋਲ ਰਿਜ਼ਕ ਦੇ ਥੋੜ੍ਹੇ-ਬਹੁਤੇ ਸਾਧਨ ਹਨ, ਉਹ ਇੱਥੇ ਕੰਮ ਕਰਕੇ ਰਾਜ਼ੀ ਨਹੀਂ। ਉਹਨਾਂ ਦੀ ਮਾਨਸਿਕਤਾ ਇਹ ਹੈ ਕਿ ਅਸੀਂ ਪੜ੍ਹ-ਲਿਖ ਗਏ ਹਾਂ, ਅਸੀਂ ਕੰਮ ਕਿਉਂ ਕਰੀਏ। ਪੰਜਾਬੀ ਸੱਭਿਅਤਾ ਜੋ ਕਿਰਤ ਦੇ ਖਾਸੇ ਨਾਲ ਜੁੜੀ ਹੋਈ ਸੱਭਿਅਤਾ ਸੀ, ਇੱਥੇ ਨੌਜਵਾਨੀ ਦਾ ਕਿਰਤ ਤੋਂ ਕਿਨਾਰਾ ਕਰਨਾ ਇੱਕ ਬਹੁਤ ਵੱਡੀ ਸਮੱਸਿਆ ਬਣ ਗਿਆ। ਕਿਰਤ ਤੋਂ ਟੁੱਟੀ ਨੌਜਵਾਨ ਪੀੜ੍ਹੀ ਨੇ ਜਿੱਥੇ ਖੇਤੀ ਤੋਂ ਕਿਨਾਰਾ ਕਰ ਲਿਆ, ਉੱਥੇ ਇਹ ਨਸ਼ਿਆਂ ਦੀ ਭਿਆਨਕ ਦਲਦਲ ਵਿੱਚ ਗਰਕ ਹੋਣ ਲੱਗੀ। ਨਸ਼ਾ ਇਸ ਸਮੇਂ ਪੰਜਾਬ ਦੇ ਹਰ ਇਲਾਕੇ ਤੇ ਹਰ ਪਿੰਡ ਦੀ ਬਹੁਤ ਵੱਡੀ ਸਮੱਸਿਆ ਬਣ ਗਿਆ ਹੈ। ਹਰ ਇਲਾਕੇ ਵਿੱਚ ਵੱਡੇ-ਵੱਡੇ ਜੇਲ੍ਹਨੁਮਾ ਨਸ਼ਾ ਛੁਡਾਊ ਕੇਂਦਰ ਬਣ ਗਏ ਹਨ।

ਜਿੱਥੇ ਹਜ਼ਾਰਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਨਿਜ਼ਾਤ ਦਿਵਾਉਣ ਲਈ ਮਾਪਿਆਂ ਤੋਂ ਮੋਟੀਆਂ ਰਕਮਾਂ ਲਈਆਂ ਜਾਂਦੀਆਂ ਹਨ। ਸਰਕਾਰਾਂ ਨੂੰ ਨਸ਼ਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਜਿੰਨੀ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਸੀ, ਨਹੀਂ ਹੋ ਸਕਿਆ। ਬੇਸ਼ੱਕ ਇਸ ਦੁਨੀਆ ਦੇ ਵਿਕਸਤ ਦੇਸ਼ਾਂ ਵਿੱਚ ਵੀ ਨਸ਼ਿਆਂ ਦੀ ਸਮੱਸਿਆ ਹਰ ਦਿਨ ਭਿਆਨਕ ਹੋ ਰਹੀ ਹੈ, ਪਰ ਪੰਜਾਬ ਦੀ ਜਿਸ ਧਰਤੀ ਨੂੰ ਗੁਰੂਆਂ, ਮਹਾਂਪੁਰਸ਼ਾਂ ਦੀ ਧਰਤੀ ਆਖਦੇ ਹਾਂ, ਇਹਦੇ ਮੱਥੇ 'ਤੇ ਨਸ਼ਿਆਂ ਦਾ ਕਲੰਕ ਲੱਗਣਾ ਸਾਡੇ ਲਈ ਵੱਡੇ ਫਿਕਰ ਵਾਲੀ ਗੱਲ ਹੈ। ਇਸ ਲਈ ਬੜਾ ਜ਼ਰੂਰੀ ਹੈ ਕਿ ਨੌਜਵਾਨ ਲੜਕੇ-ਲੜਕੀਆਂ ਇੱਥੇ ਰਹਿ ਕੇ ਕਿਰਤ ਨਾਲ ਜੁੜਨ, ਵੱਖ-ਵੱਖ ਕਿੱਤਿਆਂ ਵਿੱਚ ਨਿਪੁੰਨ ਹੋਣ। ਇੱਥੇ ਰਹਿ ਕੇ ਜਿਹਨਾਂ ਨੂੰ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਹੁੰਦੀ ਹੈ ਉਹਨਾਂ ਲੋਕਾਂ ਦਾ ਬਾਹਰਲੇ ਮੁਲਕ ਵਿੱਚ ਜਾ ਕੇ ਜਹਾਜ਼ 'ਚੋਂ ਉਤਰਦਿਆਂ ਹੀ ਹੈਂਕੜਬਾਜ਼ੀ ਵਾਲਾ ਧੌਣ ਦਾ ਕਿੱਲਾ ਝੱਟ ਨਿਕਲ ਜਾਂਦਾ ਹੈ। ਅੱਜ ਲੋੜ ਹੈ ਅਸੀਂ ਕਿਰਤ ਨਾਲ ਜੁੜੀਏ ਤੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਯਤਨਸ਼ੀਲ ਹੋਈਏ। ਪੰਜਾਬ ਅਨੇਕਾਂ ਵਾਰ ਉੱਜੜਿਆ ਤੇ ਮੁੜ ਵੱਸਿਆ। ਪੰਜਾਬ ਵਸਦਾ ਰਿਹਾ ਹੈ ਅਤੇ ਵਸਦਾ ਰਹੇਗਾ। ਦੂਜੇ ਪਾਸੇ ਸਮੇਂ ਦਾ ਸੱਚ ਇਹ ਵੀ ਹੈ ਕਿ ਪੰਜਾਬੀ ਸਮਾਜ ਇਸ ਸਮੇਂ ਵੱਡੀ ਉਥਲ-ਪੁਥਲ ਵਿੱਚੋਂ ਗੁਜ਼ਰ ਰਿਹਾ ਹੈ। ਪੰਜਾਬ ਨੇ ਪਹਿਲਾਂ ਵੀ ਵੱਡੀਆਂ ਤਬਦੀਲੀਆਂ ਵੇਖੀਆਂ, ਪਰ ਇਹ ਦੌਰ ਇੱਕ ਵੱਖਰੀ ਤਰ੍ਹਾਂ ਦੀ ਤਬਦੀਲੀ ਦਾ ਦੌਰ ਹੈ। ਇਸ ਵਿੱਚ ਜਿੱਥੇ ਵੱਡੀ ਗਿਣਤੀ ਵਿੱਚ ਪੰਜਾਬ ਦੇ ਵਾਰਿਸ ਇਸ ਨੂੰ ਬੇਦਾਵਾ ਦੇ ਕੇ ਜਾ ਰਹੇ ਹਨ, ਉੱਥੇ ਵੱਡੀ ਗਿਣਤੀ ਉਹਨਾਂ ਦੀ ਵੀ ਹੈ, ਜੋ ਨਸ਼ਿਆਂ ਦੀ ਕਰੋਪੀ ਨਾਲ ਮੌਦੇ ਮੂੰਹ ਪੈ ਰਹੇ ਹਨ। ਭਵਿੱਖ ਦੇ ਦਸ ਬਾਰਾਂ ਸਾਲਾਂ ਦੌਰਾਨ ਪੰਜਾਬੀ ਸਮਾਜ ਦੇ ਵੱਡੀ ਗਿਣਤੀ ਪਰਵਾਰਾਂ ਵਿੱਚ ਵੱਖਰੀ ਤਰਦੇ ਸੰਤਾਪ ਹੋਣਗੇ। ਇਹ ਉਹ ਸਮਾਂ ਹੋਵੇਗਾ ਬਾਹਰ ਗਏ ਨੌਜਵਾਨਾਂ ਨੇ ਇੱਧਰ ਪਰਤਣਾ ਨਹੀਂ, ਬੁੱਢੇ ਮਾਂ-ਬਾਪ ਜਿਹਨਾਂ ਨੂੰ ਉਦੋਂ ਸਹਾਰਿਆਂ ਦੀ ਲੋੜ ਹੋਵੇਗੀ, ਉਹਨਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੋਵੇਗਾ। ਭਵਿੱਖ ਦੇ ਸਮੇਂ ਦਾ ਇਹ ਦੌਰ, ਵੱਡੀ ਗਿਣਤੀ ਵਿੱਚ ਬਾਹਰਲੇ ਮੁਲਕਾਂ ਵਿੱਚ ਵੱਸੇ ਪੰਜਾਬੀਆਂ ਅਤੇ ਇੱਧਰ ਰਹਿ ਗਏ ਉਹਨਾਂ ਦੇ ਪਰਵਾਰਕ ਜੀਆਂ ਦੀਆਂ ਵੱਖਰੀ ਤਰ੍ਹਾਂ ਦੀਆਂ ਕਹਾਣੀਆਂ ਲਿਖੇਗਾ। ਇਸ ਸਮੇਂ ਸਾਨੂੰ ਸਮਝਣ ਦੀ ਲੋੜ ਹੈ ਕਿ ਬੰਦਾ ਇਸ ਧਰਤੀ 'ਤੇ ਮਸ਼ੀਨ ਬਣਨ ਨਹੀਂ ਆਇਆ, ਨਾ ਹੀ ਮਨੁੱਖ ਦੀ ਹਰ ਸਰਗਰਮੀ ਪੈਸੇ ਲਈ ਹੋਣੀ ਚਾਹੀਦੀ ਹੈ। ਪੰਜਾਬੀ ਸਮਾਜ ਦੀ ਵਿਰਾਸਤ ਸਰਬੱਤ ਦਾ ਭਲਾ ਚਾਹੁਣ ਦੀ ਵਿਰਾਸਤ ਹੈ। ਸਾਡੀ ਲੋਕਧਾਰਾ ਵਿੱਚ ਥਾਂ-ਥਾਂ 'ਤੇ ਕਿਰਤ ਦਾ ਸੁਨੇਹਾ ਹੈ, ਅਸੀਂ ਕਿਰਤੀ ਕਮਾਊ ਪੁੱਤਰਾਂ ਵਜੋਂ ਜਾਣੇ ਜਾਣ ਵਾਲੇ ਲੋਕ ਹਾਂ। ਪੰਜਾਬ ਦੀ ਵਿਰਾਸਤ ਇਹ ਵੀ ਰਹੀ ਹੈ ਕਿ ਅਸੀਂ ਮੁਸ਼ਕਲਾਂ, ਸਮੱਸਿਆਵਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਵਾਲੇ ਲੋਕ ਹਾਂ। ਇਸ ਸਮੇਂ ਲੋੜ ਇਸ ਗੱਲ ਦੀ ਵੱਖ-ਵੱਖ ਮੁਸ਼ਕਲਾਂ, ਸਮੱਸਿਆਵਾਂ, ਸੰਕਟਾਂ ਤੋਂ ਪੰਜਾਬ ਨੂੰ ਬਾਹਰ ਕੱਢਣ ਲਈ ਇੱਥੇ ਪੰਜਾਬ ਵਿੱਚ ਰਹਿ ਕੇ ਸੰਘਰਸ਼ ਕੀਤਾ ਜਾਵੇ। ਕਿਸੇ ਸਮੇਂ ਕਰਤਾਰ ਸਿੰਘ ਸਰਾਭਾ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਗੁਰਦਿੱਤਾ ਸਿੰਘ ਕਾਮਾਗਾਟਾ ਮਾਰੂ ਵਰਗੇ ਸਿਰਲੱਥ ਸੂਰਮੇ ਆਪਣੀ ਧਰਤੀ ਮਾਂ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਬਾਹਰਲੇ ਮੁਲਕਾਂ ਤੋਂ ਇੱਧਰ ਆਏ ਸਨ। ਅੱਜ ਲੋੜ ਹੈ ਪੰਜਾਬ ਦੀ ਜਿਸ ਧਰਤੀ ਨੂੰ ਗੁਰੂਆਂ, ਪੀਰਾਂ ਅਤੇ ਸ਼ਹੀਦਾਂ ਦੀ ਧਰਤੀ ਹੋਣ ਦਾ ਮਾਣ ਹਾਸਲ ਹੈ, ਨੂੰ ਹੱਸਦਾ-ਵੱਸਦਾ ਪੰਜਾਬ ਬਣਾਉਣ ਲਈ ਸਭ ਧਿਰਾਂ ਯਤਨਸ਼ੀਲ ਹੋਣ। ਇਸ ਸਮੇਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਭਲਾ ਚਾਹੁਣ ਵਾਲੇ ਵੱਖ-ਵੱਖ ਬੈਨਰਾਂ ਹੇਠ ਸਘਰਸ਼ ਕਰ ਰਹੇ ਹਨ, ਪਰ ਇਹਨਾਂ ਸਭ ਧਿਰਾਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਪੰਜਾਬ ਨੂੰ ਖੁਸ਼ਹਾਲ ਪੰਜਾਬ ਬਣਾਉਣ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ। ਪੰਜਾਬ ਬਾਰੇ ਕਿਹਾ ਜਾਂਦਾ ਹੈ ਕਿ ਪੰਜਾਬ ਵੱਸਦਾ ਗੁਰਾਂ ਦੇ ਨਾਂਅ ਉੱਤੇ, ਬੜੀਆਂ ਵੱਡੀਆਂ ਮੁਸੀਬਤਾਂ, ਸੰਕਟਾਂ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਪੰਜਾਬ ਵੱਸਦਾ ਰਿਹਾ ਹੈ ਅਤੇ ਵਸਦਾ ਰਹੇਗਾ। ਬਸ ਲੋੜ ਹੈ ਅਸੀਂ ਨਿਰਾਸ਼ ਨਾ ਹੋਈਏ, ਇਹਦੇ ਭਲੇ ਲਈ ਯਤਨਸ਼ੀਲ ਹੋਈਏ।

*# ਸੰਪਰਕ : 98550-51099*

# ਕੈਨੇਡਾ 'ਚ ਵਸਦੇ ਪੰਜਾਬੀਆਂ ਦੇ ਵਕਾਰ ਨੂੰ ਸੱਟਾਂ

**ਕਮਲਜੀਤ ਸਿੰਘ ਬਨਵੈਤ**

ਕਿਸੇ ਵੱਲੋਂ ਧੌਂਸ ਦੇਣ ਬਦਲੇ ਪਹਿਲਾਂ-ਪਹਿਲ ਅਕਸਰ ਜਵਾਬ ਦਿੱਤਾ ਜਾਂਦਾ ਰਿਹਾ ਕਿ ਤੂੰ ਕਿੱਡਾ ਡੀ ਸੀ ਲੱਗਾ ਹੋਇਐਂ । ਪਿੱਛੇ ਜਿਹੇ ਧੌਂਸ ਦੇਣ ਵਾਲਿਆਂ ਨੂੰ ਇਹ ਕਹਿ ਕੇ ਠਿੱਬੀ ਲਾ ਦਿੱਤੀ ਜਾਂਦੀ ਕਿ ਕਿੱਡਾ ਤੂੰ ਕੈਨੇਡਾ ਨੂੰ ਚੱਲਿਆ ਜਾਂ ਤੂੰ ਵੱਡਾ ਆਇਆ ਅਮਰੀਕਾ ਤੋਂ । ਹੁਣ ਪੁੱਠਾ ਗੇੜ ਸ਼ੁਰੂ ਹੋਇਆ ਹੈ । ਪੰਜਾਬੀਆਂ ਨੇ ਕੈਨੇਡਾ ਵੱਲ ਨੂੰ ਮੂੰਹ ਕਰਨਾ ਘੱਟ ਕਰ ਦਿੱਤਾ ਹੈ। ਕੈਨੇਡਾ ਵਾਲੇ ਪੰਜਾਬੀਆਂ ਨੂੰ ਝੱਲਣ ਤੋਂ ਵੀ ਹਟ ਗਏ ਹਨ। ਕੈਨੇਡਾ ਅਤੇ ਅਮਰੀਕਾ ਤੋਂ ਪੰਜਾਬੀ ਮੁੰਡੇ-ਕੁੜੀਆਂ ਨੂੰ ਵਾਪਸ ਕਰਨ ਦੀਆਂ ਖਬਰਾਂ ਨਿੱਤ ਅਖਬਾਰਾਂ ਦੀਆਂ ਸੁਰਖੀਆਂ ਬਣਨ ਲੱਗੀਆਂ ਹਨ। ਇਹ ਨਹੀਂ ਕਿ ਬਾਹਰਲੇ ਮੁਲਕਾਂ ਨੂੰ ਪੰਜਾਬੀਆਂ ਦੀ ਲੋੜ ਨਹੀਂ ਰਹੀ, ਪਰ ਸਾਡੇ ਉੱਥੇ ਵਸਦੇ ਬਹੁਤ ਸਾਰੇ ਮੁੰਡੇ-ਕੁੜੀਆਂ ਨੇ ਆਪਣੀ ਪੱਤ ਆਪ ਗਵਾ ਲਈ ਹੈ। ਕਿਹਾ ਤਾਂ ਇਹ ਵੀ ਜਾ ਰਿਹੈ ਕਿ ਕੈਨੇਡਾ ਵਸਦੇ ਪੁਰਾਣੇ ਪਰਵਾਰ ਵੀ ਇਧਰੋਂ ਗਏ ਮੁੰਡੇ-ਕੁੜੀਆਂ ਨੂੰ ਮੂੰਹ ਲਾਉਣ ਤੋਂ ਹਟ ਗਏ ਹਨ। ਵਿਰਲੇ-ਟਾਂਵੇਂ ਕੈਨੇਡਾ ਨੂੰ ਆਪ ਵੀ ਅਲਵਿਦਾ ਕਹਿਣ ਲੱਗੇ ਹਨ।

ਅੱਜ ਦਿਨ ਭਰ ਸੋਸ਼ਲ ਮੀਡੀਆ 'ਤੇ ਇਹ ਖਬਰ ਚੱਲਦੀ ਰਹੀ ਕਿ ਕੈਨੇਡਾ ਵਿੱਚ ਰਹਿੰਦੇ ਚਾਰ-ਪੰਜ ਪੰਜਾਬੀ ਮੁੰਡਿਆਂ ਨੇ ਰਲ ਕੇ ਰਾਤ ਵੇਲੇ ਓਂਟਾਰੀਓ ਵਿੱਚ ਇੱਕ ਠੇਕਾ ਲੁੱਟ ਲਿਆ ਹੈ। ਠੇਕੇ ਦੀ ਪਿਛਲੀ ਕੰਧ ਪਾੜ ਕੇ ਕੰਟੇਨਰ ਵਿੱਚ ਸ਼ਰਾਬ ਲੱਦਦੇ ਪੁਲਸ ਨੇ ਮੌਕੇ ਉੱਤੇ ਆ ਦਬੋਚੇ। ਇਸ ਤੋਂ ਪਹਿਲਾਂ ਕਾਰ ਚੋਰਾਂ ਦੇ ਗਰੋਹ ਵਿੱਚੋਂ ਕਈ ਸਾਰੇ ਪੰਜਾਬੀ ਨਿਕਲੇ ਸਨ। ਕੈਨੇਡਾ ਵਿੱਚ ਕੋਈ ਦਿਨ ਸੁੱਕਾ ਨਹੀਂ ਜਾਂਦਾ, ਜਿਸ ਦਿਨ ਉੱਥੇ ਵਸਦੇ ਕਿਸੇ ਨੌਜਵਾਨ ਪੰਜਾਬੀ-ਮੁੰਡੇ ਦੀ ਮੌਤ ਨਾ ਹੋਈ ਹੋਵੇ। ਵਜ੍ਹਾ ਚਾਹੇ ਨਸ਼ਾ ਬਣਿਆ ਹੋਵੇ, ਦਿਲ ਦਾ ਦੌਰਾ ਜਾਂ ਫਿਰ ਆਤਮਹੱਤਿਆ। ਪੰਜਾਬੀਆਂ ਦਾ ਸਿਰ ਨੀਵਾਂ ਹੋਇਆ ਹੈ ਅਤੇ ਕੈਨੇਡਾ ਸਰਕਾਰ ਨੇ ਸਖਤੀ ਫੜ ਲਈ ਹੈ।

ਪਿੰਡਾਂ ਵਿੱਚੋਂ ਉੱਠ ਕੇ ਸ਼ਹਿਰਾਂ ਵਿੱਚ ਪੈਰ ਜਮਾਉਣੇ ਆਸਾਨ ਨਹੀਂ ਹੁੰਦੇ। ਨਾ ਹੀ ਸੌਖਾ ਹੁੰਦਾ ਹੈ ਦੂਜੇ ਸੂਬਿਆਂ ਵਿੱਚ ਜਾ ਕੇ ਬੰਜਰ ਨੂੰ ਆਬਾਦ ਕਰਨਾ। ਫਿਰ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਸੈੱਟ ਹੋਣਾ ਤਾਂ ਅਸੰਭਵ ਵਰਗਾ ਮੁਸ਼ਕਲ ਹੁੰਦਾ ਹੈ। ਪੰਜਾਬੀਆਂ ਨੇ ਇਸ ਸੋਚ ਨੂੰ ਤੋੜਿਆ ਹੈ। ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਝੰਡੀ ਹੈ। ਸਿਆਸਤ ਵਿੱਚ ਹਿੱਸੇਦਾਰੀ ਹੈ। ਵਿਦੇਸ਼ ਦੀ ਧਰਤੀ 'ਤੇ ਸਿੱਖੀ ਦੇ ਨਿਸ਼ਾਨ ਸਾਹਿਬ ਝੂਲਣ ਲੱਗੇ ਹਨ। ਗੋਰੇ ਪੰਜਾਬੀਆਂ ਦੇ ਦਫਤਰਾਂ ਵਿੱਚ ਨੌਕਰੀ ਲੈਣ ਲਈ ਕਤਾਰਾਂ ਵਿੱਚ ਲੱਗਣ ਲੱਗੇ ਹਨ।

ਅੱਜ-ਕੱਲ੍ਹ ਕੈਨੇਡਾ ਵਿੱਚ ਪਹਿਲਾਂ ਵਾਲੀਆ ਗੱਲਾਂ ਨਹੀਂ ਰਹੀਆਂ ਹਨ। ਪਹਿਲਾਂ-ਪਹਿਲ ਜ਼ਿਆਦਾਤਰ ਘੱਟ ਪੜ੍ਹੇ-ਲਿਖੇ ਲੋਕਾਂ ਨੇ ਵਿਦੇਸ਼ ਵੱਲ ਨੂੰ ਮੂੰਹ ਕੀਤਾ ਸੀ। ਦੂਜੇ ਪੜਾਅ ਵਿੱਚ ਇੰਜੀਨੀਅਰਾਂ ਅਤੇ ਡਾਕਟਰਾਂ ਨੇ ਵਿਦੇਸ਼ ਦੀ ਉਡਾਣ ਭਰੀ ਤਾਂ ਭਾਰਤੀਆਂ ਨੇ ਗੋਰਿਆਂ ਦੀ ਧਰਤੀ 'ਤੇ ਵੱਖਰੀ ਪਛਾਣ ਬਣਾ ਲਈ, ਪਰ ਹੁਣ ਜਿਵੇਂ ਕੈਨੇਡਾ ਰਹਿੰਦੇ ਪੰਜਾਬੀਆਂ ਦੀਆਂ ਬੁਲੰਦੀਆਂ ਨੂੰ ਨਜ਼ਰ ਲੱਗ ਗਈ ਹੋਵੇ।

ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣੇ ਮੁਲਕ ਕੈਨੇਡਾ ਬਾਰੇ ਬੜੇ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ ਕਿ ਉੱਥੇ ਵੱਸਦਾ ਹਰ ਤੀਸਰਾ ਭਾਰਤੀ ਡਿਪ੍ਰੈਸ਼ਨ ਵਿੱਚ ਹੈ। ਪਿਛਲੇ ਛੇ ਸਾਲਾਂ ਵਿੱਚ ਮੌਤਾਂ ਦੀ ਗਿਣਤੀ ਵਿੱਚ ਪੰਜ ਗੁਣਾ ਵਾਧਾ ਹੋਇਆ ਹੈ। ਕੈਨੇਡਾ ਜਾਣ ਵਾਲੇ ਨੌਜਵਾਨ ਮੁੰਡੇ, ਕੁੜੀਆਂ ਉਮੀਦਾਂ ਦੇ ਬੋਝ ਥੱਲੇ ਦੱਬ ਕੇ ਰਹਿ ਗਏ ਹਨ। ਪੜ੍ਹਾਈ ਪੂਰੀ ਹੋਣ ਤੋਂ ਬਾਅਦ ਪੈਰ ਨਾ ਲੱਗਣ ਕਰਕੇ ਮਾਨਸਿਕ ਬਿਮਾਰੀਆਂ ਦੀ ਜਕੜ ਵਿੱਚ ਆ ਗਏ ਹਨ। ਕਈਆਂ ਨੇ ਤਾਂ ਅੱਕ ਕੇ ਮੌਤ ਨੂੰ ਗਲੇ ਲਗਾ ਲਿਆ ਹੈ। ਅੰਕੜਿਆਂ ਮੁਤਾਬਿਕ 2018 ਵਿੱਚ ਅੱਠ ਭਾਰਤੀਆਂ ਦੀ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ ਸੀ। ਪਿਛਲੇ ਸਾਲ 23 ਮੌਤਾਂ ਹੋਈਆਂ, ਜਦ ਕਿ ਚਾਲੂ ਸਾਲ ਦੌਰਾਨ 36 ਹਨ। ਕੈਨੇਡਾ ਸਰਕਾਰ ਦੇ ਗ੍ਰਹਿ ਵਿਭਾਗ ਦੇ ਮੁਤਾਬਿਕ ਮਾਨਸਿਕ ਰੋਗ ਦਾ ਸ਼ਿਕਾਰ ਚਾਰ ਤੋਂ ਪੰਜ ਬੱਚਿਆਂ ਨੂੰ ਮੌਤ ਨਿਗਲਣ ਲੱਗੀ ਹੈ। ਖਾਲਸਾ ਏਡ ਵੱਲੋਂ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਵਿੱਚ ਰਹਿੰਦੇ ਦਸ ਭਾਰਤੀ ਵਿਦਿਆਰਥੀਆਂ ਵਿੱਚੋਂ ਤਿੰਨ ਮਾਨਸਿਕ ਰੋਗ ਦਾ ਸ਼ਿਕਾਰ ਹਨ।

ਦਰਅਸਲ ਇਹ ਸਾਹਮਣੇ ਆਇਆ ਹੈ ਕਿ ਵੱਡੀ ਗਿਣਤੀ ਮਾਪਿਆਂ ਨੇ ਆਪਣੇ ਬੱਚੇ ਜ਼ਮੀਨ ਗਹਿਣੇ ਧਰ ਜਾਂ ਸੋਨਾ ਵੇਚ ਕੇ ਕੈਨੇਡਾ ਪੜ੍ਹਨ ਲਈ ਭੇਜੇ ਸਨ, ਪਰ ਉੱਥੇ ਦੇ ਨਵੇਂ ਹਾਲਾਤ ਵਿੱਚ ਮਾਪਿਆਂ ਨੂੰ ਕਰਜ਼ਾ ਉਤਾਰਨ ਲਈ ਪੈਸੇ ਭੇਜਣਾ ਤਾਂ ਵੱਖਰੀ ਗੱਲ, ਉਨ੍ਹਾਂ ਦਾ ਆਪਣਾ ਵੀ ਪੂਰੀ ਤਰ੍ਹਾਂ ਢਿੱਡ ਨਹੀਂ ਭਰ ਰਿਹਾ ਹੈ। ਇਨ੍ਹਾਂ ਵਿੱਚੋਂ ਕਈ ਸਾਰੇ ਤਾਂ ਅਜਿਹੇ ਹਨ, ਜਿਹੜੇ ਆਪਣੀ ਜ਼ਿੰਦਗੀ ਦਾ ਨਿਰਵਾਹ ਕਰਨ ਤੋਂ ਵੀ ਅਸਮਰੱਥ ਹਨ। ਫਿਰ ਉਹ ਘਰੋਂ ਹੋਰ ਪੈਸੇ ਮੰਗਵਾ ਨਹੀਂ ਸਕਦੇ, ਜਿਸ ਕਰਕੇ ਕੱਲ੍ਹ ਤਾਂ ਉਨ੍ਹਾਂ ਨੂੰ ਆਤਮ-ਹੱਤਿਆ ਦੇ ਰਾਹ ਪੈਣ ਲਈ ਮਜਬੂਰ ਕਰ ਦਿੰਦੀ ਹੈ। ਰਿਪੋਰਟ ਵਿੱਚ ਤਾਂ ਪੰਜਾਬ ਦੇ ਕਈ ਵਿਦਿਆਰਥੀਆਂ ਦੇ ਨਾਂਅ ਵੀ ਦਿੱਤੇ ਗਏ ਹਨ, ਜਿਹਨਾਂ ਨੇ ਆਪਣੀ ਜ਼ਿੰਦਗੀ ਇਸੇ ਕਰਕੇ ਗਵਾ ਲਈ ਹੈ।

ਇੰਟਰਨੈਸ਼ਨਲ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਬੁਲਾਰੇ ਦਾ ਕਹਿਣਾ ਹੈ ਕਿ ਕੈਨੇਡਾ ਆਉਣ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਦੀ ਉਮਰ 19 ਜਾਂ 20 ਸਾਲ ਹੁੰਦੀ ਹੈ ਅਤੇ ਉਹ ਕੈਨੇਡਾ ਨਹੀਂ ਚੱਲ ਸਕਦੇ ਹਨ। ਬੁਲਾਰੇ ਮੁਤਾਬਿਕ ਆਤਮ-ਹੱਤਿਆ ਦਾ ਵੱਡਾ ਕਾਰਨ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਰਕ ਪਰਮਿਟ ਮਿਲਣ ਵਿੱਚ ਔਕੜਾਂ ਆ ਰਹੀਆਂ ਹਨ। ਜਿਕਰਯੋਗ ਹੈ ਕਿ ਪੰਜਾਬ ਤੋਂ ਹਰ ਸਾਲ ਢਾਈ ਲੱਖ ਭਾਰਤੀ ਵਿਦਿਆਰਥੀ ਕੈਨੇਡਾ ਨੂੰ ਸਟੂਡੈਂਟ ਵੀਜ਼ੇ ਉੱਤੇ ਜਾ ਰਹੇ ਹਨ। ਟੋਰਾਂਟੋ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਐੱਮ ਏ ਗੁਪਤਾ ਦਾ ਮੰਨਣਾ ਹੈ ਕਿ ਘੋਰ ਉਦਾਸੀ ਵਿੱਚ ਦੀ ਲੰਘ ਰਹੇ ਵਿਦਿਆਰਥੀ ਨੂੰ ਢੁਕਵਾਂ ਇਲਾਜ ਨਹੀਂ ਮਿਲ ਰਿਹਾ ਹੈ। ਟੋਰਾਂਟੋ ਦੇ ਸਰਕਾਰੀ ਹਸਪਤਾਲ ਵਿਚ ਕੰਮ ਕਰਦੀ ਇੱਕ ਭਾਰਤੀ ਨਰਸ ਦਾ ਦੱਸਣਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਮਨੋਰੋਗ ਤੋਂ ਪੀੜਤ ਵਿਦਿਆਰਥੀਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ।




ਸਰਕਾਰੀ ਤੌਰ 'ਤੇ ਮਿਲੇ ਅੰਕੜਿਆਂ ਮੁਤਾਬਿਕ ਸਾਲ 2018 ਦੌਰਾਨ ਭਾਰਤ ਤੋਂ ਪੰਜ ਲੱਖ 17 ਹਜ਼ਾਰ ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਗਏ ਸਨ। ਉਸ ਤੋਂ ਅਗਲੇ ਸਾਲ ਇਹ ਗਿਣਤੀ ਵਧ ਕੇ 5 ਲੱਖ 80 ਹਜ਼ਾਰ ਹੋ ਗਈ ਸੀ, ਜਦ ਕਿ ਲੰਘੇ ਸਾਲ ਸੱਤ ਲੱਖ 51,000 ਵਿਦਿਆਰਥੀ ਬਾਹਰਲੇ ਦੇਸ਼ਾਂ ਵਿੱਚ ਪੜ੍ਹਨ ਗਏ ਸਨ। ਕੈਨੇਡਾ ਨੇ ਦੋ ਲੱਖ 26 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਦਿੱਤਾ ਸੀ, ਜਿਹਦੇ ਵਿੱਚੋਂ ਇੱਕ ਲੱਖ 36 ਹਜ਼ਾਰ ਪੰਜਾਬੀ ਦੱਸੇ ਜਾਂਦੇ ਹਨ। ਹੁਣ ਕੈਨੇਡਾ ਦਾ ਵੀਜ਼ਾ ਲੈਣਾ ਪਹਿਲਾਂ ਨਾਲੋਂ ਔਖਾ ਹੋ ਗਿਆ ਹੈ, ਇਸ ਕਰਕੇ ਕਿਉਂਕਿ ਉੱਥੋਂ ਦੀ ਸਰਕਾਰ ਨੇ ਇੰਟਰਨੈਸ਼ਨਲ ਸਟੂਡੈਂਟਸ ਫੰਡ ਦੁੱਗਣਾ ਕਰ ਦਿੱਤਾ ਹੈ। ਪਹਿਲਾਂ ਇਹ ਫੀਸ 10 ਹਜ਼ਾਰ ਸੀ, ਜਿਹੜੀ ਕਿ ਹੁਣ ਵਧਾ ਕੇ 20670 ਕਰ ਦਿੱਤੀ ਗਈ ਹੈ। ਇੱਥੇ ਹੀ ਬੱਸ ਨਹੀਂ, ਕੈਨੇਡਾ ਦੀ ਸਰਕਾਰ ਨੇ ਸਟੂਡੈਂਟ ਵੀਜ਼ਾ 'ਤੇ ਰਹਿ ਰਹੇ ਵਿਦਿਆਰਥੀਆਂ ਲਈ ਹਫਤੇ ਵਿੱਚ ਸਿਰਫ 20 ਘੰਟੇ ਕੰਮ ਕਰਨ ਦੀ ਪਾਬੰਦੀ ਮੁੜ ਤੋਂ ਲਗਾ ਦਿੱਤੀ ਹੈ।

ਪੰਜਾਬ ਦੇ ਕੈਨੇਡਾ ਵਿੱਚ ਪੜ੍ਹਨ ਗਏ 30 ਹਜ਼ਾਰ ਵਿਦਿਆਰਥੀਆਂ ਦੇ ਸਿਰ ਉੱਤੇ 1800 ਕਰੋੜ ਕਰਜ਼ਾ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ 1849 ਵਿਦਿਆਰਥੀ ਕਰਜ਼ਾ ਨਹੀਂ ਮੋੜ ਸਕੇ ਹਨ। ਬੈਂਕਾਂ ਨੂੰ ਹੁਣ ਤੱਕ ਸਟੂਡੈਂਟ ਲੋਨ ਦਾ 5263 ਕਰੋੜ ਰੁਪਿਆ ਵੱਟੇ-ਖਾਤੇ ਪਾਉਣਾ ਪਿਆ ਹੈ। ਪਿਛਲੇ ਪੰਜ ਸਾਲਾਂ ਦੌਰਾਨ 39 ਕਰੋੜ ਰੁਪਏ ਤੋਂ ਵੱਧ ਰਕਮ ਕੈਨੇਡਾ ਨੂੰ ਪੜ੍ਹਾਈ ਦੀ ਫੀਸ ਦੇ ਰੂਪ ਵਿੱਚ ਗਈ ਹੈ।

ਇੱਕ ਪਾਸੇ ਭਾਰਤ ਅਤੇ ਕੈਨੇਡਾ ਦੀ ਸਰਕਾਰ ਦੇ ਆਪਸੀ ਸੰਬੰਧ ਕੌੜੇ-ਕੁਸੈਲੇ ਚੱਲ ਰਹੇ ਹਨ। ਦੂਜੇ ਬੰਨੇ ਉੱਥੇ ਰਹਿੰਦੇ ਨੌਜਵਾਨਾਂ ਦੀਆਂ ਹਰਕਤਾਂ ਨੇ ਪੰਜਾਬੀਆਂ ਦੀ ਧੌਣ ਨੀਵੀਂ ਕਰਨੀ ਸ਼ੁਰੂ ਕਰ ਦਿੱਤੀ ਹੈ। ਉੱਥੇ ਰਹਿੰਦੀਆਂ ਸਾਡੀਆਂ ਲੜਕੀਆਂ ਵਿੱਚੋਂ ਬਹੁਤ ਸਾਰੀਆਂ ਉੱਤੇ ਅਜਿਹੇ ਦੋਸ਼ ਲੱਗਦੇ ਹਨ ਕਿ ਕੰਨ ਪੂਰੀ ਗੱਲ ਸੁਣਨ ਤੋਂ ਨਾਂਹ ਕਰ ਜਾਂਦੇ ਹਨ। ਨਿਰਸੰਦੇਹ ਉਥੇ ਵਸਦੇ ਨੌਜਵਾਨਾਂ ਦੀਆਂ ਮਜਬੂਰੀਆਂ ਹੋਣਗੀਆਂ, ਪਰ ਇਹ ਵੀ ਨਹੀਂ ਕਿ ਅਸੀਂ ਆਪਣੇ ਸੰਸਕਾਰਾਂ ਨੂੰ ਤਿਲਾਂਜਲੀ ਦੇ ਦਈਏ।

ਕੈਨੇਡਾ ਵਿੱਚ ਬਾਹਰੋਂ ਆਉਣ ਵਾਲਿਆਂ ਲਈ ਹੁਣ ਹਾਲਾਤ ਪਹਿਲਾਂ ਜਿੰਨੇ ਸੁਖਾਵੇਂ ਨਹੀਂ ਰਹੇ ਹਨ। ਕੈਨੇਡਾ ਦੀ ਆਪਣੀ ਵਿੱਤੀ ਹਾਲਤ ਪਤਲੀ ਪੈ ਚੁੱਕੀ ਹੈ। ਇੱਥੋਂ ਤੱਕ ਕਿ ਮੁਢਲਾ ਆਧਾਰੀ ਢਾਂਚਾ ਵੀ ਲੜਖੜਾ ਕੇ ਰਹਿ ਗਿਆ ਹੈ। ਸਿਹਤ ਸੇਵਾਵਾਂ ਬਿਮਾਰ ਹੋ ਚੁੱਕੀਆਂ ਹਨ। ਕੈਨੇਡਾ ਨੇ ਵਿਦਿਆਰਥੀਆਂ ਲਈ ਬੂਹੇ ਭੇੜਨੇ ਬੰਦ ਕਰ ਦਿੱਤੇ ਹਨ। ਕੈਨੇਡਾ ਵਸਦੇ ਵਿਦਿਆਰਥੀ ਦੋ-ਚਿੱਤੀ ਵਿੱਚ ਪੈ ਚੁੱਕੇ ਹਨ, ਪਰ ਉਹਨਾਂ ਨੂੰ ਕੋਈ ਕਿਨਾਰਾ ਨਜ਼ਰ ਨਹੀਂ ਆ ਰਿਹਾ ਹੈ। ਭਾਰਤ ਦੇ ਵਿਦਿਆਰਥੀਆਂ ਨੂੰ ਜੇ ਆਪਣੇ ਮੁਲਕ ਵਿੱਚ ਹੀ ਰੌਸ਼ਨ ਭਵਿੱਖ ਨਜ਼ਰ ਆਉਂਦਾ ਹੁੰਦਾ ਤਾਂ ਉਹ ਕਰਜ਼ਾ ਚੁੱਕ ਕੇ ਵਿਦੇਸ ਲਈ ਪੈਰ ਨਾ ਪੁੱਟਦੇ। ਦੇਸ਼ ਵਿਦੇਸ਼ ਦੀਆਂ ਸਰਕਾਰਾਂ ਨੂੰ ਭਵਿੱਖ ਦੀ ਘੁੰਮਣਘੇਰੀ ਵਿਚ ਫਸੇ ਵਿਦਿਆਰਥੀਆਂ ਦੀ ਬਾਂਹ ਫੜਨੀ ਚਾਹੀਦੀ ਹੈ। ਸਿਰਫ ਦਾਅਵਿਆਂ ਅਤੇ ਵਾਅਦਿਆਂ ਨਾਲ ਨਹੀਂ ਸਰਨਾ ਹੈ। ਵਿਦੇਸ਼ੀ ਧਰਤੀ 'ਤੇ ਰਹਿ ਰਹੇ ਵਿਦਿਆਰਥੀਆਂ ਨੂੰ ਇਸ ਔਖੀ ਘੜੀ ਵਿੱਚ ਕੌਂਸਲਿੰਗ ਦੀ ਲੋੜ ਹੈ, ਨਹੀਂ ਤਾਂ ਰਹਿੰਦੀ ਜੁਆਨੀ ਵੀ ਸਾਡੇ ਹੱਥੋਂ ਕਿਰ ਜਾਵੇਗੀ।

**# ਸੰਪਰਕ : 98147-34035**

# ਪਾਠਕ-ਸੱਥ

## ਮੋਬਾਇਲ ਦੀ ਆਦਤ ਘਟਾਓ

ਸਮਾਂ ਬਹੁਤ ਹੀ ਬਲਵਾਨ ਹੁੰਦਾ ਹੈ, ਪ੍ਰੰਤੂ ਇਹ ਸਾਬਤ ਵੀ ਸਮਾਂ ਪਾ ਕੇ ਹੀ ਕਰਦਾ ਹੈ। ਕੋਈ ਸਮਾਂ ਸੀ ਜਦੋਂ ਮਨੁੱਖ ਨੂੰ ਆਪਣੀ ਇੱਕ ਨਿੱਕੀ ਜਿਹੀ ਗੱਲ ਵੀ ਆਪਣੇ ਰਿਸ਼ਤੇਦਾਰਾਂ ਤੱਕ ਪੁੱਜਦੀ ਕਰਨ ਲਈ ਕਈ-ਕਈ ਦਿਨ ਲੱਗ ਜਾਂਦੇ ਸਨ, ਪ੍ਰੰਤੂ ਸਮੇਂ ਦੀ ਤਬਦੀਲੀ ਕਾਰਨ ਆਈ ਮੋਬਾਇਲ ਕ੍ਰਾਂਤੀ ਨੇ ਸਾਲਾਂ/ਮਹੀਨਿਆਂ ਦਾ ਕੰਮ ਮਿੰਟਾਂ/ਸਕਿੰਟਾਂ ਤੱਕ ਸਮੇਟ ਕੇ ਰੱਖ ਦਿੱਤਾ ਹੈ। ਸਿਆਣੇ ਆਖਦੇ ਹਨ ਕਿ ਬਹੁਤਾਤ ਕਿਸੇ ਵੀ ਚੀਜ ਦੀ ਅਕਸਰ ਮਾੜੀ ਹੀ ਹੁੰਦੀ ਹੈ। ਠੀਕ ਇਸੇ ਤਰ੍ਹਾਂ ਹੀ ਮੋਬਾਇਲ ਫੋਨ ਦੀ ਅਜੋਕੀ ਨੌਜਵਾਨ ਪੀੜ੍ਹੀ ਵੱਲੋਂ ਕੀਤੀ ਜਾ ਬੇਲੋੜੀ ਵਰਤੋਂ ਆਪਣੇ ਪੈਰ ਆਪ ਕੁਹਾੜਾ ਮਾਰਨ ਬਰਾਬਰ ਹੀ ਹੈ। ਅਜੋਕਾ ਨੌਜਵਾਨ ਵਰਗ ਅਖਬਾਰਾਂ ਅਤੇ ਕਿਤਾਬਾਂ ਪੜ੍ਹਨ ਦੀ ਥਾਂ ਮੋਬਾਇਲ ਫੋਨ ਦੀ ਵਰਤੋਂ ਕਰਨਾ ਹੀ ਜ਼ਿਆਦਾ ਬਿਹਤਰ ਸਮਝਦਾ ਹੈ। ਕਿਤਾਬਾਂ ਤਾਂ ਜ਼ਿਆਦਾਤਰ ਲੋਕ ਵਾਧੂ ਦਾ ਭਾਰ ਤੇ ਖਰਚਾ ਹੀ ਸਮਝਦੇ ਹਨ। ਅੱਜ ਕੋਈ ਟਾਵਾਂ/ਵਿਰਲਾ ਹੀ ਹੋਵੇਗਾ ਜੋ ਆਪਣੀ ਮਾਤ ਭਾਸ਼ਾ ਵਿੱਚ ਕੋਈ ਅਖਬਾਰ ਖਰੀਦ ਕੇ ਪੜ੍ਹਨ ਦਾ ਸ਼ੌਂਕ ਰੱਖਦਾ ਹੋਵੇ।

ਪ੍ਰੰਤੂ ਦੂਜੇ ਪਾਸੇ ਸਾਰਾ ਸਾਰਾ ਦਿਨ ਸੋਸ਼ਲ ਮੀਡੀਏ ਉਪਰ ਵਾਧੂ ਸਮਾਂ ਅਤੇ ਪੈਸਾ ਬਰਬਾਦ ਕਰਨ ਵਿੱਚ ਰੱਤੀ ਭਰ ਵੀ ਸੰਕੋਚ ਨਹੀਂ ਕੀਤਾ ਜਾ ਰਿਹਾ। ਕਈ ਲੋਕ ਤਾਂ ਅਜਿਹੇ ਵੀ ਹਨ, ਜਿਹੜੇ ਕਈ-ਕਈ ਮੋਬਾਇਲ ਸਿਮ ਵਰਤ ਰਹੇ ਹਨ, ਜੋ ਨਿਰੀ ਪੈਸੇ ਦੀ ਅੰਨ੍ਹੀ ਲੁੱਟ ਕਰਵਾਉਣਾ ਹੀ ਕਿਹਾ ਜਾ ਸਕਦਾ ਹੈ। ਲੋੜ ਹੈ ਅਜੋਕੇ ਨੌਜਵਾਨ ਵਰਗ ਨੂੰ ਮੋਬਾਇਲ ਫੋਨ ਦੀ ਲਤ/ਆਦਤ ਤੋਂ ਛੁਟਕਾਰਾ ਪਾ ਕੇ ਚੰਗੀਆਂ ਕਿਤਾਬਾਂ/ਅਖਬਾਰਾਂ ਆਦਿ ਪੜ੍ਹਨ ਵਾਲੇ ਪਾਸੇ ਆਪਣਾ ਮਨ ਲਾਉਣ ਦੀ।

*ਅੰਗਰੇਜ਼ ਸਿੰਘ ਵਿੱਕੀ, 98888-70822*

# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਦਿੱਤੀਆਂ ਜਾਣ ਤਨਖਾਹਾਂ : ਹਰਗੋਬਿੰਦ ਕੌਰ

## ਸਰਕਾਰ ਨੇ ਗੌਰ ਨਾ ਦਿੱਤਾ ਤਾਂ ਜਥੇਬੰਦੀ ਵੱਡਾ ਸੰਘਰਸ਼ ਸ਼ੁਰੂ ਕਰੇਗੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਭਾਈ ਮਹਾਂ ਸਿੰਘ ਦੀਵਾਨ ਹਾਲ ਵਿਖੇ ਜ਼ਿਲ੍ਹਾ ਪ੍ਰਧਾਨ ਸਰਿੰਦਰਪਾਲ ਕੌਰ ਥਾਂਦੇਵਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੌਰਾਨ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਵਿਸ਼ੇਸ਼ ਤੌਰ ’ਤੇ ਪਹੁੰਚੇ। ਮੀਟਿੰਗ ਦੌਰਾਨ ਜ਼ਿਲ੍ਹੇ ਦੀਆਂ ਆਗੂਆਂ ਨੇ ਵਰਕਰਾਂ ਤੇ ਹੈਲਪਰਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਤੋਂ ਸੂਬਾ ਪ੍ਰਧਾਨ ਨੂੰ ਜਾਣੂ ਕਰਵਾਇਆ। ਮੀਟਿੰਗ ਵਿੱਚ ਬੋਲਦਿਆਂ ਹਰਗੋਬਿੰਦ ਕੌਰ ਨੇ ਕਿਹਾ ਕਿ ਪੰਜਾਬ ਦੇ ਲਗਭਗ 27 ਹਜ਼ਾਰ ਆਂਗਣਵਾੜੀ ਸੈਂਟਰਾਂ ਵਿੱਚ ਕੰਮ ਕਰਦੀਆਂ 54 ਹਜ਼ਾਰ ਦੇ ਕਰੀਬ ਵਰਕਰਾਂ ਤੇ ਹੈਲਪਰਾਂ ਨੂੰ ਤਨਖਾਹਾਂ ਸਮੇਂ ਸਿਰ ਦਿੱਤੀਆਂ ਜਾਣ। ਉਨ੍ਹਾ ਦੋਸ਼ ਲਗਾਇਆ ਕਿ ਪਿਛਲੇ ਲਗਭਗ ਦੋ ਸਾਲਾਂ ਤੋਂ ਵਰਕਰਾਂ ਤੇ ਹੈਲਪਰਾਂ ਨੂੰ ਕਦੇ ਵੀ ਸਮੇਂ ਸਿਰ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ, ਜਿਸ ਕਰਕੇ ਮਹਿੰਗਾਈ ਦੇ ਜ਼ਮਾਨੇ ਵਿੱਚ ਉਨ੍ਹਾਂ ਨੂੰ ਗੁਜ਼ਾਰਾ ਕਰਨਾ ਬੜਾ ਔਖਾ ਹੋਇਆ ਪਿਆ ਹੈ। ਉਨ੍ਹਾ ਦੱਸਿਆ ਕਿ ਬਾਲ ਭਲਾਈ ਕੌਂਸਲ ਅਧੀਨ ਕੰਮ ਕਰਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਇਕ ਸਾਲ ਤੋਂ ਤਨਖਾਹਾਂ ਨਹੀਂ ਮਿਲੀਆਂ, ਜਦੋਂਕਿ ਸਮਾਜ ਭਲਾਈ ਬੋਰਡ ਅਧੀਨ ਕੰਮ ਕਰਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ 5 ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ। ਇਸੇ ਤਰ੍ਹਾਂ ਮੁੱਖ ਵਿਭਾਗ ’ਚ ਕੰਮ ਕਰਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਪਿਛਲੇ ਦੋ ਮਹੀਨਿਆਂ ਦੀ ਤਨਖਾਹ ਨਹੀਂ ਮਿਲੀ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਰਕਾਰ ਬਣਨ ਤੋਂ ਪਹਿਲਾਂ ਵਰਕਰਾਂ ਤੇ ਹੈਲਪਰਾਂ ਨਾਲ ਵਾਅਦਾ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਦੁੱਗਣਾ ਕਰ ਦਿੱਤਾ ਜਾਵੇਗਾ, ਪਰ ਦੋ ਸਾਲ ਹੋਣ ਵਾਲੇ ਹਨ, ਪੰਜਾਬ ਸਰਕਾਰ ਨੇ ਮਾਣ ਭੱਤਾ ਦੁੱਗਣਾ ਤਾਂ ਕੀ ਕਰਨਾ ਸੀ ਉਲਟਾ ਪਹਿਲਾਂ ਮਿਲ ਰਿਹਾ ਵੀ ਟਾਈਮ ਸਿਰ ਨਹੀਂ ਦਿੱਤਾ ਜਾ ਰਿਹਾ। ਉਨ੍ਹਾ ਮੰਗ ਕੀਤੀ ਕਿ ਸੂਬੇ ਦੀਆਂ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਤੇ ਹੈਲਪਰਾਂ ਨੂੰ ਗਰੇਡ ਦਿੱਤਾ ਜਾਵੇ। ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੂੰ ਤਨਖਾਹਾਂ ਨਾ ਦਿੱਤੀਆਂ ਗਈਆਂ ਤਾਂ ਜਥੇਬੰਦੀ ਵੱਲੋਂ ਸਰਕਾਰ ਖਿਲਾਫ ਵੱਡਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

# ਮੁਸਲਿਮ ਫ਼ਰੰਟ ਦੀ ਮੀਟਿੰਗ ’ਚ ਨਵੀਂ ਕਮੇਟੀ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਮੁਸਲਿਮ ਫ਼ਰੰਟ ਪੰਜਾਬ ਜ਼ਿਲ੍ਹਾ ਇਕਾਈ ਮੋਗਾ ਦੀ ਮਹੀਨਾਵਾਰ ਮੀਟਿੰਗ ਹਲਕਾ ਬਾਘਾ ਪੁਰਾਣਾ ਵਿਖੇ ਮੁਸਲਿਮ ਫ਼ਰੰਟ ਪੰਜਾਬ ਦੇ ਦਫਤਰ ਮੁੱਦਕੀ ਰੋਡ ਵਿਖੇ ਜ਼ਿਲ੍ਹਾ ਪ੍ਰਧਾਨ ਜੀਵਨ ਖਾਨ ਮਨਾਵਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਚੇਅਰਮੈਨ ਜਮਾਲ ਮੁਹੰਮਦ ਕਾਲੇਕੇ, ਜ਼ਿਲ੍ਹਾ ਸੀਨੀਅਰ ਵਾਇਸ ਪ੍ਰਧਾਨ ਮੁਹੰਮਦ ਵਿੱਕੀ ਲੰਡੇ, ਜ਼ਿਲ੍ਹਾ ਸੈਕਟਰੀ ਮੁਹੰਮਦ ਇਕਬਾਲ ਲੰਡੇ, ਜ਼ਿਲ੍ਹਾ ਖਜ਼ਾਨਚੀ ਬੂਟਾ ਮੁਹੰਮਦ ਮੋਗਾ, ਡਾ. ਅਕਬਰ ਖਾਨ ਚੜਿੱਕ, ਜ਼ਿਲ੍ਹਾ ਪ੍ਰੈੱਸ ਸਕੱਤਰ ਜਗਰਾਜ ਖਾਨ ਭਿੰਡਰ ਕਲਾਂ, ਜ਼ਿਲ੍ਹਾ ਸਲਾਹਕਾਰ ਕਾਰੀ ਲੁਕਮਾਨ ਮੁਹੰਮਦ ਮਾਣੂੰਕੇ, ਜ਼ਿਲ੍ਹਾ ਐਗਜ਼ੈਕਟਿਵ ਮੈਂਬਰ ਬੂਟਾ ਮੁਹੰਮਦ ਮਾਣੂੰਕੇ, ਹਲਕਾ ਚੇਅਰਮੈਨ ਮੁਸਤਾਕ ਅਲੀ, ਹਲਕਾ ਪ੍ਰਧਾਨ ਮੇਹਰ ਦੀਨ ਭੋਲਾ ਰਾਜੇਆਣਾ, ਹਲਕਾ ਸੀਨੀਅਰ ਵਾਈਸ ਪ੍ਰਧਾਨ ਇਕਬਾਲ ਦੀਨ ਕਾਲੇਕੇ, ਹਲਕਾ ਸੈਕਟਰੀ ਯੂਸਫ਼ ਖਾਨ ਵੈਰੋਕੇ, ਹਲਕਾ ਖਜ਼ਾਨਚੀ ਇਕਬਾਲ ਸਮਾਧ ਭਾਈ, ਹਲਕਾ ਮੈਂਬਰ ਸਲੀਮ ਨੱਥੂਵਾਲਾ, ਹਲਕਾ ਮੈਂਬਰ ਜਗਸੀਰ ਮੁਹੰਮਦ ਲੰਗੇਆਣਾ, ਰਵੀ ਖਾਨ ਰਾਜੇਆਣਾ, ਬਿੰਦਰ ਖਾਨ ਰੋਡੇ ਆਦਿ ਮੈਂਬਰ ਹਾਜ਼ਰ ਹੋਏ। ਮੀਟਿੰਗ ਵਿੱਚ ਸਾਰੇ ਹੀ ਸੀਨੀਅਰ ਤੇ ਜੂਨੀਅਰ ਸਾਥੀਆਂ ਨੇ ਮੁਸਲਿਮ ਫ਼ਰੰਟ ਪੰਜਾਬ ਨੂੰ ਕਾਮਯਾਬ ਕਰਨ ਲਈ ਆਪਣੇ ਵਿਚਾਰ ਸਾਂਝੇ ਕੀਤੇ। ਸਾਰੇ ਸਾਥੀਆਂ ਨੇ ਰਲ ਮਿਲ ਕੇ ਕੰਮ ਕਰਨ ਦਾ ਭਰੋਸਾ ਦਿਵਾਇਆ। ਹਲਕਾ ਬਾਘਾ ਪੁਰਾਣਾ ਕਮੇਟੀ ਨੇ ਜ਼ਿਲ੍ਹਾ ਮੋਗਾ ਦੀ ਨਵੀਂ ਬਣੀ ਕਮੇਟੀ ਨੂੰ ਲੋਈਆਂ ਤੇ ਹਾਰ ਪਾ ਕੇ ਸਨਮਾਨਤ ਵੀ ਕੀਤਾ। ਮੁਸਲਮ ਫ਼ਰੰਟ ਨੇ ਸਰਕਾਰ ਤੋਂ ਮੰਗ ਕੀਤੀ ਕਿ ਜਿਸ ਤਰ੍ਹਾਂ ਬਾਕੀ ਗਰੀਬ ਜਾਤੀਆਂ ਨੂੰ ਪਿੰਡਾਂ ਵਿੱਚ ਧਰਮਸ਼ਾਲਾਵਾਂ ਬਣਾ ਕੇ ਦਿੱਤੀਆਂ ਗਈਆਂ ਹਨ, ਉਸੇ ਤਰਜ਼ ’ਤੇ ਮੁਸਲਿਮ ਭਾਈਚਾਰੇ ਦੀਆਂ ਧਰਮਸ਼ਾਲਾਵਾਂ ਬਣਾਈਆਂ ਜਾਣ ਤਾਂ ਜੋ ਉਹ ਵੀ ਆਪਣੇ ਖ਼ੁਸ਼ੀ ਗਮੀ ਦੇ ਪ੍ਰੋਗਰਾਮ ਇਨ੍ਹਾਂ ਵਿਚ ਕਰ ਸਕਣ। ਫ਼ਰੰਟ ਨੇ ਮੰਗ ਕੀਤੀ ਕਿ ਘੱਟੋ ਘੱਟ ਹਲਕਾ ਪੱਧਰ ’ਤੇ ਦੋ ਦੋ ਸਕੂਲਾਂ ਵਿੱਚ ਉਰਦੂ ਟੀਚਰ ਭਰਤੀ ਕੀਤੇ ਜਾਣ, ਮੁਸਲਮਾਨਾਂ ਦੀਆਂ ਗਰੀਬ ਜਾਤੀਆਂ ਨੂੰ ਪੱਛੜੀਆਂ ਸ਼੍ਰੇਣੀਆਂ ਵਿੱਚ ਵੱਧ ਤੋਂ ਵੱਧ ਸ਼ਾਮਲ ਕੀਤਾ ਜਾਵੇ। ਅੰਤ ਵਿੱਚ ਕਾਰੀ ਲੁਕਮਾਨ ਨੇ ਪੰਜਾਬ ਤੇ ਫ਼ਰੰਟ ਦੀ ਤਰੱਕੀ ਲਈ ਦੁਆ ਕਰਵਾਈ। ਅੰਤ ਵਿੱਚ ਜ਼ਿਲ੍ਹਾ ਪ੍ਰਧਾਨ ਨੇ ਆਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

# ਨੌਜਵਾਨ ਭਾਰਤ ਸਭਾ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਚਾਰ-ਗੋਸ਼ਟੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨੌਜਵਾਨ ਭਾਰਤ ਸਭਾ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਜ਼ਿਲ੍ਹਾ ਪੱਧਰੀ ਵਿਚਾਰ ਗੋਸ਼ਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਕਰਵਾਈ ਗਈ, ਜਿਸ ਵਿੱਚ ਵੱਖ ਵੱਖ ਪਿੰਡਾਂ ’ਚੋਂ ਨੌਜਵਾਨਾਂ ਨੇ ਹਿੱਸਾ ਲਿਆ। ਗੋਸ਼ਟੀ ਦੌਰਾਨ ਸੰਬੋਧਨ ਕਰਦਿਆਂ ਮੁੱਖ ਬੁਲਾਰੇ ਜਸਵਿੰਦਰ ਸਿੰਘ ਝਬੇਲਵਾਲੀ ਸੂਬਾ ਆਗੂ ਕਿਰਤੀ ਕਿਸਾਨ ਯੂਨੀਅਨ ਤੇ ਮੰਗਾ ਸਿੰਘ ਅਜ਼ਾਦ ਸੂਬਾ ਜਨਰਲ ਸਕੱਤਰ ਨੌਜਵਾਨ ਭਾਰਤ ਸਭਾ ਨੇ ਕਿਹਾ ਕਿ ਸਮੁੱਚੀ ਸਿੱਖ ਲਹਿਰ ਦਾ ਇਤਿਹਾਸ ਕੁਰਬਾਨੀਆਂ ਦੀ ਪੂਰੀ ਵਿਚਾਰਧਾਰਾ ਹੀ ਜ਼ੁਲਮ ਖਿਲਾਫ ਸੰਘਰਸ਼ ਕਰਨ ਤੇ ਮਜ਼ਲੂਮਾਂ ਨਾਲ ਡੱਟ ਕੇ ਖੜਨ ਦੀ ਹੈ। ਉਨ੍ਹਾਂ ਕਿਹਾ ਕਿ ਦਸ ਗੁਰੂ ਸਾਹਿਬਾਨਾਂ ਨੇ ਜਾਤ-ਪਾਤ, ਊਚ-ਨੀਚ ਦਾ ਖੰਡਨ ਕੀਤਾ। ਹਕੂਮਤੀ ਜ਼ੁਲਮਾਂ ਖਿਲਾਫ ਲਾਮਿਸਾਲ ਸੰਘਰਸ਼ ਲੜਿਆ ਤੇ ਅਥਾਹ ਕੁਰਬਾਨੀਆਂ ਦਿੱਤੀਆਂ। ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦੇ ਛੋਟੀ ਉਮਰੇ ਆਪਣੇ ਪੁਰਖਿਆਂ, ਗੁਰੂ ਸਾਹਿਬਾਨ ਵੱਲੋਂ ਮਜ਼ਲੂਮਾਂ ਦੀ ਰੱਖਿਆ ਲਈ ਹਕੂਮਤ ਖਿਲਾਫ ਦਰਸਾਏ ਗਏ ਸੱਚ ਦੇ ਮਾਰਗ ਉੱਪਰ ਚੱਲਦਿਆ ਜਬਰ ਅੱਗੇ ਹਿੱਕਾਂ ਤਾਣ ਕੇ ਖੜ ਗਏ, ਪਰ ਜਾਲਮ ਤਾਨਾਸ਼ਾਹ ਦੀ ਈਨ ਨਹੀਂ ਮੰਨੀ। ਸਾਹਿਬਜ਼ਾਦਿਆਂ ਦੀ ਕੁਰਬਾਨੀ ਪੰਜਾਬ ਦੀ ਨਾਬਰੀ ਦਾ ਸਿਖਰ ਸੀ। ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਖੋਖਰ, ਵਿਜੇ ਕੁਮਾਰ, ਗੁਰਤੇਜ ਸਿੰਘ ਵੜਿੰਗ, ਰਾਜਪ੍ਰੀਤ ਸਿੰਘ, ਮਹਾਸਾ ਸਮਾਘ ਨੇ ਕਿਹਾ ਕਿ ਅੱਜ ਦੀ ਹਕੂਮਤ ਲੋਕਾਂ ’ਤੇ ਜ਼ੁਲਮ ਢਾਹ ਰਹੀ ਹੈ। ਕੇਂਦਰੀ ਹਕੂਮਤ ਵੱਖਰੇ ਧਰਮਾਂ, ਪਛਾਣਾਂ, ਬੋਲੀਆਂ ਨੂੰ ਖਤਮ ਕਰਨਾ ਚਾਹੁੰਦੀ ਹੈ। ਹਕੂਮਤ ਖਿਲਾਫ ਬੋਲਣ, ਲਿਖਣ ਵਾਲੇ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਨੂੰ ਜੇਲ੍ਹਾਂ ’ਚ ਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਡੇ ਮਹਾਨ ਸਿੱਖ ਵਿਰਸੇ ਤੋਂ ਪ੍ਰੇਰਨਾ ਲੈ ਕੇ ਮੌਜੂਦਾ ਹਾਕਮਾਂ ਖਿਲਾਫ ਸੰਘਰਸ਼ ਤੇਜ਼ ਕਰਨਾ ਚਾਹੀਦਾ ਹੈ। ਇਸ ਮੌਕੇ ਸੁਖਪ੍ਰੀਤ ਸਿੰਘ ਮੌੜ ਨੇ ਸਿੱਖ ਵਿਰਸੇ ਸੰਬੰਧੀ ਕਵੀਸ਼ਰੀਆਂ ਪੇਸ਼ ਕੀਤੀਆਂ। ਰਾਜਦੀਪ ਸਿੰਘ ਬਾਗੀ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ।

### ਮਾਮਲਾ ਸਕੂਲੀ ਲੜਕੀਆਂ ਨਾਲ ਛੇੜਛਾੜ ਕਰਨ ਦਾ

# ਬੀ ਕੇ ਯੂ ਏਕਤਾ ਉਗਰਾਹਾਂ ਦਾ ਵਫ਼ਦ ਡੀ ਐੱਸ ਪੀ ਨੂੰ ਮਿਲਿਆ



ਡੀ ਐਸ ਪੀ ਨੂੰ ਮਿਲਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਵਫ਼ਦ ਦੇ ਮੈਂਬਰ।

**ਮੋਗਾ (ਅਮਰਜੀਤ ਬੱਬਰੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ 2 ਦੇ ਪ੍ਰਧਾਨ ਇਕਬਾਲ ਸਿੰਘ ਸਿੰਘਵਾਲਾ ਦੀ ਪ੍ਰਧਾਨਗੀ ਹੇਠ ਲੋਕਾਂ ਦਾ ਵਫ਼ਦ ਡੀਐਸਪੀ ਨੂੰ ਮਿਲਿਆ।ਉਨ੍ਹਾਂ ਡੀਐਸਪੀ ਨੂੰ 14 ਦਸੰਬਰ ਨੂੰ ਸਿੰਘਾਂਵਾਲਾ ਦੀਆਂ ਸਕੂਲੀ ਵਿਦਿਆਰਥਣਾਂ ਨਾਲ ਸ਼ਾਮ ਸਮੇਂ ਵਾਪਰੀ ਘਟਨਾ ਬਾਰੇ ਦੱਸਿਆ।ਆਗੂਆਂ ਦੱਸਿਆ ਕਿ 14/12/27 ਨੂੰ ਕਦੋਂ ਸਕੂਲੀ ਵਿਦਿਆਰਥਣਾਂ ਸਰਕਾਰੀ ਕੰਨਿਆਂ ਸਕੂਲ ਤੋਂ ਛੁੱਟੀ ਉਪਰੰਤ ਈ ਰਿਕਸ਼ਾ ’ਤੇ ਬੈਠ ਆਪਣੇ ਘਰਾਂ ਨੂੰ ਆ ਰਹੀਆਂ ਸਨ ਤਾਂ ਕੁੱਝ ਵਿਗੜੇ ਹੋਵੇ ਮੁੰਡਿਆਂ ਨੇ ਬਿਜਲੀ ਘਰ ਨੇੜੇ ਕੁੜੀਆਂ ਨੂੰ ਘੇਰ ਕਿ ਉਨ੍ਹਾਂ ਨਾਲ ਛੇੜ ਛਾੜ ਕੀਤੀ ਅਤੇ ਈ ਰਿਕਸ਼ਾ ਚਾਲਕ ਦੀ ਤੇਜ ਹਥਿਆਰਾਂ ਨਾਲ ਕੁੱਟਮਾਰ ਕੀਤੀ ਤੇ ਉਸ ਦੇ ਰਿਕਸ਼ਾ ਦੀ ਭੰਨ ਤੋੜ ਵੀ ਕੀਤੀ।ਉਸੇ ਸਮੇਂ ਹੀ ਪਿੰਡ ਦੇ ਲੋਕਾਂ ਤੇ ਸਕੂਲ ਵਿਦਿਆਰਥਣਾਂ ਨੇ ਸੜਕ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਧਰਨਾ ਲਾ ਦਿੱਤਾ।ਮੌਕੇ ’ਤੇ ਪਹੁੰਚੇ ਡੀ ਐਸ.ਪੀ. ਸਿਟੀ ਮੋਗਾ ਨੇ ਜਨਤਾ ਨੂੰ ਮੁੰਡਿਆਂ ਖਿਲਾਫ਼ ਐਫਆਈਆਰ ਦਰਜ ਕਰਕੇ ਸਖਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ।ਭਰੋਸਾ ਦੇਣ ਤੋਂ ਬਾਅਦ ਧਰਨਾ ਚੁੱਕ ਦਿੱਤਾ ਗਿਆ।ਉਨ੍ਹਾਂ ਦੱਸਿਆ ਕਿ ਹੁਣ ਫਿਰ ਜਦੋਂ ਅੱਜ ਪਿੰਡ ਦੇ ਲੋਕਾਂ ਦਾ ਵਫ਼ਦ ਬਲਾਕ ਪ੍ਰਧਾਨ ਦੀ ਅਗਵਾਈ ਵਿਚ ਡੀਐਸਪੀ ਮੋਗਾ ਨੂੰ ਮਿਲਿਆ ਤਾਂ ਉਨ੍ਹਾਂ ਪੁਲਸ ਟੀਮ ਬਣਾ ਕੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦਾ ਭਰੋਸਾ ਦਿੱਤਾ।

ਜਥੇਬੰਦੀ ਤੇ ਪਿੰਡ ਦੇ ਲੋਕਾਂ ਨੇ ਫ਼ੈਸਲਾ ਕੀਤਾ ਕਿ ਜੇਕਰ ਦੋ ਵਾਰ ਦੁਆਏ ਭਰੋਸੇ ਮੁਤਾਬਕ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਸੰਘਰਸ਼ ਤੱਕ ਕੀਤਾ ਜਾਵੇਗਾ।ਵਫ਼ਦ ਵਿੱਚ ਬਲਾਕ ਪ੍ਰਧਾਨ ਇਕਬਾਲ ਸਿੰਘ, ਜ ਸਕੱਤਰ ਜਗਦੇਵ ਸਿੰਘ, ਸੁਖਦੇਵ ਸਿੰਘ ਸੰਘਾ, ਮਹਿੰਦਰ ਸਿੰਘ, ਬਜਜਿੰਦਰ ਸਿੰਘ, ਤੇਜਵੀਰ ਸੰਧੂ, ਰਾਜਪਾਲ ਸਿੰਘ, ਡਾ. ਕੁਲਦੀਪ ਸਿੰਘ, ਗੁਰਸੇਵਕ ਸਿੰਘ, ਜਸਵੰਤ ਸਿੰਘ, ਸੁਰਜੀਤ ਸਿੰਘ ਤੇ ਹੋਰ ਪਤਵੰਤੇ ਸ਼ਾਮਲ ਸਨ।

# ਮਹਾਰਾਜਾ ਹੀਰਾ ਸਿੰਘ ਦੇ ਜਨਮ ਦਿਹਾੜੇ ’ਤੇ ਕਰਾਇਆ ਧਾਰਮਿਕ ਸਮਾਗਮ




**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**

ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਹੇਠ ਧਰਮੀ ਮਹਾਰਾਜਾ ਹੀਰਾ ਸਿੰਘ ਜੀ ਦਾ 180ਵੇਂ ਜਨਮ ਦਿਹਾੜੇ ਤੇ ਧਾਰਮਿਕ ਸਮਾਗਮ ਰਿਆਸਤੀ ਕਿਲ੍ਹੇ ਵਿੱਚ ਕਰਾਇਆ ਗਿਆ। ਇਸ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਉਪਰੰਤ ਗੁਰੂ ਕੇ ਕੀਰਤਨੀਏ ਸਿੰਘ, ਕਥਾਵਾਚਕ ਰਜਿੰਦਰ ਸਿੰਘ ਵੱਲੋਂ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ।

ਚੇਤਨ ਸਿੰਘ ਜੌੜਾਮਾਜਰਾ ਤੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਸਾਂਝੇ ਤੌਰ ਤੇ ਕਿਹਾ ਕਿ ਮਹਾਰਾਜਾ ਹੀਰਾ ਸਿੰਘ ਨੂੰ, 19 ਦਸੰਬਰ 1843 ਨੂੰ ਬਡਰੁੱਖਾਂ ਦੇ ਫੁਲਕੀਆਂ ਪਰਵਾਰ ਦੇ ਹੀ ਸੁੱਖਾ ਸਿੰਘ ਦੇ ਘਰ ਜਨਮ ਲਿਆ। ਰਾਜਾ ਭਗਵਾਨ ਸਿੰਘ ਦੇ ਕੋਈ ਔਲਾਦ ਨਹੀਂ ਸੀ, ਜਿਸ ਕਾਰਨ ਮਹਾਰਾਜਾ ਹੀਰਾ ਸਿੰਘ ਨੂੰ ਬਾਕੀ ਰਿਆਸਤਾਂ ਅਤੇ ਉਸ ਵੇਲੇ ਦੀ ਹਕੂਮਤ ਨੇ ਫੂਲ ਬੰਸੀ ਹੋਣ ਕਾਰਨ 10 ਅਗਸਤ, 1871 ਨੂੰ ਰਾਜਗੱਦੀ ’ਤੇ ਬੈਠਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਮਹਾਰਾਜਾ ਹੀਰਾ ਸਿੰਘ ਨੇ ਰਿਆਸਤ-ਏ-ਨਾਭਾ ਨੂੰ ਵਿਸ਼ਵ ਪੱਧਰ ਤੱਕ ਪੁਚਾਇਆ। ਹੀਰਾ ਸਿੰਘ ਨੇ ਕੁੱਲ ਚਾਲੀ ਸਾਲ ਰਾਜ ਕੀਤਾ ਤੇ ਕੌਮ ਦੀ ਭਲਾਈ ਲਈ ਬਹੁਤ ਨੇਕ ਉਪਰਾਲੇ ਕੀਤੇ।

ਉਨ੍ਹਾਂ ਕਿਹਾ ਕਿ ਮਹਾਰਾਜਾ ਹੀਰਾ ਸਿੰਘ ਨੇ ਜਿਸ ਸੂਝ ਨਾਲ ਰਾਜ ਦਾ ਪ੍ਰਬੰਧ ਕੀਤਾ ਅਤੇ ਲੋਕਾਂ ਨੂੰ ਸੁਵਿਧਾਵਾਂ ਦਿੱਤੀਆਂ, ਉਹ ਇੱਕ ਯੋਗ ਸ਼ਾਸਕ ਦਾ ਵੱਡਾ ਉਦਾਹਰਣ ਹੈ। ਉਨ੍ਹਾਂ ਆਪਣੇ ਰਿਆਸਤ ਵਿੱਚ ਅਨੇਕਾਂ ਵਿਦਿਅਕ ਅਦਾਰੇ ਖੋਲ੍ਹੇ ਪ੍ਰਸਿੱਧ ਵਿਦਵਾਨ ਮੈਕਸ ਆਰਥਰ ਮੈਕਾਲਿਫ ਨੂੰ ‘ਸਿੱਖ ਰਿਲੀਜਨ’ ਕਿਤਾਬ ਲਿਖਣ ਲਈ ਬਹੁਤ ਮਾਲੀ ਅਤੇ ਹਰ ਤਰੀਕੇ ਦੀ ਸਹਾਇਤਾ ਦਿੱਤੀ। ਉਨ੍ਹਾਂ ਨੇ ਖਾਲਸਾ ਕਾਲਜ ਦੀ ਹੋਂਦ ਨੂੰ ਮਜਬੂਤ ਕਰਨ ਲਈ ਵੀ ਬਹੁਤ ਯਤਨ ਕੀਤੇ। ਉਨ੍ਹਾਂ ਨਾਭੇ ਤੇ ਆਲੇ ਦੁਆਲੇ ਦੇ ਇਲਾਕੇ ਵਿੱਚ ਲੱਖਾਂ ਰੁਪਏ ਖਰਚ ਕੇ ਇਮਾਰਤਾਂ ਤਾਮੀਰ ਕਰਾਈਆਂ ਤੇ ਨਾਭਾ ਫੌਜ ਨੂੰ ਵੀ ਮਜਬੂਤ ਕਰਨ ਲਈ ਲਈ ਬੇਅੰਤ ਧਨ ਖਰਚਿਆ। ਵਿਧਾਇਕ ਦੇਵ ਮਾਨ ਵੱਲੋਂ ਸਮੂਹ ਹਲਕਾ ਨਿਵਾਸੀਆਂ ਅਤੇ ਆਈਆਂ ਹੋਈਆਂ ਸ਼ਖ਼ਸੀਅਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਤੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਚੇਤਰ ਸਿੰਘ ਜੌੜਾਮਾਜਰਾ ਅਤੇ ਆਈਆਂ ਹੋਈਆਂ ਸਖਸੀਅਤਾਂ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ।

ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਕੂਲ ਦੇ ਬੱਚਿਆਂ ਨੇ ਸ਼ਮੂਲੀਅਤ ਕੀਤੀ ਤੇ 2000 ਦੇ ਕਰੀਬ ਮਹਾਰਾਜਾ ਹੀਰਾ ਸਿੰਘ ਦੀ ਪ੍ਰਤਿਮਾ ਦੀ ਫੋਟੋ ਵੰਡੀ ਗਈ। ਅੰਤ ਵਿੱਚ ਅਤੁੱਟ ਲੰਗਰ ਵਰਤਾਇਆ ਗਿਆ।

# ਪੀ ਐੱਸ ਯੂ ਨੇ ਕਾਲਜ ਪ੍ਰਿੰਸੀਪਲ ਨੂੰ ਸੌਂਪਿਆ ਮੰਗ ਪੱਤਰ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਕਾਲਜ ਇਕਾਈ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਵੱਲੋਂ ਕਾਲਜ ਪ੍ਰਿੰਸੀਪਲ ਡਾ. ਸੁਖਵਿੰਦਰ ਸਿੰਘ ਨੂੰ ਮੰਗ ਪੱਤਰ ਸੌਂਪ ਕੇ ਵਿਦਿਆਰਥੀਆਂ ਦੀ ਸੁਰੱਖਿਆ ਦੇ ਇੰਤਜ਼ਾਮ ਕੀਤੇ ਜਾਣ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਬੀਤੀ 15 ਦਸੰਬਰ ਨੂੰ ਕਾਲਜ ਦੇ ਗਰਾਊਂਡ ਵਿੱਚ ਕਾਲਜ ਦੇ ਬੀ ਏ ਭਾਗ ਤੀਜਾ ਦੇ ਵਿਦਿਆਰਥੀ ਸਾਹਿਬਦੀਨ ਦੀ ਕੁਝ ਗੁੰਡਾ ਅਨਸਰਾਂ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਕਾਲਜ ਵਿੱਚ ਆਊਟਸਾਈਡਰਾਂ ਦੀ ਵੱਡੀ ਸਮੱਸਿਆ ਹੈ, ਜੋ ਕਾਲਜ ਦੇ ਸੁਖਾਵੇਂ ਮਾਹੌਲ ਲਈ ਖਤਰਨਾਕ ਹੈ। ਵਿਦਿਆਰਥੀ ਜਥੇਬੰਦੀ ਨੇ ਮੰਗ ਕੀਤੀ ਕਿ ਇਸ ਵਰਤਾਰੇ ਨੂੰ ਨੱਥ ਪਾਉਣ ਲਈ ਉਪਰਾਲੇ ਕੀਤੇ ਜਾਣ। ਵਿਦਿਆਰਥੀ ਜਥੇਬੰਦ ਦੇ ਜ਼ਿਲ੍ਹਾ ਪ੍ਰਧਾਨ ਰਮਨ ਸਿੰਘ ਕਾਲਾਝਾੜ, ਕਾਲਜ ਕਮੇਟੀ ਦੇ ਪ੍ਰਧਾਨ ਲਵਪ੍ਰੀਤ ਸਿੰਘ ਮਹਿਲਾਂ ਤੇ ਜਨਰਲ ਸਕੱਤਰ ਸਹਿਜ ਦਿੜ੍ਹਬਾ ਨੇ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਕਾਫੀ ਲੰਮੇ ਸਮੇਂ ਤੋਂ ਇਸ ਸਮੱਸਿਆ ਨੂੰ ਕਾਲਜ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਂਦੇ ਆ ਰਹੇ ਹਾਂ, ਪਰ ਪ੍ਰਸ਼ਾਸਨ ਦੇ ਰਵੱਈਏ ਵਿੱਚ ਇਸ ਸੰਬੰਧੀ ਗੰਭੀਰਤਾ ਨਜ਼ਰ ਨਹੀਂ ਆ ਰਹੀ।

## ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਬਲੀਦਾਨ ਦਿਵਸ ਨੂੰ ਸਮਰਪਤ ਪੁਰਾਤਨ ਰੁੱਖ ਲਗਾਏ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਅਧਿਆਪਕ ਕਾਮਰੇਡ ਜਗਦੀਪ ਕੁਮਾਰ ਤੇ ਅਧਿਆਪਕਾ ਮਨੀਸ਼ਾ ਸ਼ਰਮਾ ਨੇ ਗਰੀਨ ਮਿਸ਼ਨ ਵੈੱਲਫੇਅਰ ਸੁਸਾਇਟੀ ਰਾਮਪੁਰਾ ਫੂਲ ਦੇ ਸਹਿਯੋਗ ਨਾਲ ਜਬਰ ਜ਼ੁਲਮ ਦੇ ਖ਼ਿਲਾਫ਼ ਲੜਨ ਵਾਲੇ ਤਿਲਕ, ਜੰਞੂ ਦੇ ਰਾਖੇ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਬਲੀਦਾਨ ਦਿਵਸ ਨੂੰ ਸਮਰਪਤ ਨੌਂ ਪੁਰਾਤਨ ਰੁੱਖ ਲਗਾਏ। ਇਸ ਸਮੇਂ ਗਰੀਨ ਮਿਸ਼ਨ ਵੈੱਲਫੇਅਰ ਸੁਸਾਇਟੀ ਦੇ ਵਲੰਟੀਅਰ ਮਾਸਟਰ ਸੰਦੀਪ ਕੁਮਾਰ, ਮਾਸਟਰ ਗਗਨਦੀਪ ਸਿੰਘ, ਮਾਸਟਰ ਗੁਰਪਾਲ ਸਿੰਘ ਮੌੜ, ਹੌਲਦਾਰ ਨਾਜ਼ਰ ਸਿੰਘ ਨਾਫਰੀਆ, ਸਿਪਾਹੀ ਸੰਦੀਪ ਸਿੰਘ ਨਾਫਰੀਆ, ਕਰਨਵੀਰ ਸਿੰਘ, ਧਰਮਪਾਲ ਢੱਡਾ, ਨਾਮਧਾਰੀ ਨਿਰਪਾਲ ਸਿੰਘ, ਜੀਵਨ ਕੁਮਾਰ ਖੋਖਰ, ਰੁਪਿੰਦਰ ਸਿੰਘ ਪੀ ਐੱਸ ਪੀ ਸੀ ਐੱਲ, ਅਮਰਨਾਥ, ਲਾਲੀ, ਐਡਵੋਕੇਟ ਕ੍ਰਿਸ਼ਨ ਚੰਦ ਜੈਨ, ਗੁਰਗਿਆਨ ਸਿੰਘ ਜੇ ਈ, ਤਰੁਨ ਖੰਨਾ ਆਦਿ ਨੇ ਹਾਜ਼ਰ ਹੋ ਕੇ ਮਹਾਨ ਕਾਰਜ ਨੇਪਰੇ ਚਾੜ੍ਹਿਆ ਤੇ ਗੁਰੂ ਜੀ ਨੂੰ ਨਮਨ ਕੀਤਾ। ਗਰੀਨ ਮਿਸ਼ਨ ਵੈੱਲਫੇਅਰ ਸੁਸਾਇਟੀ ਦੇ ਸਾਰੇ ਵਲੰਟੀਅਰਜ਼ ਨੇ ਵਹਿਮਾਂ ਭਰਮਾਂ ਤੋਂ ਉੱਪਰ ਉੱਠ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਰਸਾਏ ਮਾਰਗ ’ਤੇ ਚੱਲਣ ਦਾ ਪ੍ਰਣ ਲਿਆ।

# ਸਪਰਿੰਗ ਫੀਲਡ ਦੀ ਵਿਦਿਆਰਥਣ ਮੈਥ ’ਚੋਂ ਦੂਜੇ ਸਥਾਨ ’ਤੇ ਰਹੀ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ ਨੇ ਫੈਪ ਨੈਸ਼ਨਲ ਐਵਾਰਡ-2023 ਤਹਿਤ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ ਲਿਖਤੀ ਪੇਪਰ ਲਏ ਗਏ। ਪੰਜਾਬ ਦੇ ਵੱਖ-ਵੱਖ ਬੋਰਡਾਂ ਦੇ ਸਕੂਲਾਂ ਨੇ ਮੈਗਾ ਉਲੰਪੀਅਡ ਕੌਮਬਿਟ 2023 ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੀ ਵਿਦਿਆਰਥਣ ਲਕਸ਼ਿਤਾ ਨੇ ਸੱਤਵੀਂ ਕਲਾਸ ਦੇ ਮੈਥ ਦੇ ਵਿਸ਼ੇ ਵਿੱਚ ਉਲੰਪੀਆ ਕੌਮਬਿਟ 2023 ਤਹਿਤ ਗਰੇਡ-7 ਦਾ ਪੇਪਰ ਐਸੋਸੀਏਸ਼ਨ ਦਿੱਤਾ ਅਤੇ ਰਿਜ਼ਲਟ ਆਉਣ ’ਤੇ ਲਕਸ਼ਿਤਾ ਸਾਰੇ ਪੰਜਾਬ ਦੇ ਸਕੂਲਾਂ ਵਿੱਚੋਂ ਮੈਥ ਦੇ ਵਿਸ਼ੇ ਵਿੱਚ ਦੂਸਰੇ ਸਥਾਨ ’ਤੇ ਆਈ। 13 ਦਸੰਬਰ ਨੂੰ ਫੈਪ (ਫੈਡਰੇਸ਼ਨ ਆਫ ਪ੍ਰਾਈਵੇਟ) ਸਕੂਲ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਇਸ ਸਬੰਧ ਵਿੱਚ ਸਮਾਗਮ ਕੀਤਾ ਗਿਆ, ਜਿਸ ਦਾ ਉਦਘਾਟਨ ਪੰਜਾਬ ਮੰਤਰੀ ਅਮਨ ਅਰੋੜਾ ਨੇ ਕੀਤਾ, ਜਿਸ ਵਿੱਚ ਜੋ ਬੱਚੇ ਵੱਖ-ਵੱਖ ਵਿਸ਼ਿਆਂ ਵਿੱਚੋਂ ਅਵਲ ਰਹੇ।

ਉਨ੍ਹਾਂ ਨੂੰ ਸਨਮਾਨ ਮੈਡਲ ਤੇ ਟਰਾਫ਼ੀਆਂ ਦਿੱਤੀਆਂ ਗਈਆਂ। ਸਪਰਿੰਗ ਫੀਲਡ ਸਕੂਲ ਦੀ ਵਿਦਿਆਰਥਣ ਲਕਸ਼ਿਤਾ ਨੇ ਮੈਥ ਦੇ ਵਿਸ਼ੇ ਵਿੱਚ ਸਨਮਾਨ ਹਾਸਲ ਕੀਤਾ। ਫੈਪ ਹਰ ਸਕੂਲਾਂ ਦਾ ਉਤਸ਼ਾਹ ਹਰ ਵਿਸ਼ੇ ਵਿਚ ਵਧਾਉਣ ਲਈ ਹਰ ਸਾਲ ਪ੍ਰੋਗਰਾਮ ਕਰਵਾਉਂਦੀ ਹੈ ਤੇ ਅੱਵਲ ਆਉਣ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨ ਕਰਦੀ ਹੈ ਤੇ ਜਿਨ੍ਹਾਂ ਸਕੂਲਾਂ ਦੀ ਵਧੀਆ ਕਾਰਗੁਜ਼ਾਰੀ ਹੁੰਦੀ ਹੈ। ਉਨ੍ਹਾਂ ਨੂੰ ਵੀ ਸਨਮਾਨ ਦਿੱਤਾ ਜਾਂਦਾ ਹੈ। ਸਕੂਲ ਚੇਅਰਮੈਨ ਨਰ ਸਿੰਘ ਬਰਾੜ ਤੇ ਪ੍ਰਿੰਸੀਪਲ ਬਾਇਜੂ ਵਿਜੇ ਤੇ ਕੋਆਰਡੀਨੇਟਰ ਮਮਤਾ ਢੰਡ ਨੇ ਲਕਸ਼ਿਤਾ ਤੇ ਮਾਪਿਆਂ ਨੂੰ ਵਧਾਈ ਦਿੱਤੀ।



# ਸ਼ਹੀਦ ਭਗਤ ਸਿੰਘ ਵੈੱਲਫੇਅਰ ਸੁਸਾਇਟੀ ਵੱਲੋਂ ਸਨਮਾਨ ਸਮਾਗਮ



**ਦੋਰਾਹਾ (ਹਰਮਿੰਦਰ ਸੇਠ)**-ਸ਼ਹੀਦ ਭਗਤ ਸਿੰਘ ਵੈਲਫੇਅਰ ਸੁਸਾਇਟੀ (ਰਜਿ) ਦੋਰਾਹਾ ਵੱਲੋਂ ਵਿਸ਼ੇਸ਼ ਸਨਮਾਨ ਸਮਾਗਮ ਪੁਰਾਣੀ ਦਾਣਾ ਮੰਡੀ ਵਿਖੇ ਐਡਵੋਕੇਟ ਮੈਡਮ ਗੁਰਜੋਤ ਕੌਰ ਮਾਂਗਟ ਦੀ ਵਿਸ਼ੇਸ਼ ਅਗਵਾਈ ਹੇਠ ਕਰਾਇਆ ਗਿਆ, ਜਿਸ ਵਿੱਚ ਦੋਰਾਹਾ ਵੈਲਫੇਅਰ ਐਂਬੂਲੈਂਸ ਸੁਸਾਇਟੀ, ਯੂਥ ਬਲੱਡ ਡੋਨਰ ਲੁਧਿਆਣਾ, ਮਾਲਵਾ ਫਰੈਂਡਜ਼ ਵੈਲਫੇਅਰ ਸੁਸਾਇਟੀ, ਮਿਸਾਲ ਦੀ ਪ੍ਰਾਈਡ ਆਫ਼ ਸੁਸਾਇਟੀ, ਰਾਸ਼ਨ ਸੇਵਾ ਸੁਸਾਇਟੀ, ਯੂਥ ਬਲੱਡ ਡੋਨਰ ਸਾਹਨੇਵਾਲ, ਜਗਦੇਵ ਟਿਵਾਣਾ ਮੁਸਲਿਮ ਮੈਨੇਜਮੈਂਟ ਕਮੇਟੀ ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਨਾਲ ਹੀ ਸਮਾਜ ਸੇਵੀ ਸੰਸਥਾਵਾਂ, ਵਧੀਆ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਸਕੂਲੀ ਵਿਦਿਆਰਥੀ, ਵਧੀਆ ਖਿਡਾਰੀ ਤੇ ਸ਼ਹਿਰ ਦਾ ਨਾਂਅ ਰੌਸ਼ਨ ਕਰਨ ਵਾਲੇ ਨੌਜਵਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਕੂਲਾਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਹਾਜ਼ਰੀ ਲਵਾਈ। ਬੱਚਿਆਂ ਨੂੰ ਹਲਕਾ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਤੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਨਜੀਤ ਸਿੰਘ ਬੈਂਸ ਵਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਬੈਂਸ, ਸੋਸਲ ਵਰਕਰ ਹਨੀ ਸੇਠੀ, ਦਰਸ਼ਨ ਸਿੰਘ, ਭਾਰਤ ਭੂਸ਼ਨ, ਕੈਪਟਨ ਗੁਰਦੀਪ, ਪ੍ਰਧਾਨ ਰਾਣਾ ਕੂੰਨਰ, ਬੋਬੀ ਤਿਵਾੜੀ, ਪ੍ਰਧਾਨ ਸੁਦਰਸ਼ਨ ਸ਼ਰਮਾ, ਚੇਅਰਮੈਨ ਬੂਟਾ ਸਿੰਘ ਰਾਣੋ, ਏ.ਪੀ ਜੱਲਾ, ਮਨੀਸ਼ ਅਰੋੜਾ ਮਨੀ, ਮਨਜੀਤ ਡੀ.ਸੀ, ਗੁਰਦੀਪ ਸਿੰਘ ਕਾਲੀ, ਪੱਤਰਕਾਰ ਗੁਰਦੀਪ ਸਿੰਘ, ਪੱਤਰਕਾਰ ਹਰਮਿੰਦਰ ਸੇਠ, ਪੱਤਰਕਾਰ ਜੋਗਿੰਦਰ ਸਿੰਘ ਓਬਰਾਏ, ਚਰਨਜੀਤ ਸਿੰਘ ਖਾਲਸਾ, ਮਲਵਿੰਦਰ ਸਿੰਘ ਵਿੱਕੀ, ਪੱਤਰਕਾਰ ਤਰੁਣ ਆਨੰਦ, ਬਿਕਰਮਜੀਤ ਸਿੰਘ ਕਦੋਂ, ਵਨੀਤ ਅਸਟ, ਲਵੀ ਬੁਆਣੀ, ਸਾਬਕਾ ਇੰਦਰਜੀਤ ਸਿੰਘ ਕਾਲਾ, ਅਖਿਲੇਸ਼, ਸਾਬਕਾ ਚੈਅਰਮੈਨ ਭਗਵੰਤ ਸਿੰਘ ਮੱਲੀ, ਪੱਤਰਕਾਰ ਮਨਪ੍ਰੀਤ ਸਿੰਘ ਰਣਦਿਉ, ਰੋਕੀ ਸਹੋਤਾ, ਸਰਨੀ ਮਾਂਗਟ, ਸੋਸ਼ਲ ਵਰਕਰ ਰਮੇਸ ਕੁਮਾਰ ਮੇਸ਼ੀ, ਜਨਦੀਪ ਕੌਂਸਲ, ਈਸ਼ੂ ਦੋਰਾਹਾ, ਗਿੰਨੀ ਕਪੂਰ, ਸੋਨੂੰ ਸਰਾਓ, ਰਣਜੋਧ ਸਿੰਘ, ਜਗਤਾਰ ਸਿੰਘ, ਰਵੀ ਕਾਰਤੂਸ ਦੋਰਾਹਾ, ਸੂਰਜ ਭਲਵਾਨ ਤੇ ਲਵਪ੍ਰੀਤ ਲਵੀ ਆਦਿ ਹਾਜ਼ਰ ਸਨ।

# ਸਰਕਾਰੀ ਵਕੀਲ ਬਣੇ ਕੁਲਦੀਪ ਗਰਗ ਨੂੰ ਕੀਤਾ ਸਨਮਾਨਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰੁਪਿਆਰ ਸਿੰਘ ਬੱਲ)**-ਸਮਾਣਾ ਦੀ ਜੁਡੀਸ਼ੀਅਲ ਕੋਰਟਸ ਵਿਖੇ ਐਡਵੋਕੇਟ ਸੰਦੀਪ ਜਿੰਦਲ ਨਾਲ ਪ੍ਰੈਕਟਿਸ ਕਰਦੇ ਐਡਵੋਕੇਟ ਕੁਲਦੀਪ ਗਰਗ ਨੂੰ ਹਰਿਆਣਾ ਵਿਖੇ ਏ ਡੀ ਏ (ਸਰਕਾਰੀ ਵਕੀਲ) ਸਿਲੈਕਟ ਹੋਣ ’ਤੇ ਬਾਰ ਐਸੋਸੀਏਸ਼ਨ ਸਮਾਣਾ ਦੇ ਨਵੇਂ ਚੁਣੇ ਗਏ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਦੀ ਟੀਮ ਵੱਲੋਂ ਬੁੱਕਾ ਦੇ ਕੇ ਸਨਮਾਨਤ ਕੀਤਾ ਗਿਆ ਤੇ ਚੰਗੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਚਾਹ ਪਾਰਟੀ ਵੀ ਕੀਤੀ ਗਈ। ਸ੍ਰੀ ਰੰਧਾਵਾ ਨੇ ਦੱਸਿਆ ਕਿ ਕੁਲਦੀਪ ਗਰਗ ਦੇ ਪਿਤਾ ਸ਼ਿਵ ਨਰਾਇਣ ਗਰਗ ਸਮਾਜ ਸੇਵਕ ਹੋਣ ਦੇ ਨਾਲ ਨਾਲ ਇੱਕ ਵਧੀਆ ਪੱਤਰਕਾਰ ਵੀ ਹਨ, ਜਿਨ੍ਹਾਂ ਦੀ ਸਮਾਜ ਨੂੰ ਬਹੁਤ ਵਧੀਆ ਦੇਣ ਹੈ। ਇਸ ਮੌਕੇ ਸਰਕਾਰੀ ਵਕੀਲ ਬਣੇ ਕੁਲਦੀਪ ਗਰਗ ਨੂੰ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਕੈਸ਼ੀਅਰ ਸੰਦੀਪ ਜਿੰਦਲ, ਮੀਤ ਪ੍ਰਧਾਨ ਰਿਸ਼ੀ ਚੋਪੜਾ, ਸੈਕਟਰੀ ਹਰਮਨਦੀਪ ਸਿੰਘ ਸਿੱਧੂ, ਜੁਆਇੰਟ ਸੈਕਟਰੀ ਜਗਤਾਰ ਸ਼ਰਮਾ, ਐਗਜ਼ੈਕਟਿਵ ਮੈਂਬਰ ਗੁਰਜੀਤ ਕੌਰ ਬੱਲ, ਅਰਮਾਨ ਸਿੰਘ, ਰਾਜਵਿੰਦਰ ਗੋਇਲ, ਲਾਇਬ੍ਰੇਰੀਅਨ ਨਿਰਲੇਪ ਕੌਰ, ਨਵਦੀਪ ਸਿੰਘ ਢਿੱਲੋਂ, ਤਰਨਜੀਤ ਸਿੰਘ ਸੋਢੀ, ਕਸ਼ਮੀਰ ਸਿੰਘ ਚੂੰਬਰ, ਕਸ਼ਮੀਰ ਸਿੰਘ ਵਿਰਕ, ਦਵਿੰਦਰ ਸਿੰਘ ਢਿੱਲੋਂ, ਰਣਦੀਪ ਸਿੰਘ ਥਿੰਦ, ਕੁਲਵੰਤ ਸਿੰਘ ਢਿੱਲੋਂ, ਸੁਰੇਸ਼ ਸ਼ਰਮਾ, ਇੰਦਰਜੀਤ ਸਿੰਘ ਸਲੂਜਾ, ਜਸਬੀਰ ਸਿੰਘ, ਕੁਲਵਿੰਦਰ ਸਿੰਘ ਗਲੌਲੀ, ਕੇ ਕੇ ਵੋਹਰਾ, ਸੀਤਾ ਰਾਮ ਬਾਂਸਲ, ਐੱਚ ਐੱਸ ਸਿੱਧੂ, ਰਿਸ਼ੀ ਚੋਪੜਾ, ਗੁਰਵਿੰਦਰ ਸਿੰਘ ਕਾਲੇਕਾ, ਮਨਪ੍ਰੀਤ ਕੌਰ, ਪ੍ਰਿਆ, ਸਿਧਾਰਥ ਗੋਇਲ ਨੇ ਮੁਬਾਰਕਾਂ ਦਿੱਤੀਆਂ।

## ਕੇਂਦਰੀ ਵਿਦਿਆਲਿਆ ’ਚ ਖੇਡ ਤੇ ਸਥਾਪਨਾ ਦਿਵਸ ਮਨਾਇਆ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਕੇਂਦਰੀ ਵਿਦਿਆਲਿਆ ਉੱਭਾਵਾਲ ਵਿਖੇ ਖੇਡ ਦਿਵਸ ਤੇ ਕੇਂਦਰੀ ਵਿਦਿਆਲਿਆ ਸੰਗਠਨ ਦਾ 60ਵਾਂ ਸਥਾਪਨਾ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਵਿਨੇ ਕੁਮਾਰ ਅੱਗਰਵਾਲ ਚੀਫ ਮੈਨੇਜਰ ਆਈ.ਓ.ਸੀ.ਐੱਲ. ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ ਵਿੱਚ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼



ਕੀਤਾ ਗਿਆ ਤੇ ਬੱਚਿਆਂ ਦੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪ੍ਰਿੰਸੀਪਲ ਅੰਜਨਾ ਗੰਗਵਾਰ ਨੇ ਦੱਸਿਆ ਕਿ ਕੇਂਦਰੀ ਵਿਦਿਆਲਿਆ ਸੰਗਠਨ ਹਮੇਸ਼ਾ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਕੰਮ ਕਰਦਾ ਹੈ। ਕੇਂਦਰੀ ਵਿਦਿਆਲਿਆ ਸੰਗਠਨ ਦੀ ਸਥਾਪਨਾ ਨੂੰ 60 ਵਰ੍ਹੇ ਹੋ ਚੁੱਕੇ ਹਨ ਤੇ ਇਸ ਦੌਰਾਨ ਸੰਗਠਨ ਨੇ ਤਰੱਕੀ ਦੀਆਂ ਨਵੀਆਂ ਮੰਜ਼ਲਾਂ ਸਰ ਕੀਤੀਆਂ ਹਨ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

## ਨਵ-ਜੰਮੀਆਂ ਦੀ ਲੋਹੜੀ 12 ਨੂੰ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸੈਂਕੀ ਸ਼ਰਮਾ)**-ਸੁਆਮੀ ਗੰਗਾ ਨੰਦ ਜੀ ਭੂਰੀਵਾਲੇ ਚੈਰੀਟੇਬਲ ਸੇਵਾ ਸੰਮਤੀ ਵੱਲੋਂ ਮਨਾਈ ਜਾਵੇਗੀ ਨਵ-ਜੰਮੀਆ ਧੀਆਂ ਦੀ ਲੋਹੜੀ। ਇਸ ਮੌਕੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸੰਸਥਾ ਦੇ ਚੇਅਰਮੈਨ ਚਰਨਜੀਤ ਸਿੰਘ ਥੋਪੀਆ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਵ-ਜੰਮੀਆ ਧੀਆਂ ਦੀ ਲੋਹੜੀ 12 ਜਨਵਰੀ 2024 ਨੂੰ ਕਪੂਰ ਪੈਲੇਸ ਮਾਛੀਵਾੜਾ ਸਾਹਿਬ ਵਿਖੇ ਮਨਾਈ ਜਾਵੇਗੀ। ਉਨ੍ਹਾ ਕਿਹਾ ਕਿ ਸੁਆਮੀ ਗੰਗਾ ਨੰਦ ਜੀ ਭੂਰੀਵਾਲੇ ਚੈਰੀਟੇਬਲ ਸੇਵਾ ਸੰਮਤੀ ਹਮੇਸ਼ਾ ਹੀ ਲੋਕ ਸੇਵਾ ਲਈ ਤਿਆਰ ਰਹਿੰਦੀ ਹੈ। ਇਸ ਮੌਕੇ ਅਸ਼ੋਕ ਖੁਰਾਣਾ, ਸੰਜੇ ਜੈਨ, ਗੁਰਚਰਨ ਸਿੰਘ, ਰਵਿੰਦਰ ਮੋਦਗਿੱਲ, ਪ੍ਰੇਮ ਸਿੰਘ ਰਜੂਲ, ਪਰਮਜੀਤ ਸਿੰਘ ਨੀਲੋਂ, ਕਲਵੰਤ ਕੋਰ ਨੀਲੋਂ, ਰੇਨੂ ਬੈਂਸ, ਲਛਮੀ ਨਰੈਣ, ਜੋਗਿੰਦਰ ਪਾਲ, ਬਲਵਿੰਦਰ ਰਾਏ, ਜਗਜੀਤ ਸਿੰਘ ਢਿੱਲੋਂ ਆਦਿ ਸ਼ਾਮਲ ਸਨ।

LOVELY PROFESSIONAL UNIVERSITY

DISTANCE EDUCATION
Bridging the Distance in Education

Recognized by University Grants Commission (UGC-DEB)

December 2023 - January 2024 End Term Examination

ਸਾਰੇ ਸਬੰਧਤ LPU ਡਿਸਟੈਂਸ ਐਜੂਕੇਸ਼ਨ ਦੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ **ਦਸੰਬਰ 2023 - ਜਨਵਰੀ 2024 End Term** ਪ੍ਰੀਖਿਆਵਾਂ ਪੰਜਾਬ ਰਾਜ ਵਿੱਚ ਸਥਿਤ ਪ੍ਰੀਖਿਆ ਕੇਂਦਰਾਂ ਵਿੱਚ **22 ਦਸੰਬਰ 2023** ਤੋ ਸ਼ੁਰੂ ਹੋ ਰਹੀਆਂ ਹਨ । ਡੇਟ ਸ਼ੀਟ ਅਤੇ ਐਡਮਿਟ ਕਾਰਡ ਪ੍ਰੀਖਿਆ ਕੇਂਦਰ ਦੇ ਵੇਰਵੇ ਦੇ ਨਾਲ ਸਾਰੇ ਪਾਤਰ ਵਿਦਿਆਥੀਆਂ ਦੇ **e-Connect Log-in** ਵਿੱਚ ਮੁਹੱਇਆ ਕਰਾ ਦਿੱਤੇ ਗਏ ਹਨ।

**ਵਿਦਿਆਰਥੀਆਂ ਲਈ ਵਿਦਿਆਰਥੀ ID Card ਅਤੇ ਐਡਮਿਟ ਕਾਰਡ ਪ੍ਰੀਖਿਆ ਕੇਂਦਰ ਵਿੱਚ ਲੈ ਕੇ ਜਾਣਾ ਲਾਜ਼ਮੀ ਹੈ।**

www.lpude.in | Call: 01824-521360

# ਬਾਲਪੁਰ ਸਕੂਲ ਦੇ ਵਿਦਿਆਰਥੀਆਂ ਵੱਲੋਂ ਮਾਤਾ ਗੁਜਰੀ ਕਾਲਜ ਦਾ ਦੌਰਾ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਾਲਪੁਰ ਦੇ ਤਕਰੀਬਨ 90 ਵਿਦਿਆਰਥੀਆਂ ਨੇ ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫਰੇਮਵਰਕ ਸਕੀਮ ਅਧੀਨ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਦਾ ਵਿੱਦਿਅਕ ਦੌਰਾ ਕੀਤਾ। ਸਕੂਲ ਦੇ ਵਿਦਿਆਰਥੀਆਂ ਨੂੰ ਕਾਲਜ ਦੀਆਂ ਆਧੁਨਿਕ ਕੰਪਿਊਟਰਾਂ ਨਾਲ ਲੈਸ ਲੈਬਾਂ ਦਾ ਵਿੱਦਿਅਕ ਦੌਰਾ ਕਰਵਾਇਆ ਗਿਆ, ਜਿਸ ਦੌਰਾਨ ਉਨ੍ਹਾਂ ਨੂੰ ਆਰਟੀਫਿਸ਼ਲ ਇੰਟੈਲੀਜੈਂਸ, ਸਾਈਬਰ ਸੁਰੱਖਿਆ, ਹਾਰਡਵੇਅਰ ਤੇ ਸਾਫਟਵੇਅਰ ਆਦਿ ਵਿਸ਼ਿਆਂ ਸਬੰਧੀ ਕੰਪਿਊਟਰ ਵਿਭਾਗ ਦੇ ਡਾ. ਜੋਗਾ ਸਿੰਘ ਨੇ ਮਹੱਤਵਪੂਰਨ ਜਾਣਕਾਰੀ ਦਿੱਤੀ। ਸਕੂਲ ਦੇ ਪ੍ਰਿੰਸੀਪਲ ਸ੍ਰ. ਰੰਧਾਵਾ ਸਿੰਘ ਨੇ ਕਾਲਜ ਪ੍ਰਿੰਸੀਪਲ ਤੇ ਸਟਾਫ ਦਾ ਸਕੂਲ ਦੇ ਵਿਦਿਆਰਥੀਆਂ ਦੀ ਕੈਰੀਅਰ ਕਾਊਂਸਲਿੰਗ ਕਰਨ ਤੇ ਉਨ੍ਹਾਂ ਨੂੰ ਕਾਲਜ ਵਿਖੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਉੱਚ ਪੱਧਰ ਦੀਆਂ ਵੱਖ-ਵੱਖ ਸਹੂਲਤਾਂ ਬਾਰੇ ਜਾਣਕਾਰੀ ਦੇਣ ਲਈ ਧੰਨਵਾਦ ਕੀਤਾ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਕੂਲ ਦੇ ਅਧਿਆਪਕਾਂ ਦਾ ਸੁਆਗਤ ਕਰਦਿਆਂ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਹਾਸਲ ਕਰਨ ਲਈ ਉਤਸ਼ਾਹਤ ਕੀਤਾ। ਇਸ ਵਿੱਦਿਅਕ ਦੌਰੇ ਦੌਰਾਨ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ, ਜੌਗਰਫੀ ਵਿਭਾਗ ਦੇ ਮੁਖੀ ਪ੍ਰੋ. ਅਨੁਪ੍ਰੀਤ ਸਿੰਘ ਟਿਵਾਣਾ, ਮਨੋਵਿਗਿਆਨ ਵਿਭਾਗ ਦੇ ਮੁਖੀ ਡਾ. ਹਰਦੀਪ ਕੌਰ, ਫਾਈਨ ਆਰਟਸ ਵਿਭਾਗ ਦੇ ਮੁਖੀ ਡਾ. ਅਵਨੀਤ ਕੌਰ, ਫਿਜ਼ਿਕਸ ਵਿਭਾਗ ਦੇ ਡਾ. ਰਮਨੀਕ ਕੌਰ, ਪੱਤਰਕਾਰੀ ਵਿਭਾਗ ਦੇ ਮੁਖੀ ਪ੍ਰੋ. ਹਰਗੁਣਪ੍ਰੀਤ ਸਿੰਘ, ਕਾਮਰਸ ਵਿਭਾਗ ਦੇ ਪ੍ਰੋ. ਅਮਨਪ੍ਰੀਤ ਕੌਰ, ਲਾਇਬ੍ਰੇਰੀ ਸਟਾਫ ਤੇ ਕਾਲਜ ਦੇ ਹੋਰ ਅਧਿਆਪਕਾਂ ਨੇ ਵਿਦਿਆਰਥੀਆਂ ਨਾਲ ਵੱਖ-ਵੱਖ ਵਿਸ਼ਿਆਂ ਸਬੰਧੀ ਵੱਡਮੁੱਲੀ ਜਾਣਕਾਰੀ ਸਾਂਝੀ ਕੀਤੀ।

# ਰੋਹਿਤ ਕਾਲੜਾ ਦੀ ਕਿਤਾਬ ਡੀ ਆਈ ਜੀ ਵੱਲੋਂ ਰਿਲੀਜ਼

**ਮਲੋਟ (ਗੁਰਮੀਤ ਸਿੰਘ ਮੱਕੜ)**

ਮਲੋਟ ਤੇ ਇਸ ਅਧੀਨ ਪਿੰਡਾਂ ਦਾ ਇਤਿਹਾਸ ਲਿਖਣ ਵਾਲੇ ਨੌਜਵਾਨ ਲੇਖਕ ਰੋਹਿਤ ਕਾਲੜਾ ਦੀ 15ਵੀਂ ਕਿਤਾਬ ‘ਰੰਗ ਮਲੋਟ ਦੇ’ ਦਾ ਵਿਮੋਚਨ ਡੀ.ਆਈ.ਜੀ. (ਐੱਸ.ਟੀ.ਐਫ) ਸ੍ਰੀ ਅਜੈ ਮਲੂਜਾ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਨੌਜਵਾਨ ਲੇਖਕ ਰੋਹਿਤ ਕਾਲੜਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ 2009 ਤੋਂ ਹਰ ਸਾਲ ਮਲੋਟ ਦੇ ਵੱਖ-ਵੱਖ ਵਿਸ਼ਿਆਂ ਅਤੇ ਮੁੱਦਿਆਂ ’ਤੇ ਕਿਤਾਬ ਪ੍ਰਕਾਸ਼ਤ ਕਰ ਰਹੇ ਰੋਹਿਤ ਨੇ ਛੋਟੀ ਉਮਰ ਵਿਚ ਇਲਾਕਾ ਵਾਸੀਆਂ ਨੂੰ ਇੱਕ ਸੌਗਾਤ ਦਿੱਤੀ ਹੈ, ਜਿਸ ਤੋਂ ਨੌਜਵਾਨ ਪੀੜ੍ਹੀ ਨੂੰ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ’ਤੇ ਰੋਹਿਤ ਕਾਲੜਾ ਨੇ ਦੱਸਿਆ ਕਿ ਇਹ ਉਸਦੀ 15ਵੀਂ ਕਿਤਾਬ ਹੈ, ਜਿਸ ਵਿੱਚ ਮਲੋਟ ਦੇ ਮੌਜੂਦਾ ਹਾਲਾਤ, ਸਮੱਸਿਆਵਾਂ ਅਤੇ ਮਲੋਟ ਦਾ ਨਾਂਅ ਵੱਖ-ਵੱਖ ਖੇਤਰਾਂ ਵਿੱਚ ਚਮਕਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਸਾਹਮਣੇ ਲਿਆਉਣ ਦੀ ਉਨ੍ਹਾਂ ਦੀ ਕੋਸ਼ਿਸ਼ ਹੈ। ਜ਼ਿਕਰਯੋਗ ਹੈ ਕਿ ਰੋਹਿਤ ਕਾਲੜਾ ਨੂੰ ਸਿਰਫ਼ 19 ਸਾਲ ਦੀ ਉਮਰ ਵਿੱਚ ਮਲੋਟ ਦਾ 165 ਸਾਲ ਦਾ ਇਤਿਹਾਸ ਲਿਖਣ ਦਾ ਵੀ ਮਾਣ ਹਾਸਲ ਹੋਇਆ ਹੈ। ਇਸ ਮੌਕੇ ਮੁੱਖ ਅਧਿਆਪਕ ਹਰਵਿੰਦਰ ਸਿੰਘ ਸੀਚਾ, ਸਕਾਈ ਮਾਲ ਮਲੋਟ ਦੇ ਪ੍ਰੋਜੈਕਟ ਇੰਚਾਰਜ ਵਿਜੈ ਚਲਾਨਾ, ਪ੍ਰੋ. ਰਿਸ਼ੀ ਹਿਰਦੇਪਾਲ, ਗੌਰਵ ਨਾਗਪਾਲ (ਆਰਤੀ ਸਵੀਟ) ਤੇ ਨਿਖਿਲ ਸੁਖੀਜਾ ਹਾਜ਼ਰ ਸਨ।



## ਕ੍ਰਿਸ਼ਨ ਅਵਤਾਰ ਧਾਰਨ ਦੇ ਪ੍ਰਸੰਗ ਦੌਰਾਨ ਪੰਡਾਲ ਝੂਮ ਉਠਿਆ



**ਬਰਨਾਲਾ (ਰਾਜਿੰਦਰ ਬਰਾੜ, ਰਾਕੇਸ਼ ਨੀਟਾ)**-ਸ੍ਰੀ ਸਨਾਤਨ ਧਰਮ ਸਭਾ (ਰਜਿ:) ਦੇ 100 ਸਾਲਾ ਸਥਾਪਨਾ ਦਿਵਸ ’ਤੇ ਕਰਾਏ ਜਾ ਰਹੇ ਸ੍ਰੀਮਦ ਭਗਵਤ ਗਿਆਨ ਯੱਗ ਦੇ ਚੌਥੇ ਦਿਨ ਵੀ 108 ਬ੍ਰਾਹਮਣਾਂ ਵੱਲੋਂ 108 ਜਜਮਾਨਾਂ ਨੂੰ ਵਿਧੀਵਤ ਪੂਜਾ ਕਰਾਈ ਗਈ। ਐੱਸ.ਡੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਜਾਏ ਗਏ ਬਹੁਤ ਹੀ ਸੁੰਦਰ ਪੰਡਾਲ ਵਿੱਚ ਸੁਸ਼ੋਭਿਤ ਬਿਆਸ ਗੱਦੀ ਤੋਂ ਸਨਾਤਨ ਅਚਾਰੀਆ ਪੰਡਿਤ ਸ਼ਿਵ ਕੁਮਾਰ ਗੌੜ ਵੱਲੋਂ ਮੰਤਰਾਂ ਦਾ ਉਚਾਰਨ ਕੀਤਾ ਗਿਆ। ਪੰਡਤ ਰਾਕੇਸ਼ ਗੌੜ ਨੇ ਚੌਥੇ ਦਿਨ ਸ਼ਾਮ ਦੀ ਕਥਾ ਦੌਰਾਨ ਭਗਵਾਨ ਬਾਵਨ ਅਵਤਾਰ ਤੇ ਭਗਵਾਨ ਸ੍ਰੀ ਕ੍ਰਿਸ਼ਨ ਅਵਤਾਰ ਦੇ ਪ੍ਰਸੰਗ ਸੁਣਾਏ ਗਏ। ਪੰਡਤ ਰਾਕੇਸ਼ ਕੁਮਾਰ ਗੌੜ ਨੇ ਕਥਾ ਸ਼ੁਰੂ ਕਰਦਿਆਂ ਭਗਵਾਨ ਬਾਵਨ ਜੀ ਅਵਤਾਰ ਧਾਰਨ ਸਬੰਧੀ ਵਿਸਥਾਰ ਪੂਰਵਕ ਚਾਨਣਾ ਪਾਇਆ। ਇਸ ਦੌਰਾਨ ਭਗਵਾਨ ਬਾਵਨ ਦੇ ਬਚਪਨ ਦੇ ਸਰੂਪ ਦੀ ਸੁੰਦਰ ਝਾਕੀ ਸਜਾਈ ਗਈ ਤੇ ਐੱਸ.ਡੀ ਸਭਾ ਦੇ ਸਮੂਹ ਆਹੁਦੇਦਾਰਾਂ ਅਤੇ ਮੈਂਬਰਾਨ ਵੱਲੋਂ ਭਗਵਾਨ ਬਾਵਨ ਦੇ ਸਰੂਪ ਦੀ ਵਿਧੀਵਤ ਪੂਜਾ ਕੀਤੀ ਗਈ। ਭਗਵਾਨ ਕ੍ਰਿਸ਼ਨ ਜੀ ਦੇ ਜਨਮ ਸਬੰਧੀ ਪ੍ਰਸੰਗ ਦੌਰਾਨ ਜਦੋਂ ਬਾਲ ਗੋਪਾਲ ਦੀ ਝਾਕੀ ਪੰਡਾਲ ਵਿੱਚ ਆਈ ਤਾਂ ਪੂਰਾ ਪੰਡਾਲ ਝੂਮ ਉਠਿਆ ਅਤੇ ਸਮੁੱਚੇ ਪੰਡਾਲ ਨੇ ਨੱਚ ਕੇ ਕ੍ਰਿਸ਼ਨ ਜਨਮ ਦੀ ਖੁਸ਼ੀ ਮਨਾਈ। ਸ੍ਰੀਮਦ ਭਗਵਤ ਗਿਆਨ ਮਹਾਂਯੱਗ ਦੇ ਚੌਥੇ ਦਿਨ ਸਵੇਰੇ 108 ਬ੍ਰਾਹਮਣਾਂ ਵੱਲੋਂ 108 ਜਜਮਾਨਾਂ ਨੂੰ ਪੂਜਾ ਕਰਵਾਈ ਗਈ ਤੇ ਸਨਾਤਨ ਅਚਾਰੀਆ ਪੰਡਤ ਸ਼ਿਵ ਕੁਮਾਰ ਗੌੜ ਵੱਲੋਂ ਮੰਤਰਾਂ ਦਾ ਉਚਾਰਨ ਕੀਤਾ ਗਿਆ। ਇਸ ਦੌਰਾਨ ਬ੍ਰਾਹਮਣਾਂ ਤੇ ਜਜਮਾਨਾਂ ਸਮੇਤ ਪਹੁੰਚੇ ਭਗਤ ਜਨਾਂ ਨੇ ਮਿਲ ਕੇ ਭੰਡਾਰਾ ਛਕਿਆ। ਸ਼ਾਮ ਦੀ ਕਥਾ ਵਿੱਚ ਵੱਡੀ ਗਿਣਤੀ ਸਹਿਰ ਨਿਵਾਸੀਆਂ ਨੇ ਸ਼ਿਰਕਤ ਕੀਤੀ ਅਤੇ ਦੇਰ ਸ਼ਾਮ ਤੱਕ ਭਗਤ ਜਨ ਪ੍ਰਭੂ ਦੀ ਸਿਫਤ ਸਲਾਹ ਵਾਲੀ ਕਥਾ ਦਾ ਆਨੰਦ ਲੈਂਦੇ ਰਹੇ।

19-DEC-PAGE-7.qxd 12/18/2023 10:36 PM Page 1



# ਜੇ ਪੀ ਐੱਮ ਓ ਵੱਲੋਂ ਸਰਕਾਰਾਂ ਦੀਆਂ ਲੋਕ-ਮਾਰੂ ਨੀਤੀਆਂ ਵਿਰੁੱਧ ਸਾਂਝੇ ਘੋਲ ਵਿੱਢਣ ਦਾ ਸੱਦਾ




**ਕੋਟਕਪੂਰਾ (ਰਛਪਾਲ ਭੁੱਲਰ)**

ਜਨਤਕ ਜਥੇਬੰਦੀਆਂ ਦਾ ਸਾਂਝਾ ਮੰਚ (ਜੇ.ਪੀ.ਐੱਮ.ਓ.) ਜ਼ਿਲ੍ਹਾ ਫਰੀਦਕੋਟ ਦੀ ਜਥੇਬੰਦਕ ਕਨਵੈਨਸ਼ਨ ਮਿਊਂਸਪਲ ਪਾਰਕ ਕੋਟਕਪੂਰਾ ਵਿਖੇ ਵੀਰ ਇੰਦਰਜੀਤ ਸਿੰਘ ਪੁਰੀ, ਜਤਿੰਦਰ ਕੁਮਾਰ, ਬਲਕਾਰ ਸਿੰਘ ਔਲਖ, ਹਰਜਿੰਦਰ ਸਿੰਘ ਕਾਕਾ, ਗਗਨਦੀਪ ਕੌਰ, ਕ੍ਰਿਸ਼ਨ ਕੁਮਾਰ ਗੁਗਨੀ ਦੀ ਪ੍ਰਧਾਨਗੀ ਹੇਠ ਹੋਈ।ਸਟੇਜ ਦੀ ਕਾਰਵਾਈ ਸਾਥੀ ਗੁਰਤੇਜ ਸਿੰਘ ਹਰੀ ਨੌਂ ਨੇ ਚਲਾਈ।ਕਨਵੈਨਸ਼ਨ ਨੂੰ ਸੰਬੋਧਨ ਕਰਨ ਲਈ ਉਚੇਚੇ ਤੌਰ 'ਤੇ ਪੁੱਜੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਵਿੱਤ ਸਕੱਤਰ ਸਾਥੀ ਮਹੀਪਾਲ ਨੇ ਕੇਂਦਰੀ ਤੇ ਸੂਬਾ ਸਰਕਾਰ ਦੀਆਂ ਲੋਕਮਾਰੂ-ਦੇਸ਼ ਵਿਰੋਧੀ ਨੀਤੀਆਂ ਤੇ ਫਿਰਕੂ-ਜਾਤੀਵਾਦੀ ਸ਼ਕਤੀਆਂ ਦੀਆਂ ਫੁੱਟ ਪਾਊ ਕੁਚਾਲਾਂ ਵਿਰੁੱਧ ਸਾਂਝੇ ਘੋਲ ਵਿੱਢਣ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਸਾਡੇ ਦੇਸ਼ ਦੀ 40 ਕਰੋੜ ਤੋਂ ਉੱਪਰ ਨੌਜਵਾਨ ਵਸੋਂ ਵਿੱਚੋਂ ਵੱਡਾ ਹਿੱਸਾ ਬੇਰੁਜ਼ਗਾਰ ਹੈ। ਮੋਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ, ਪਰ ਹੁਣ ਉਹ ਸਰਕਾਰੀ ਅਦਾਰੇ ਕਾਰਪੋਰੇਟ ਘਰਾਣਿਆਂ ਦੀ ਝੋਲੀ ਵਿੱਚ ਪਾ ਕੇ ਬੇਰੁਜ਼ਗਾਰਾਂ ਨਾਲ ਛਲ ਕਰ ਰਹੀ ਹੈ ਤੇ ਬਜਟ ਵਿੱਚ ਹਰ ਸਾਲ ਮਗਨਰੇਗਾ ਫੰਡਾਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ।

ਇਸੇ ਤਰ੍ਹਾਂ ਪੰਜਾਬ ਦੀ 'ਆਪ' ਸਰਕਾਰ ਸੱਤਾ ਵਿੱਚ ਆਉਣ ਤੋਂ ਪਹਿਲਾਂ ਕਿਸਾਨਾਂ-ਮਜ਼ਦੂਰਾਂ, ਬੇਰੁਜ਼ਗਾਰ ਯੁਵਕਾਂ, ਔਰਤਾਂ ਤੇ ਮੁਲਾਜ਼ਮਾਂ-ਪੈਨਸ਼ਨਰਾਂ ਨਾਲ ਕੀਤੇ ਸਾਰੇ ਵਾਅਦਿਆਂ ਤੋਂ ਮੁਨਕਰ ਹੋ ਚੁੱਕੀ ਹੈ।ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਡੀ ਏ ਦੀ ਕਿਸ਼ਤਾਂ ਦਾ ਬਕਾਈਆਂ ਨਹੀਂ ਦਿੱਤਾ ਜਾ ਰਿਹਾ ਤੇ ਆਪਣੇ ਵਾਅਦੇ ਮੁਤਾਬਕ ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਮਗਨਰੇਗਾ ਮਜ਼ਦੂਰਾਂ ਨੂੰ ਪੂਰਾ ਕੰਮ ਮਿਲ ਰਿਹਾ ਹੈ, ਜਿਸ ਕਰਕੇ ਲੋਕਾਂ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਪੰਜਾਬ ਅੰਦਰ ਦਿਨੋਂ-ਦਿਨ ਨਸ਼ੇ ਦਾ ਰੁਝਾਨ ਵਧ ਰਿਹਾ ਹੈ, ਜਿਸ ਕਰਕੇ ਕਿਰਤੀ ਲੋਕਾਂ ਨੂੰ ਵੱਡੇ ਘੋਲ ਕਰਕੇ ਇਨ੍ਹਾਂ ਸਰਕਾਰਾਂ ਨੂੰ ਮੂੰਹ ਤੋੜਵਾਂ ਜਵਾਬ ਦੇਣਾ ਹੋਵੇਗਾ। ਕਨਵੈਨਸ਼ਨ ਵਿੱਚ ਸਰਬਸੰਮਤੀ ਨਾਲ ਪੰਜ ਕਨਵੀਨਰ ਗੁਰਤੇਜ ਸਿੰਘ ਹਰੀ ਨੌਂ ਦਿਹਾਤੀ ਮਜ਼ਦੂਰ ਸਭਾ ਪੰਜਾਬ, ਜਤਿੰਦਰ ਕੁਮਾਰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ, ਵੀਰ ਇੰਦਰਜੀਤ ਸਿੰਘ ਪੁਰੀ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1406-222 ਚੰਡੀਗੜ੍ਹ, ਹਰਜਿੰਦਰ ਸਿੰਘ ਕਾਕਾ ਸੀਟੀਯੂ ਪੰਜਾਬ, ਦਰਸ਼ਨਾ ਜੋਸ਼ੀ ਔਰਤ ਮੁਕਤੀ ਮੋਰਚਾ ਪੰਜਾਬ ਦੀ ਚੋਣ ਕੀਤੀ ਗਈ ਅਤੇ ਪੰਜ ਕੋ-ਕਨਵੀਨਰ ਜਿਨ੍ਹਾਂ ਵਿੱਚ ਗੁਰਤੇਜ ਸਿੰਘ ਖਹਿਰਾ ਪੀਆਰਟੀਸੀ ਫਰੀਦਕੋਟ, ਕ੍ਰਿਸ਼ਨ ਕੁਮਾਰ ਗੁਗਨੀ ਮਿਊਂਸਪਲ ਵਰਕਰ ਯੂਨੀਅਨ ਕੋਟਕਪੂਰਾ, ਬਲਕਾਰ ਸਿੰਘ ਔਲਖ ਦਿਹਾਤੀ ਮਜ਼ਦੂਰ ਸਭਾ ਫਰੀਦਕੋਟ, ਗਗਨਦੀਪ ਕੌਰ ਔਰਤ ਮੁਕਤੀ ਮੋਰਚਾ ਫਰੀਦਕੋਟ ਤੇ ਲਾਭ ਸਿੰਘ ਮੈਡੀਕਲ ਕਾਲਜ ਫਰੀਦਕੋਟ ਦੇ ਨਾਮ ਸ਼ਾਮਲ ਕਰਕੇ ਜੇਪੀਐੱਮਓ ਜ਼ਿਲ੍ਹਾ ਫਰੀਦਕੋਟ ਦੀ ਕਮੇਟੀ ਦਾ ਗਠਨ ਕੀਤਾ ਗਿਆ।ਕਨਵੈਨਸ਼ਨ ਵਿੱਚ ਬੇਰੁਜ਼ਗਾਰੀ ਤੇ ਔਰਤਾਂ ਦੀ ਸੁਰੱਖਿਆ ਦੇ ਸਬੰਧ ਵਿੱਚ ਦੋ ਮਤੇ ਪਾਸ ਕੀਤੇ ਗਏ। ਹੋਰਨਾਂ ਤੋਂ ਇਲਾਵਾ ਸੁਖਮੰਦਰ ਸਿੰਘ ਢਿੱਲਵਾਂ, ਅਮਰ ਨਾਥ ਸ਼ਰਮਾ, ਸੂਰਤ ਸਿੰਘ ਮਾਹਲਾ, ਅਜੀਤ ਸਿੰਘ ਖਾਲਸਾ, ਕ੍ਰਿਸ਼ਨ ਕੁਮਾਰ, ਲਾਭ ਸਿੰਘ, ਗੁਰਤੇਜ ਸਿੰਘ ਖਹਿਰਾ, ਕ੍ਰਿਸ਼ਨ ਕੁਮਾਰ, ਸ਼ਰਨ ਕੁਮਾਰ, ਮੁਕੇਸ਼ ਕੁਮਾਰ, ਹਰਨੇਕ ਸਿੰਘ ਕੰਮੇਆਣਾ, ਆਸ਼ਾ ਰਾਣੀ, ਯਸ਼ਪਾਲ, ਰਾਜੂ ਕੁਮਾਰ, ਅਮਰਜੀਤ ਸਿੰਘ ਛਿੰਦਾ ਰਾਜੂ, ਅਮੀ ਚੰਦ ਆਦਿ ਸਾਥੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਗਨਰੇਗਾ ਕਾਮੇ ਸ਼ਾਮਲ ਹੋਏ।

# ਸ਼੍ਰੋਮਣੀ ਅਕਾਲੀ ਦਲ (ਅ) ਨੇ ਰਾਸ਼ਟਰਪਤੀ ਦੇ ਨਾਂਅ ਸੌਂਪਿਆ ਮੰਗ ਪੱਤਰ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜ਼ਿਲ੍ਹਾ ਜਥੇਬੰਦੀ ਸੰਗਰੂਰ ਵੱਲੋਂ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਨੂੰ ਡਿਪਟੀ ਕਮਿਸ਼ਨਰ ਸੰਗਰੂਰ ਰਾਹੀਂ ਮੰਗ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਭਾਰਤੀ ਵਿਦੇਸ਼ ਮੰਤਰਾਲਿਆਂ ਵੱਲੋਂ ਵਿਦੇਸ਼ਾਂ ਵਿੱਚ ਆਪਣੀਆਂ ਅੰਬੈਸੀਆਂ ਤੇ ਕੌਂਸਲੇਟ ਖਾਨਿਆਂ ਰਾਹੀਂ ਸਿੱਖ ਕੌਮ ਵਿਰੁੱਧ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ 'ਤੇ ਤੁਰੰਤ ਰੋਕ ਲਗਾਈ ਜਾਵੇ। ਜ਼ਿਲ੍ਹਾ ਜਥੇਬੰਦੀ ਵੱਲੋਂ ਇਹ ਮੰਗ ਪੱਤਰ ਜੀ ਏ ਟੂ ਡੀ ਸੀ ਸੰਗਰੂਰ ਨੂੰ ਸੌਂਪਿਆ ਗਿਆ। ਮੰਗ ਪੱਤਰ ਵਿੱਚ ਦੱਸਿਆ ਕਿ ਕਿਸ ਤਰ੍ਹਾਂ ਭਾਰਤੀ ਹੁਕਮਰਾਨਾਂ ਵੱਲੋਂ ਸ਼ੁਰੂ ਤੋਂ ਹੀ ਸਿੱਖ ਕੌਮ ਵੱਲੋਂ ਮਨੁੱਖਤਾ ਖਾਤਰ ਦਿੱਤੀਆਂ ਅਨੇਕਾਂ ਕੁਰਬਾਨੀਆਂ ਨੂੰ ਅਣਦੇਖਿਆ ਕਰਕੇ ਕੌਮ ਨੂੰ ਦਬਾਉਣ ਲਈ ਅੱਤਿਆਚਾਰ ਕੀਤੇ ਜਾਂਦੇ ਰਹੇ ਹਨ। ਦੇਸ਼ ਦੇ ਸੰਵਿਧਾਨ ਵਿੱਚ ਸਾਰੇ ਧਰਮਾਂ ਲਈ ਬਰਾਬਰ ਦੇ ਅਧਿਕਾਰ ਹੋਣ ਦੇ ਬਾਵਜੂਦ ਦੇਸ਼ ਵਿੱਚ ਘੱਟ ਗਿਣਤੀਆਂ ਤੇ ਬਹੁ-ਗਿਣਤੀਆਂ ਲਈ ਵੱਖਰੇ-ਵੱਖਰੇ ਕਾਨੂੰਨਾਂ ਨੂੰ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ। ਮੰਗ ਪੱਤਰ ਸੌਂਪਣ ਗਏ ਵਫਦ ਵਿੱਚ ਪੀਏਸੀ ਮੈਂਬਰ ਬਹਾਦਰ ਸਿੰਘ ਭਸੌੜ, ਜਥੇਬੰਦਕ ਸਕੱਤਰ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਸੀਨੀਅਰ ਆਗੂ ਵਾਸਵੀਰ ਸਿੰਘ ਭੁੱਲਰ, ਸ਼ਹਿਰੀ ਪ੍ਰਧਾਨ ਸੁਖਵਿੰਦਰ ਸਿੰਘ, ਦਫਤਰ ਇੰਚਾਰਜ ਕੁਲਵੰਤ ਸਿੰਘ ਲੱਡੀ, ਯੂਥ ਆਗੂ ਅਰਸ਼ਦੀਪ ਸਿੰਘ ਚਹਿਲ, ਮੱਘਰ ਸਿੰਘ ਹਰੇੜੀ, ਮੱਖਣ ਸਿੰਘ ਹਰੇੜੀ, ਗੁਰਜੰਟ ਸਿੰਘ ਭਵਾਨੀਗੜ੍ਹ, ਜਗਦੀਪ ਸਿੰਘ ਸੰਗਰੂਰ, ਤੇਜਾ ਸਿੰਘ, ਸੁਰਜੀਤ ਸਿੰਘ, ਸੁਖਵਿੰਦਰ ਸਿੰਘ ਭੁੱਲਰ ਸਮੇਤ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

# ਬਹਾਵਲਪੁਰ ਬਰਾਦਰੀ ਵੈੱਲਫੇਅਰ ਸੁਸਾਇਟੀ ਵੱਲੋਂ ਪਰਵਾਰ ਮਿਲਣ ਸਮਾਰੋਹ



**ਨਾਭਾ (ਵਰਿੰਦਰ ਵਰਮਾ)**

ਬਹਾਵਲਪੁਰ ਬਿਰਾਦਰੀ ਵੈੱਲਫੇਅਰ ਸੁਸਾਇਟੀ ਵੱਲੋਂ ਸਾਲਾਨਾ ਪਰਿਵਾਰ ਮਿਲਣੀ ਸਮਾਰੋਹ ਪ੍ਰਧਾਨ ਸ਼ਾਂਤੀ ਪ੍ਰਕਾਸ਼ ਛਾਬੜਾ ਦੀ ਅਗਵਾਈ ਹੇਠ ਪ੍ਰੀਤ ਪੈਲੇਸ ਦੁੱਲਦੀ ਗੇਟ ਨਾਭਾ ਵਿਖੇ ਕਰਵਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਭਜਨ ਗਾਇਕ ਸ੍ਰੀਕਾਂਤ ਯੁਵੀ ਸ਼ਰਮਾ ਨੇ ਕਰਦਿਆਂ ਭਗਤੀ ਭਜਨਾਂ ਦਾ ਗੁਣਗਾਨ ਕਰਕੇ ਸ੍ਰੋਤਿਆਂ ਨੂੰ ਨਿਹਾਲ ਕੀਤਾ। ਸਮਾਰੋਹ ਦੇ ਮੁੱਖ ਮਹਿਮਾਨ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਗਿਆਨ ਚੰਦ ਕਟਾਰੀਆ ਆਲ ਇੰਡੀਆ ਪ੍ਰਧਾਨ ਭਾਰਤੀਯ ਬਹਾਵਲਪੁਰ ਮਹਾਂ ਸੰਘ ਤੇ ਵਿਸ਼ੇਸ਼ ਮਹਿਮਾਨ ਵਜੋਂ ਤੇਜਿੰਦਰ ਮਹਿਤਾ ਡਾਇਰੈਕਟਰ ਪੰਜਾਬ ਸਟੇਟ ਇੰਡਸਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ, ਜਗਦੀਸ਼ ਜੱਗਾ ਆਲ ਇੰਡੀਆ ਸੀਨੀਅਰ ਮੀਤ ਪ੍ਰਧਾਨ ਭਾਰਤੀਯ ਬਹਾਵਲਪੁਰ ਮਹਾਂ ਸੰਘ, ਰਾਜ ਸਚਦੇਵਾ, ਰਾਮ ਚੰਦ ਰਾਮਾ, ਬਲਦੇਵ ਕ੍ਰਿਸ਼ਨ ਹਸੀਜਾ ਪੰਜਾਬ ਪ੍ਰਧਾਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਵਿਧਾਇਕ ਦੇਵ ਮਾਨ ਤੇ ਗਿਆਨ ਚੰਦ ਕਟਾਰੀਆ ਨੇ ਸਾਂਝੇ ਤੌਰ 'ਤੇ ਕਿਹਾ ਕਿ ਸੁਸਾਇਟੀ ਵੱਲੋਂ ਕਰਵਾਇਆ ਗਿਆ ਸਮਾਰੋਹ ਬਹੁਤ ਵਧੀਆ ਉਪਰਾਲਾ ਹੈ, ਜਿਸ ਨਾਲ ਬਿਰਾਦਰੀ ਦੇ ਪਰਿਵਾਰਾਂ ਨੂੰ ਆਪਸੀ ਭਾਈਚਾਰਕ ਸਾਂਝ ਨੂੰ ਵਧਾਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਸਮਾਜ ਭਲਾਈ ਦੇ ਕਾਰਜਾਂ ਵਿੱਚ ਜਿਸ ਪ੍ਰਕਾਰ ਅੱਗੇ ਰਹਿ ਕੇ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ, ਸ਼ਲਾਘਾਯੋਗ ਹੈ। ਸਮਾਰੋਹ ਦੌਰਾਨ ਇੱਕ ਲੋੜਵੰਦ ਅਪਾਹਜ ਵਿਅਕਤੀ ਨੂੰ ਟਰਾਈਸਾਈਕਲ ਤੇ ਲੋੜਵੰਦ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਤੇ ਬੂਟ ਦਿੱਤੇ ਗਏ।

ਇਸ ਦੇ ਨਾਲ ਹੀ ਬਿਰਾਦਰੀ ਦੇ ਬਜ਼ੁਰਗਾਂ ਨਾਲ ਵੱਖ-ਵੱਖ ਵਰਗਾਂ 'ਚ ਨਾਮਣਾ ਖੱਟਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਸੁਸਾਇਟੀ ਪ੍ਰੋਜੈਕਟ ਚੇਅਰਮੈਨ ਡਾਕਟਰ ਬਲਦੇਵ ਛਾਬੜਾ, ਚੇਅਰਮੈਨ ਡਾਕਟਰ ਦਰਸਨ ਸਿੰਧੀ, ਪ੍ਰਧਾਨ ਸ਼ਾਂਤੀ ਪ੍ਰਕਾਸ਼ ਛਾਬੜਾ, ਪ੍ਰੈੱਸ ਸਕੱਤਰ ਵਰਿੰਦਰ ਵਰਮਾ, ਹਰੀਸ਼ ਡੂਡੇਜਾ, ਅਰੁਣ ਧਵਨ ਤੇ ਸਮੂਹ ਮੈਂਬਰਾਂ ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਤੇ ਹੋਰਨਾਂ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਕਾਤਰਾਂ

### ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਨਤੀਜਾ ਸੌ ਫੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਨਤੀਜਿਆਂ 'ਚੋਂ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ (ਬਠਿੰਡਾ) ਦਾ ਬੀ. ਸੀ. ਏ ਭਾਗ-1 (ਸਮੈਸਟਰ-2) ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ 'ਚੋਂ ਨਿਰਮਲ ਕੌਰ (81.5%) ਪੁੱਤਰੀ ਪ੍ਰਿਤਪਾਲ ਸਿੰਘ ਗੋਬਿੰਦਪੁਰਾ ਨੇ ਪਹਿਲਾ, ਗੁਰਿੰਦਰ ਕੌਰ (80.3%) ਪੁੱਤਰੀ ਜਸਵੀਰ ਸਿੰਘ ਲਹਿਰਾ ਮੁਹੱਬਤ ਨੇ ਦੂਜਾ ਤੇ ਪ੍ਰਭਜੋਤ ਕੌਰ (74.5%) ਪੁੱਤਰੀ ਜਗਤਾਰ ਸਿੰਘ ਭੁੱਚੋ ਮੰਡੀ ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਬਾਕੀ ਸਾਰੀਆਂ ਵਿਦਿਆਰਥਣਾਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਪ੍ਰੋ. ਅਮਨਿੰਦਰ ਕੌਰ ਤੇ ਪ੍ਰੋ. ਦਿਨੇਸ਼ ਕੁਮਾਰ ਨੇ ਵਧੀਆ ਰਿਜ਼ਲਟ ਦੀ ਸ਼ਲਾਘਾ ਕਰਦਿਆਂ ਵਿਦਿਆਰਥਣਾਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਪ੍ਰੋ. ਗੁਰਪ੍ਰੀਤ ਰਾਮ, ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਸੁਖਦੀਪ ਕੌਰ (ਪੰਜਾਬੀ), ਪ੍ਰੋ. ਲਖਵੀਰ ਕੌਰ, ਪ੍ਰੋ. ਸ਼ੈਫੀ ਗੋਇਲ, ਪ੍ਰੋ. ਵਰਦੀਪ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਸੁਖਦੀਪ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ. ਦਲਜੀਤ ਕੌਰ, ਪ੍ਰੋ. ਗੀਤਿਕਾ ਤੇ ਪ੍ਰੋ. ਰੁਚਿਕਾ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

### ਆਵਾਰਾ ਪਸ਼ੂ ਦੀ ਟੱਕਰ 'ਚ ਕਾਰ ਚਾਲਕ ਦੀ ਮੌਤ

**ਬੁਢਲਾਡਾ (ਅਸ਼ੋਕ ਲਾਕੜਾ)**-ਨੈਸ਼ਨਲ ਹਾਈਵੇਅ 'ਤੇ ਆਵਾਰਾ ਪਸ਼ੂ ਦੀ ਫੇਟ ਕਾਰਨ ਕਾਰ ਚਾਲਕ ਨੌਜਵਾਨ ਦੀ ਮੌਤ ਤੇ ਉਸ ਦਾ ਸਾਥੀ ਜ਼ਖਮੀ ਹੋ ਗਿਆ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬੀਤੀ ਸ਼ਾਮ ਬਰੇਟਾ ਤੋਂ ਬੁਢਲਾਡਾ ਨੈਸ਼ਨਲ ਹਾਈਵੇਅ 'ਤੇ ਗੁਰੂ ਨਾਨਕ ਕਾਲਜ ਪੁਲ 'ਤੇ ਵਰਨਾ ਕਾਰ ਦੀ ਆਵਾਰਾ ਪਸ਼ੂ ਅੱਗੇ ਆਉਣ ਕਾਰਨ ਟੱਕਰ ਹੋ ਗਈ, ਜਿਸ ਵਿੱਚ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ। ਮੌਕੇ 'ਤੇ ਰਾਹਗੀਰਾਂ ਵੱਲੋਂ ਜ਼ਖ਼ਮੀ ਕਾਰ ਸਵਾਰਾਂ ਨੂੰ ਸਰਕਾਰੀ ਹਸਪਤਾਲ 'ਚ ਪਹੁੰਚਾਇਆ ਗਿਆ, ਜਿੱਥੇ ਕਾਰ ਚਾਲਕ ਗੁਰਸਿਮਰਨ ਸਿੰਘ (19) ਦੀ ਮੌਤ ਹੋ ਗਈ ਅਤੇ ਉਸ ਦਾ ਸਾਥੀ ਜਸਨਪ੍ਰੀਤ ਸਿੰਘ ਭੰਮੇ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਸਥਾਨਕ ਸਿਟੀ ਪੁਲਸ ਵੱਲੋਂ ਮ੍ਰਿਤਕ ਦੇ ਪਿਤਾ ਰਾਜਵਿੰਦਰ ਸਿੰਘ ਦੇ ਬਿਆਨ 'ਤੇ ਮਾਮਲਾ ਦਰਜ ਕਰਕੇ ਲਾਸ਼ ਪੋਸਟਮਾਰਟਮ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਗਈ।

### ਲਾਇਨ ਕਲੱਬ ਨੇ ਲਾਇਆ ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ

**ਜਗਰਾਉਂ (ਸੰਜੀਵ ਅਰੋੜਾ)**-ਲਾਇਨ ਕਲੱਬ ਵੱਲੋਂ ਐਮ.ਜੇ.ਐਫ. ਲਾਇਨ ਸ਼ਰਨਦੀਪ ਸਿੰਘ ਬੈਨੀਪਾਲ ਦੇ ਪਿਤਾ ਕਰਨਲ ਗੁਰਦੀਪ ਸਿੰਘ ਦੀ ਯਾਦ ਵਿੱਚ ਗੁਰਦੁਆਰਾ ਦਸਮੇਸ਼ ਨਗਰ ਕੱਚਾ ਮਲਕ ਰੋਡ ਵਿਖੇ ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਕੈਂਪ ਲਾਇਆ ਗਿਆ। ਪ੍ਰਧਾਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਕੈਂਪ 'ਚ ਸ਼ੰਕਰਾ ਆਈ ਹਸਪਤਾਲ ਅੱਖਾਂ ਦੇ ਰੋਗਾਂ ਦੇ ਮਾਹਿਰ ਡਾਕਟਰਾਂ ਨੇ ਮਰੀਜ਼ਾਂ ਨੂੰ ਚੈੱਕਅਪ ਕੀਤਾ। ਕੈਂਪ ਵਿੱਚ ਲਾਇਨ ਗੁਰਚਰਨ ਸਿੰਘ ਕਾਲੜਾ ਡਿਸਟ੍ਰਿਕ ਗਵਰਨਰ 321- ਐਫ, ਲਾਇਨ ਰਵਿੰਦਰ ਸੱਗੜ ਫਸਟ ਡਿਸਟ੍ਰਿਕ ਗਵਰਨਰ ਤੇ ਲਾਇਨ ਅਮ੍ਰਿਤਪਾਲ ਸਿੰਘ ਜੰਡੂ ਸੈਕੰਡ ਡਿਸਟ੍ਰਿਕ ਗਵਰਨਰ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ।

### ਸੀ ਪੀ ਆਈ (ਐੱਮ) ਜ਼ਿਲ੍ਹਾ ਇਕਾਈ ਜਨਰਲ ਬਾਡੀ ਦੀ ਮੀਟਿੰਗ 23 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਜ਼ਿਲ੍ਹਾ ਮਾਨਸਾ ਜਨਰਲ ਬਾਡੀ ਦੀ ਮੀਟਿੰਗ 23 ਦਸੰਬਰ ਨੂੰ ਸਵੇਰੇ 11 ਵਜੇ ਕਾਮਰੇਡ ਗੱਜਣ ਸਿੰਘ ਟਾਂਡੀਆਂ ਭਵਨ ਮਾਨਸਾ ਨੇੜੇ 33 ਫੁੱਟਾ ਰੋਡ ਵਿਖੇ ਹੋਵੇਗੀ। ਜਾਣਕਾਰੀ ਦਿੰਦਿਆਂ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਮੌਜੂਦਾ ਕੌਮਾਂਤਰੀ, ਰਾਸ਼ਟਰੀ ਤੇ ਸੂਬੇ ਦੀ ਸਿਆਸੀ ਸਥਿਤੀ, ਸੂਬਾਈ ਜਥੇ ਮਾਰਚ ਤਹਿਤ ਮੁੱਖ ਮੰਤਰੀ ਪੰਜਾਬ ਤੇ ਰਾਜਪਾਲ ਪੰਜਾਬ ਨੂੰ ਪੰਜ ਲੱਖ ਦਸਤਖਤਾਂ ਵਾਲਾ ਮੰਗ ਪੱਤਰ ਦੇਣ ਅਤੇ ਜ਼ਿਲ੍ਹਾ ਪਾਰਟੀ ਦਫਤਰ ਦੀ ਬਿਲਡਿੰਗ ਉਸਾਰੀ ਸਮੇਤ ਪਾਰਟੀ ਤੇ ਜਨਤਕ ਜਥੇਬੰਦੀਆਂ ਦੀ ਮਜ਼ਬੂਤੀ ਸਬੰਧੀ ਵੱਖ ਵੱਖ ਏਜੰਡਿਆਂ ਉੱਪਰ ਵਿਚਾਰ ਚਰਚਾ ਕਰਕੇ, ਫੈਸਲੇ ਲਏ ਜਾਣਗੇ। ਉਨ੍ਹਾ ਦੱਸਿਆ ਕਿ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਤੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਭੂਪ ਚੰਦ ਚੰਨੋਂ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਉਨ੍ਹਾ ਕਿਹਾ ਕਿ ਜਨਰਲ ਬਾਡੀ ਮੀਟਿੰਗ ਤੋਂ ਪਹਿਲਾਂ ਜ਼ਿਲ੍ਹਾ ਕਮੇਟੀ ਦੀ ਵੱਖਰੇ ਤੌਰ 'ਤੇ ਮੀਟਿੰਗ ਹੋਵੇਗੀ।

# ਸਰੀਰ ਦਾਨੀ ਤੇ ਜਮਹੂਰੀ ਹੱਕਾਂ ਦੀ ਲਹਿਰ ਦੇ ਜੁਝਾਰੂ ਆਗੂ ਨਾਮਦੇਵ ਭੁਟਾਲ ਨੂੰ ਸ਼ਰਧਾਂਜਲੀਆਂ



**ਲਹਿਰਾਗਾਗਾ (ਪਵਨ ਸ਼ਰਮਾ)**

ਜਮਹੂਰੀ ਲਹਿਰ ਦੇ ਜੁਝਾਰੂ ਆਗੂ ਨਾਮਦੇਵ ਭੁਟਾਲ ਦੇ ਸ਼ਰਧਾਂਜਲੀ ਸਮਾਗਮ ਵਿੱਚ ਜੁੜੇ ਹਜ਼ਾਰਾਂ ਲੋਕਾਂ ਨੇ ਅਜਮੇਰ ਅਕਲੀਆ ਦੇ ਸ਼ਰਧਾਂਜਲੀ ਗੀਤ ਤੇ ਆਪਣੇ ਮਹਿਬੂਬ ਆਗੂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਨਮ ਅੱਖਾਂ ਨਾਲ ਸ਼ਰਧਾਂਜਲੀ ਭੇਟ ਕੀਤੀ। ਜੀਪੀਐਫ ਕੰਪਲੈਕਸ ਵਿੱਚ ਇਨਕਲਾਬੀ ਭਾਵਨਾ ਨੂੰ ਬੁਲੰਦ ਕਰਦੇ ਫਲੈਕਸਾਂ, ਮਾਟੋਆਂ ਤੇ ਝੰਡਿਆਂ ਨਾਲ ਸਜਾਏ ਪੰਡਾਲ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਪਹੁੰਚੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁੰਨਾਂ ਨੇ ਨਾਮਦੇਵ ਭੁਟਾਲ ਦੇ ਸਰੋਕਾਰਾਂ ਨੂੰ ਅਗਾਂਹ ਤੋਰਨ ਦਾ ਅਹਿਦ ਲਿਆ ਤੇ ਉਨ੍ਹਾਂ ਵੱਲੋਂ ਆਪਣੀ 70 ਸਾਲ ਦੀ ਜ਼ਿੰਦਗੀ ਵਿੱਚੋਂ 50 ਸਾਲ ਤੋਂ ਵਧੇਰੇ ਸਮਾਂ ਇਨਕਲਾਬੀ ਜਮਹੂਰੀ ਲਹਿਰ ਦੇ ਲੇਖੇ ਲਾਉਣ ਤੇ ਵਿਛੜਣ ਤੋਂ ਪਹਿਲਾਂ ਆਪਣਾ ਸਰੀਰ ਮੈਡੀਕਲ ਖੋਜਾਂ ਲਈ ਅਰਪਿਤ ਕਰਨ ਦੀ ਅਦੁੱਤੀ ਭਾਵਨਾ ਨੂੰ ਸਲਾਮ ਕੀਤੀ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ, ਪੰਜਾਬ ਦੇ ਸੂਬਾਈ ਪ੍ਰਧਾਨ ਪ੍ਰੋ. ਜਗਮੋਹਣ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ ਨੇ ਕਿਹਾ ਕਿ ਸਾਥੀ ਨਾਮਦੇਵ ਭੁਟਾਲ ਬਹੁਤ ਸੁਲਝੀ ਹੋਈ ਸ਼ਖ਼ਸੀਅਤ ਦਾ ਨਾਂਅ ਸੀ। ਉਹ ਸੰਨ 2012 ਤੋਂ ਆਪਣੇ ਅੰਤਲੇ ਸਾਹ ਤੱਕ ਸਭਾ ਦੇ ਸੂਬਾ ਆਗੂ ਤੇ ਪੂਰਾ ਇੱਕ ਦਹਾਕਾ ਜ਼ਿਲ੍ਹਾ ਪ੍ਰਧਾਨ ਦੀਆਂ ਬੇਹੱਦ ਅਹਿਮ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਉਨ੍ਹਾਂ ਸਭਾ ਦੀਆਂ ਕਈ ਤੱਥ-ਖੋਜ ਟੀਮਾਂ ਦੀ ਅਗਵਾਈ ਕੀਤੀ। ਉਨ੍ਹਾਂ ਕਿਹਾ ਕਿ ਜਮਹੂਰੀ ਤੇ ਮਨੁੱਖੀ ਅਧਿਕਾਰਾਂ 'ਤੇ ਮੋਦੀ ਸਰਕਾਰ ਦੇ ਫਿਰਕੂ-ਫਾਸ਼ੀ ਹਮਲਿਆਂ ਦੇ ਇਸ ਨਾਜ਼ੁਕ ਸਮੇਂ ਵਿੱਚ ਨਾਮਦੇਵ ਭੁਟਾਲ ਦਾ ਅਚਾਨਕ ਤੁਰ ਜਾਣਾ ਜਮਹੂਰੀ ਲਹਿਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਸ ਮੌਕੇ ਲੋਕ ਚੇਤਨਾ ਮੰਚ, ਲਹਿਰਾਗਾਗਾ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਕਿਹਾ ਕਿ ਉਹ ਲੋਕ ਚੇਤਨਾ ਮੰਚ ਦੇ ਸੀਨੀਅਰ ਤੇ ਜ਼ਿੰਮੇਵਾਰ ਆਗੂ ਸੀ। ਉਨ੍ਹਾਂ ਸ਼ਹੀਦ ਪ੍ਰਿਥੀਪਾਲ ਰੰਧਾਵਾ ਦੇ ਕਾਤਲਾਂ ਵਿਰੁੱਧ ਘੋਲ, ਬੱਸ ਕਿਰਾਏ ਵਿੱਚ ਵਾਧੇ ਵਿਰੁੱਧ ਘੋਲ, ਫਿਰਕੂ ਤੇ ਹਕੂਮਤੀ ਦਹਿਸ਼ਤਗਰਦੀ ਵਿਰੁੱਧ ਜਮਹੂਰੀ ਤਾਕਤਾਂ ਦੇ ਘੋਲ ਤੋਂ ਛੁੱਟ ਅਨੇਕਾਂ ਸਥਾਨਕ ਘੋਲਾਂ ਦੀ ਅਗਵਾਈ ਕੀਤੀ। ਲੋਕ ਚੇਤਨਾ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਜਗਜੀਤ ਭੁਟਾਲ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਕਿਸਾਨ ਆਗੂ ਮਨਜੀਤ ਧਨੇਰ, ਜਗਮੋਹਣ ਪਟਿਆਲਾ ਨੇ ਕਿਹਾ ਕਿ ਨਾਮਦੇਵ ਬਹੁਤ ਹੀ ਸੁਲਝਿਆ ਹੋਇਆ ਆਗੂ ਸੀ। ਉਹਦੇ ਵਿੱਛੜ ਜਾਣ ਨਾਲ ਉਹਦੇ ਦੋਸਤ-ਮਿੱਤਰਾਂ ਸਮੇਤ ਜਨਤਕ ਜਥੇਬੰਦੀਆਂ ਨੇ ਸਮਾਜਿਕ ਤੇ ਸਿਆਸੀ ਸਲਾਹਕਾਰ ਖੋਹ ਲਿਆ ਹੈ। ਜਸਟਿਸ ਰਾਜਸ਼ੇਖ਼ਰ ਅੱਤਰੀ ਤੇ ਐਡਵੋਕੇਟ ਸੰਪੂਰਨ ਸਿੰਘ ਛਾਜਲੀ ਨੇ ਪਰਵਾਰ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਇਸ ਪਰਿਵਾਰ ਦਾ ਇਲਾਕੇ ਵਿੱਚ ਆਪਣਾ ਇੱਕ ਨਾਂਅ ਹੈ, ਜਿਹੜਾ ਹਰ ਦੁਖਦੇ-ਸੁੱਖਦੇ ਲੋਕਾਂ ਨਾਲ ਖੜ੍ਹਿਆ ਹੈ। ਸੁਬਾਰਡੀਨੇਟ ਫੈਡਰੇਸ਼ਨ ਤੇ ਫੀਲਡ ਕਾਮਿਆਂ ਦੇ ਆਗੂ ਕਰਮਜੀਤ ਬੀਹਲਾ ਨੇ ਕਿਹਾ ਕਿ ਨਾਮਦੇਵ ਭੁਟਾਲ ਨੇ ਜਿੱਥੇ ਜਮਹੂਰੀ ਲਹਿਰ ਵਿੱਚ ਲਾਮਿਸਾਲ ਯੋਗਦਾਨ ਦਿੱਤਾ, ਉੱਥੇ ਨਾਲ ਹੀ ਖੇਤੀਬਾੜੀ ਸਹਿਕਾਰੀ ਸਭਾ ਦਾ ਈਮਾਨਦਾਰ ਮੁਲਾਜ਼ਮ ਹੋਣ ਦੇ ਨਾਤੇ ਕਿਸਾਨਾਂ ਦੀ ਸੇਵਾ ਕੀਤੀ ਤੇ ਮੁਲਾਜ਼ਮ ਘੋਲਾਂ ਵਿੱਚ ਹਿੱਸਾ ਲਿਆ।

# ਲੇਬਰ ਵੈੱਲਫੇਅਰ ਬੋਰਡ ਦੇ ਮੈਂਬਰ ਬਲਦੇਵ ਬਲਖੰਡੀ ਸਨਮਾਨਤ



**ਕੋਟ ਈਸੇ ਖਾਂ (ਅਰੋੜਾ)**-ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਬਲਦੇਵ ਸਿੰਘ ਬਲਖੰਡੀ ਨੂੰ ਲੇਬਰ ਵੈੱਲਫੇਅਰ ਬੋਰਡ ਪੰਜਾਬ ਦਾ ਮੈਂਬਰ ਨਿਯੁਕਤ ਕੀਤਾ ਸੀ, ਜਿਸ ਤੋਂ ਬਾਅਦ ਉਨ੍ਹਾ ਦਾ ਲਗਾਤਾਰ ਸਨਮਾਨ ਹੋ ਰਿਹਾ ਹੈ ਤੇ ਵਧਾਈਆਂ ਦੇਣ ਦਾ ਤਾਂਤਾ ਲੱਗਾ ਹੋਇਆ ਹੈ। ਇਸੇ ਕੜੀ ਤਹਿਤ ਆਪ ਆਗੂਆਂ ਗੁਰਭੇਜ ਸਿੰਘ ਗਿੱਲ ਸੁਸਾਇਟੀ ਪ੍ਰਧਾਨ, ਡਾ. ਮਨਦੀਪ ਸਿੰਘ ਕੰਗ ਚੂਹੜਚੱਕ, ਤਲਵਿੰਦਰ ਸਿੰਘ ਵਿਰਕ ਉਮਰੀਆਣਾ, ਨਿਰਵੈਰ ਸਿੰਘ ਅਟਾਰੀ, ਗੁਰਭੇਜ ਸਿੰਘ ਬਰਾੜ ਆਦਿ ਆਪ ਆਗੂਆਂ ਨੇ ਬਲਦੇਵ ਸਿੰਘ ਬਲਖੰਡੀ ਨੂੰ ਮੈਂਬਰ ਨਿਯੁਕਤ ਹੋਣ 'ਤੇ ਸਨਮਾਨਤ ਕੀਤਾ ਅਤੇ ਕਿਹਾ ਕਿ ਬਲਦੇਵ ਸਿੰਘ ਬਲਖੰਡੀ ਮੁੱਢ ਤੋਂ ਹੀ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਹਨ ਤੇ ਬਲਾਕ ਪ੍ਰਧਾਨ ਵਜੋਂ ਸੇਵਾਵਾਂ ਨਿਭਾਅ ਰਹੇ ਸਨ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾ ਰਹੇ ਹਨ, ਜਿਨ੍ਹਾਂ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਲੇਬਰ ਵੈੱਲਫੇਅਰ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾ ਸਮੁੱਚੀ ਹਾਈ ਕਮਾਂਡ, ਹਲਕਾ ਵਿਧਾਇਕ ਤੇ ਸੂਬਾ ਯੂਥ ਪ੍ਰਧਾਨ ਦਵਿੰਦਰਜੀਤ ਸਿੰਘ ਲਾਡੀ ਢੋਸ ਦਾ ਧੰਨਵਾਦ ਕੀਤਾ। ਆਪ ਆਗੂਆਂ ਨੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਬਲਖੰਡੀ ਲੇਬਰ ਨਾਲ ਸਬੰਧਤ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਰਕਾਰ ਤੱਕ ਪਹੁੰਚਾਉਣਗੇ ਤੇ ਹੱਲ ਕਰਵਾਉਣਗੇ।

# ਬੁੱਧ ਵਿਹਾਰ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਆਪਸੀ ਪਿਆਰ ਤੇ ਸਦਭਾਵਨਾ ਵਜੋਂ ਜਾਣੇ ਜਾਂਦੇ ਸਥਾਨਕ ਚੱਕ ਬੀੜ ਸਰਕਾਰ ਰੋਡ ਸਥਿਤ ਮੁਹੱਲਾ ਬੁੱਧ ਵਿਹਾਰ ਨਿਵਾਸੀਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ।ਸਭਨਾਂ ਦੇ ਭਲੇ ਤੇ ਸੁੱਖ ਸ਼ਾਂਤੀ ਲਈ ਕਰਵਾਏ ਗਏ ਇਸ ਪਾਠ ਦੌਰਾਨ ਮੁਹੱਲੇ ਦੇ ਮਰਦਾਂ, ਔਰਤਾਂ ਤੇ ਬੱਚਿਆਂ ਤੋਂ ਇਲਾਵਾ ਨੇੜਲੇ ਇਲਾਕਿਆਂ ਦੇ ਵਾਸੀਆਂ ਨੇ ਵੀ ਵੱਡੀ ਗਿਣਤੀ ਵਿੱਚ ਭਾਗ ਲਿਆ।ਧਾਰਮਿਕ ਤੇ ਸਮਾਜ ਸੇਵਾ ਦੇ ਕਾਰਜਾਂ ਵਿੱਚ ਪ੍ਰਸ਼ੰਸਾ ਯੋਗ ਭੂਮਿਕਾ ਅਦਾ ਕਰ ਰਹੀ ਸਥਾਨਕ ਸਿੱਖ ਮਿਸ਼ਨਰੀ ਸੇਵਾ ਸੁਸਾਇਟੀ ਦੇ ਮੈਂਬਰਾਂ ਵੱਲੋਂ ਸੰਗਤਾਂ ਨੂੰ ਸ੍ਰੀ ਸੁਖਮਨੀ ਸਾਹਿਬ ਦਾ ਪਵਿੱਤਰ ਪਾਠ ਸਰਵਣ ਕਰਵਾਇਆ ਗਿਆ।ਭਾਈ ਗਗਨਦੀਪ ਸਿੰਘ ਦੇ ਰਾਗੀ ਜਥੇ ਵੱਲੋਂ ਅਨੰਦਮਈ ਕੀਰਤਨ ਕੀਤਾ ਗਿਆ।ਬੁੱਧ ਵਿਹਾਰ ਵਿਕਾਸ ਕਮੇਟੀ ਦੇ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਨੇ ਇਸ ਮੌਕੇ ਆਈ ਹੋਈ ਸਾਰੀ ਸੰਗਤ ਨੂੰ ਜੀ ਆਇਆਂ ਕਿਹਾ।ਉਨ੍ਹਾ ਕਿਹਾ ਕਿ ਉਨ੍ਹਾਂ ਦੇ ਮੁਹੱਲੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਚਰਨ ਪੈਣ ਨਾਲ ਸਮੁੱਚੇ ਮੁਹੱਲਾ ਵਾਸੀਆਂ ਉੱਪਰ ਮਿਹਰ ਦੀ ਨਜ਼ਰ ਬਣੀ ਰਹੇਗੀ।ਸਿੱਖ ਮਿਸ਼ਨਰੀ ਸੁਸਾਇਟੀ ਵੱਲੋਂ ਪ੍ਰਧਾਨ ਢੋਸੀਵਾਲ ਤੇ ਹੋਰਨਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਕੇ ਮੁਹੱਲੇ ਵਾਸੀਆਂ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਸਭਨਾਂ ਲਈ ਗੁਰੂ ਕਾ ਲੰਗਰ ਵਰਤਾਇਆ ਗਿਆ।

# ਮੇਘ ਸਿੰਘ ਜਵੰਦਾ ਪੈਨਸ਼ਨ ਕਲਿਆਣ ਸੰਗਠਨ ਸਮਰਾਲਾ ਦੇ ਪ੍ਰਧਾਨ ਬਣੇ

**ਸਮਰਾਲਾ (ਸੁਰਜੀਤ ਸਿੰਘ)**



ਵੱਖ ਵੱਖ ਸਰਕਾਰੀ ਵਿਭਾਗਾਂ ਤੋਂ ਸੇਵਾ ਮੁਕਤ ਹੋਏ ਸਮਰਾਲਾ ਇਲਾਕੇ ਦੇ ਪੈਨਸ਼ਨਰਾਂ ਵੱਲੋਂ ਪੈਨਸ਼ਨਰਜ਼ ਡੇ ਮਨਾਇਆ ਗਿਆ। ਇਸ ਮੌਕੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਪ੍ਰਧਾਨ ਪ੍ਰੇਮ ਸਾਗਰ ਸ਼ਰਮਾ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਜਥੇਬੰਦੀ ਲਈ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਦੀ ਬੁਲਾਰਿਆਂ ਵੱਲੋਂ ਵਿਸਥਾਰ ਨਾਲ ਚਰਚਾ ਕੀਤੀ ਗਈ। ਬੁਲਾਰਿਆਂ ਨੇ ਵਿਚਾਰ ਪ੍ਰਗਟ ਕੀਤੇ ਕਿ ਪ੍ਰੇਮ ਸਾਗਰ ਦੀ ਗੈਰ-ਹਾਜ਼ਰੀ ਕਾਰਨ ਜਥੇਬੰਦੀ ਵਿੱਚ ਖੜੋਤ ਪੈਦਾ ਹੋ ਗਈ। ਇਸ ਖੜੋਤ ਨੂੰ ਤੋੜਨ ਲਈ ਸਮਰਾਲਾ ਇਲਾਕੇ ਦੇ ਪੈਨਸ਼ਨਰਾਂ ਨਵੀਂ ਯੂਨਿਟ ਦੀ ਚੋਣ ਕੀਤੀ। ਇਸ ਮੌਕੇ ਬੁਲਾਰਿਆਂ ਨੇ ਪੈਨਸ਼ਨਰਾਂ ਤੇ ਮੁਲਾਜ਼ਮਾਂ ਪ੍ਰਤੀ ਸਰਕਾਰ ਦੇ ਅਵੇਸਲੇਪਣ ਦੀ ਅਲੋਚਨਾ ਕਰਦਿਆਂ ਕਿਹਾ ਕਿ ਪੈਨਸ਼ਨਰ ਤੇ ਮੁਲਾਜ਼ਮ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਪਰ ਪੰਜਾਬ ਦੀ ਸਰਕਾਰ ਉਨ੍ਹਾਂ ਨੂੰ ਤਨਖਾਹ ਰਵੀਜ਼ਨ ਦੇ ਬਕਾਏ ਰੋਕੀ ਬੈਠੀ ਹੈ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੇ ਉਸ ਦੇ ਬਕਾਏ ਵੀ ਅਦਾ ਨਹੀਂ ਕੀਤੇ ਗਏ। ਇਸ ਮੌਕੇ ਸਰਬਸੰਮਤੀ ਨਾਲ ਪੰਜਾਬ ਪੈਨਸ਼ਨ ਕਲਿਆਣ ਸੰਗਠਨ ਸਥਾਨਕ ਯੂਨਿਟ ਦੀ ਚੋਣ ਹੋਈ, ਜਿਸ ਵਿੱਚ ਮੇਘ ਸਿੰਘ ਜਵੰਦਾ ਨੂੰ ਪ੍ਰਧਾਨ, ਮੀਤ ਪ੍ਰਧਾਨ ਦਲੀਪ ਸਿੰਘ ਤੇ ਰਾਮ ਰਤਨ, ਸਕੱਤਰ ਵਿਜੈ ਕੁਮਾਰ ਸ਼ਰਮਾ ਤੇ ਜੁਗਲ ਕਿਸ਼ੋਰ ਸਾਹਨੀ, ਖਜ਼ਾਨਚੀ ਕੁਲਵੰਤ ਰਾਏ, ਕਾਰਜਕਾਰੀ ਮੈਂਬਰ ਅਮਰ ਨਾਥ ਟਾਂਗਰਾ, ਚਰਨਜੀਤ ਸਿੰਘ, ਪ੍ਰੇਮ ਨਾਥ, ਗੁਰਚਰਨ ਸਿੰਘ, ਹਿੰਮਤ ਸਿੰਘ ਤੇ ਅਮਰਜੀਤ ਸਿੰਘ ਨੂੰ ਚੁਣਿਆ ਗਿਆ।

ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਮੁੱਖ ਤੌਰ 'ਤੇ ਸਿਕੰਦਰ ਸਿੰਘ ਪ੍ਰਧਾਨ ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ, ਮੇਘ ਸਿੰਘ ਜਵੰਦਾ, ਸੁਖਦਰਸ਼ਨ ਸਿੰਘ, ਜਸਵੰਤ ਸਿੰਘ ਢੰਡਾ, ਰਾਮ ਰਤਨ, ਜੁਗਲ ਕਿਸ਼ੋਰ ਸਾਹਨੀ, ਕੁਲਵੰਤ ਰਾਏ, ਵਿਜੈ ਕੁਮਾਰ ਸ਼ਰਮਾ ਤੇ ਦਲੀਪ ਸਿੰਘ ਨੇ ਵੀ ਸੰਬੋਧਨ ਕੀਤਾ।

# ਬੀ ਡੀ ਪੀ ਓ ਖਿਲਾਫ਼ ਧਰਨਾ ਅੱਜ

**ਧੂਰੀ (ਬਿੰਨੀ ਗਰਗ)**-ਨਰੇਗਾ ਪ੍ਰਾਪਤ ਰੋਜ਼ਗਾਰ ਪ੍ਰਾਪਤ ਯੂਨੀਅਨ ਏਟਕ ਦੀ ਸਾਥੀ ਜਾਗਰ ਸਿੰਘ ਘਨੌਰੀ ਕਲਾਂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਵੇਰਵੇ ਪ੍ਰੈੱਸ ਨੂੰ ਜਾਰੀ ਕਰਦਿਆਂ ਦੁੱਲਾ ਸਿੰਘ ਬਾਜਵਾ ਨੇ ਬੀਡੀਪੀਓ ਸ਼ੇਰਪੁਰ 'ਤੇ ਨਰੇਗਾ ਮਜ਼ਦੂਰਾਂ ਨੂੰ ਕੰਮ ਦੇਣ ਵਾਲੀਆਂ ਦਰਖਾਸਤਾਂ ਨਾ ਲੈਣ ਅਤੇ ਕੰਮ ਵਿੱਚ ਵਿਤਕਰਾ ਕਰਨ ਦੇ ਦੋਸ਼ ਲਗਾਉਂਦਿਆਂ 19 ਦਸੰਬਰ ਨੂੰ ਧਰਨਾ ਦੇਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵਰਕਰਾਂ ਦੀ ਗੱਲ ਨਾ ਸੁਣੀ ਗਈ ਤਾਂ ਵਰਕਰ ਆਵਾਜਾਈ ਠੱਪ ਕਰਨ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਇਸ ਮੌਕੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ, ਸੂਬਾਈ ਆਗੂ ਸੁਖਦੇਵ ਸ਼ਰਮਾ, ਲੀਲੇ ਖਾਂ, ਨਿਰਮਲ ਬਟਰਿਆਣਾ, ਨਵਜੀਤ ਸਿੰਘ, ਬਲਵੀਰ ਸਿੰਘ, ਚੇਤ ਸਿੰਘ ਤੇ ਰਾਜਿੰਦਰ ਸਿੰਘ ਬੁਗਰਾ ਆਦਿ ਹਾਜ਼ਰ ਸਨ।

# ਪਤਨੀ ਦੇ ਦੇਹਾਂਤ 'ਤੇ ਮਾਸਟਰ ਮਹਿੰਦਰ ਸਿੰਘ ਨਾਲ ਕੀਤਾ ਦੁੱਖ ਸਾਂਝਾ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**



ਮਾਸਟਰ ਮਹਿੰਦਰ ਸਿੰਘ ਧਾਲੀਵਾਲ ਸਾਬਕਾ ਆਗੂ ਗੌਰਮੈਂਟ ਸਕੂਲ ਟੀਚਰ ਯੂਨੀਅਨ ਪੰਜਾਬ ਦੀ ਧਰਮਪਤਨੀ ਚਰਨਜੀਤ ਕੌਰ ਧਾਲੀਵਾਲ ਦਾ ਬੀਤੇ ਦਿਨੀਂ ਆਸਟ੍ਰੇਲੀਆ ਵਿਖੇ ਦਿਹਾਂਤ ਹੋ ਗਿਆ। ਇਸ ਦੁੱਖਦਾਈ ਘੜੀ ਵਿੱਚ ਮਾਸਟਰ ਮਹਿੰਦਰ ਸਿੰਘ ਧਾਲੀਵਾਲ ਦੇ ਇੰਡੀਆ ਆਉਣ 'ਤੇ ਉਨ੍ਹਾਂ ਨਾਲ ਦਵਿੰਦਰਜੀਤ ਸਿੰਘ ਲਾਡੀ ਵਿਧਾਇਕ ਹਲਕਾ ਧਰਮਕੋਟ, ਸੁਖਜੀਤ ਸਿੰਘ ਲੋਹਗੜ੍ਹ ਸਾਬਕਾ ਵਿਧਾਇਕ ਤੇ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਮੋਗਾ, ਮਨਤਾਰ ਸਿੰਘ ਬਰਾੜ ਸਾਬਕਾ ਵਿਧਾਇਕ ਕੋਟਕਪੂਰਾ, ਜਗਦੀਸ਼ ਸਿੰਘ ਚਾਹਲ, ਅਵਤਾਰ ਸਿੰਘ ਪੰਜਾਬ ਪ੍ਰਧਾਨ ਅਧਿਆਪਕ ਆਗੂ, ਮਹਿੰਦਰ ਸਿੰਘ ਛਿੰਦੀ ਸਾਬਕਾ ਪ੍ਰਧਾਨ, ਬਲਵੀਰ ਸਿੰਘ ਰਾਮੂਵਾਲੀਆ, ਡਾਕਟਰ ਇੰਦਰਵੀਰ ਸਿੰਘ ਗਿੱਲ, ਬਲਤੇਜ ਸਿੰਘ ਚੇਅਰਮੈਨ ਕੋਆਪ੍ਰੇਟਿਵ ਸੁਸਾਇਟੀ, ਗੁਰਦਿਆਲ ਸਿੰਘ ਬੁੱਟਰ ਮੀਤ ਪ੍ਰਧਾਨ ਨਰਸਿੰਗ ਕਾਲਜ ਐਸੋਸੀਏਸ਼ਨ ਪੰਜਾਬ, ਗੁਰਮੀਤ ਮੁਖੀਜਾ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਧਰਮਕੋਟ, ਸਤਵਿੰਦਰ ਕੁਮਾਰ ਜੈਦਕਾ ਰਾਜਾ ਬਤਰਾ, ਅਸ਼ੋਕ ਕੁਮਾਰ ਖੁੱਲਰ ਆੜ੍ਹਤੀ, ਗੁਰਮੀਤ ਸਿੰਘ ਕੜਿਆਲਵੀ ਜ਼ਿਲ੍ਹਾ ਭਲਾਈ ਅਫਸਰ, ਸੁਰਜੀਤ ਸਿੰਘ ਗਿੱਲ ਵਿਨੋਦ ਸ਼ਰਮਾ ਡੀ. ਓ. ਮੋਗਾ, ਜਸਪਾਲ ਸਿੰਘ ਮੋੜ ਚੇਅਰਮੈਨ, ਮਨਿੰਦਰ ਸਿੰਘ ਮੱਕੜ ਕੋਟਕਪੂਰਾ, ਸੁਰਿੰਦਰ ਸਿੰਘ ਭੋਲਾ, ਪਵਨ ਕੁਮਾਰ ਭੰਡਾਰੀ, ਅਮਰਜੀਤ ਸਿੰਘ ਦੌਲਟ, ਜਗਦੀਸ਼ ਸਿੰਘ ਚੋਟੀਆਂ ਸਾਬਕਾ ਚੇਅਰਮੈਨ, ਪ੍ਰਿੰਸੀਪਲ ਪੂਰਨ ਸਿੰਘ ਸੰਧੂ, ਗੁਰਦੀਪ ਸਿੰਘ ਪੀਪੀਐੱਸ, ਸੁਖਚੈਨ ਸਿੰਘ ਸੰਧੂ ਭੜਾਣਾ, ਸੁਰਿੰਦਰ ਸਿੰਘ ਸਾਬਕਾ ਸਰਪੰਚ ਸਿੱਖਾਂ ਵਾਲਾ, ਲਵਦੀਪ ਸਿੰਘ ਸਰਪੰਚ ਚੁੱਘਾ ਖੁਰਦ, ਗੁਰਬੀਰ ਸਿੰਘ ਸੰਧੂ, ਅਮਨਦੀਪ ਸਿੰਘ ਚਾਹਲ, ਗੁਰਮੇਲ ਸਿੰਘ ਸਿੱਧੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਮਾਸਟਰ ਮਹਿੰਦਰ ਸਿੰਘ ਧਾਲੀਵਾਲ ਨਾਲ ਦੁੱਖ ਸਾਂਝਾ ਕੀਤਾ।

# ਬੀਬਾ ਰਾਜਵਿੰਦਰ ਕੌਰ ਦਾ ਗੀਤ 'ਨੱਚ ਲੈ ਦਿਉਰਾ' ਥਰੀਕੇ ਵਿਖੇ ਲੋਕ ਅਰਪਣ



**ਲੁਧਿਆਣਾ (ਐਮ ਐਸ ਭਾਟੀਆ)**-ਬੀਬਾ ਰਾਜਵਿੰਦਰ ਕੌਰ ਪਟਿਆਲਾ ਦੀ ਸੁਰੀਲੀ ਅਵਾਜ਼ ਵਿੱਚ ਗਾਏ ਮਿਊਜ਼ਿਕ ਨਿਰਦੇਸ਼ਕ ਸੁਖਬੀਰ ਦੀਆਂ ਤਿਆਰ ਕੀਤੀਆਂ ਧੁੰਨਾਂ ਨਾਲ ਸ਼ਿੰਗਾਰੇ ਤੇ ਸਿਰਮੌਰ ਗੀਤਕਾਰ ਬਾਪੂ ਦੇਵ ਥਰੀਕੇ ਵਾਲੇ ਦੇ ਲਾਡਲੇ ਸ਼ਗਿਰਦ ਬਲਬੀਰ ਮਾਨ ਜੰਡੀਵਾਲਾ ਦੁਆਰਾ ਸ਼ਬਦਾਂ ਵਿੱਚ ਪਰੋਏ ਗੀਤ 'ਨੱਚ ਲੈ ਦਿਉਰਾ' ਨੂੰ ਲੋਕ ਅਰਪਤ ਕਰਦੇ ਹੋਏ ਦੇਵ ਥਰੀਕੇ ਵਾਲਾ ਜੀ ਦੇ ਗ੍ਰਹਿ ਵਿਖੇ ਪੋਸਟਰ ਜਾਰੀ ਕਰਦੇ ਹੋਏ ਨਵੇਂ ਵਰ੍ਹੇ 'ਤੇ ਨਵਾਂ ਗੀਤ ਪ੍ਰੇਮੀਆਂ ਦੀ ਝੋਲੀ ਪਾਇਆ। ਇਸ ਮੌਕੇ ਪੰਜਾਬੀ ਗੀਤਕਾਰ ਸਭਾ ਪੰਜਾਬ ਦੇ ਸਰਪ੍ਰਸਤ ਅਮਰੀਕ ਸਿੰਘ ਤਲਵੰਡੀ ਨੇ ਕਿਹਾ ਕਿ ਇਹ ਅਵਾਜ਼ ਜੋ ਬੀਬਾ ਰਣਜੀਤ ਕੌਰ ਦੀ ਆਵਾਜ਼ ਦਾ ਭੁਲੇਖਾ ਪਾਉਂਦੀ ਹੈ, ਨੂੰ ਸੋਲੋ ਗੀਤ ਲਈ ਦੀਆਂ ਵਧਾਈਆਂ ਦਿੰਦੇ ਹਾਂ। ਗੀਤਕਾਰ ਬਲਬੀਰ ਮਾਨ ਜੰਡੀ ਵਾਲੇ ਦੀ ਵੀ ਠੇਠ ਪੰਜਾਬੀ ਵਿੱਚ ਲਿਖੇ ਗੀਤ ਦੀ ਵੀ ਸ਼ਲਾਘਾ ਕੀਤੀ। ਸਭਾ ਦੇ ਪ੍ਰਧਾਨ ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ ਤੇ ਉੱਘੇ ਸੰਗੀਤ ਪ੍ਰੇਮੀ ਤੇ ਸਮਾਜ ਸੇਵੀ ਭੁਪਿੰਦਰ ਬਾਰਨਹਾੜਾ, ਸਰਪੰਚ ਗ੍ਰਾਮ ਪੰਚਾਇਤ ਥਰੀਕੇ, ਜਗਵੰਤ ਸਿੰਘ ਦੀਨਾ ਥਰੀਕੇ, ਪ੍ਰਧਾਨ ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਚਮਕੌਰ ਸਿੰਘ ਬਰਮੀ, ਸੁਖਵਿੰਦਰ ਸਿੰਘ ਥਰੀਕੇ, ਜਸ਼ਨ ਇੰਟਰਟੇਨਮੈਂਟ ਦੇ ਪੇਸ਼ਕਾਰ ਤੇਜਾ ਤਲਵੰਡੀ ਤੇ ਨਿਰਮਾਤਾ ਦਰਸ਼ਨ ਤਲਵੰਡੀ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਇਸ ਸੱਭਿਅਕ ਗੀਤ ਦੀ ਸ਼ਲਾਘਾ ਕਰਦਿਆਂ ਹਾਜ਼ਰ ਸਾਥੀਆਂ ਦਾ ਮੂੰਹ ਮਿੱਠਾ ਕਰਾ ਕੇ ਖੁਸ਼ੀ ਸਾਂਝੀ ਕਰਦਿਆਂ ਆਮ ਪਬਲਿਕ ਨੂੰ ਯੂ ਟਿਊਬ 'ਤੇ ਚੱਲਦੇ ਇਸ ਗੀਤ ਨੂੰ ਸੁਣ ਕੇ ਸਹਿਯੋਗ ਕਰਨ ਦੀ ਅਪੀਲ ਕੀਤੀ।

# ਜਹਾਜ਼ੀ ਹਵੇਲੀ ਦਾ ਰੁਕਿਆ ਕੰਮ ਜਲਦ ਸ਼ੁਰੂ ਹੋਣ ਦੀ ਆਸ ਬੱਝੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਦੇ ਸਸਕਾਰ ਲਈ ਸੋਨੇ ਦੀਆਂ ਮੋਹਰਾਂ ਖੜੀਆਂ ਕਰਕੇ ਜ਼ਮੀਨ ਖ੍ਰੀਦਣ ਵਾਲੇ ਦੀਵਾਨ ਟੋਡਰ ਮੱਲ ਦੀ ਨਿਸ਼ਾਨੀ ਵਜੋਂ ਜਾਣੀ ਜਾਂਦੀ ਫ਼ਤਹਿਗੜ੍ਹ ਸਾਹਿਬ ਦੀ ਪੁਰਾਤਨ ਜਹਾਜ਼ੀ ਹਵੇਲੀ ਦੀ ਸਾਂਭ ਸੰਭਾਲ ਤੇ ਮੁੜ ਉਸਾਰੀ ਦਾ ਚਿਰਾਂ ਤੋਂ ਲਟਕਿਆ ਕੰਮ ਜਲਦ ਸ਼ੁਰੂ ਹੋਣ ਦੀ ਆਸ ਬੱਝ ਗਈ ਹੈ।ਇਸ ਇਤਿਹਾਸਕ ਹਵੇਲੀ ਦੀ ਸਾਂਭ ਸੰਭਾਲ ਲਈ ਜੱਦੋ ਜਹਿਦ ਕਰ ਰਹੀ ਸੰਸਥਾ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੀ ਇੱਕ ਮੀਟਿੰਗ ਅੱਜ ਫ਼ਤਹਿਗੜ੍ਹ ਸਾਹਿਬ ਵਿਖੇ ਹੋਈ।ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਫਾਊਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨੇਕੇ ਨੇ ਦੱਸਿਆ ਕਿ ਹਾਈ ਕੋਰਟ ਦੇ ਸੀਨੀਅਰ ਵਕੀਲ ਐੱਚ. ਸੀ. ਅਰੋੜਾ ਨੇ ਇਸ ਹਵੇਲੀ ਦੇ ਸਬੰਧ 'ਚ ਇੱਕ ਪਟੀਸ਼ਨ ਦਾਇਰ ਕੀਤੀ ਸੀ, ਜਿਸ ਦੀ ਸੁਣਵਾਈ ਚਲਦੀ ਹੋਣ ਕਾਰਨ ਹਵੇਲੀ ਦੀ ਮੁੜ ਉਸਾਰੀ ਦਾ ਕੰਮ ਕਾਫੀ ਚਿਰ ਤੋਂ ਰੁਕਿਆ ਹੋਇਆ ਸੀ, ਜਿਸ 'ਤੇ ਸਾਡੀ ਫਾਊਂਡੇਸ਼ਨ ਵੱਲੋਂ ਪੁਰਾਤੱਤਵ ਵਿਭਾਗ, ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਤੇ ਵਕੀਲ ਐੱਚ. ਸੀ. ਅਰੋੜਾ ਸਮੇਤ ਸਾਰੀਆਂ ਸਬੰਧਤ ਧਿਰਾਂ ਨਾਲ ਰਾਬਤਾ ਕਰਕੇ ਇਸ ਮਸਲੇ ਦਾ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਹਵੇਲੀ ਦੀ ਮੁੜ ਉਸਾਰੀ ਨੂੰ ਲੈ ਕੇ ਵਕੀਲ ਐੱਚ. ਸੀ. ਅਰੋੜਾ ਦੇ ਕੁਝ ਜਾਇਜ਼ ਇਤਰਾਜ਼ ਸਨ, ਜੋ ਜਲਦ ਦੂਰ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਵਿਰਾਸਤੀ ਤੇ ਇਤਿਹਾਸਕ ਇਮਾਰਤਾਂ ਦੀ ਸਾਂਭ ਸੰਭਾਲ ਦੇ ਕੰਮ 'ਚ ਲੰਮਾ ਤਜਰਬਾ ਰੱਖਣ ਵਾਲੀ ਇੱਕ ਕੰਪਨੀ ਨਾਲ ਹਵੇਲੀ ਦੀ ਸਾਂਭ ਸੰਭਾਲ ਸਬੰਧੀ ਗੱਲਬਾਤ ਚੱਲ ਰਹੀ ਹੈ, ਜਿਸ ਵੱਲੋਂ ਦਿੱਤੀ ਜਾਣ ਵਾਲੀ ਪ੍ਰਾਜੈਕਟ ਰਿਪੋਰਟ ਸਾਰੀਆਂ ਸਬੰਧਤ ਧਿਰਾਂ ਨਾਲ ਸਾਂਝੀ ਕੀਤੀ ਜਾਵੇਗੀ ਤੇ ਸਭ ਦੀ ਸਹਿਮਤੀ ਨਾਲ ਹੀ ਹਵੇਲੀ ਦਾ ਕੰਮ ਸ਼ੁਰੂ ਕੀਤਾ ਜਾਵੇਗਾ।ਵਕੀਲ ਐੱਚ. ਸੀ. ਅਰੋੜਾ ਨੇ ਕਿਹਾ ਕਿ ਉਹ ਗੁਰੂ ਘਰ ਦੇ ਸੇਵਕ ਹਨ ਤੇ ਬਹੁਤ ਇਤਿਹਾਸਕ ਮਹੱਤਵ ਰੱਖਣ ਵਾਲੀ ਇਸ ਹਵੇਲੀ ਦੀ ਸਾਂਭ ਸੰਭਾਲ ਨੂੰ ਲੈ ਕੇ ਉਨ੍ਹਾਂ ਦੇ ਕੁਝ ਖਦਸ਼ੇ ਸਨ, ਜੋ ਦੂਰ ਕੀਤੇ ਜਾਣ ਦਾ ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਹੈ ਤੇ ਉਮੀਦ ਹੈ ਕਿ ਸਬੰਧਤ ਧਿਰਾਂ ਐਗਰੀਮੈਂਟ ਕਰਕੇ ਹਵੇਲੀ ਦੀ ਸਾਂਭ ਸੰਭਾਲ ਦਾ ਕੰਮ ਜਲਦ ਨੇਪਰੇ ਚਾੜ੍ਹਨਗੀਆਂ।

# ਅੰਜਨਾ ਮੈਨਨ ਦੀ ਪੁਸਤਕ 'ਨਵੀਂਆਂ ਕਲਮਾਂ ਨਵੀਂ ਉਡਾਣ' ਦਾ ਲੋਕ ਅਰਪਣ



**ਬਰਨਾਲਾ (ਪੱਤਰ ਪ੍ਰੇਰਕ)**-ਪਿਛਲੇ ਦਿਨੀਂ ਸਿਰਜਣਾ ਤੇ ਸੰਵਾਦ ਸਾਹਿਤ ਸਭਾ ਬਰਨਾਲਾ ਵੱਲੋਂ ਤਰਕਸ਼ੀਲ ਭਵਨ ਬਰਨਾਲਾ ਵਿੱਚ 15ਵਾਂ ਸਾਹਿਤਕ ਸਮਾਗਮ ਮਾਂ ਬੋਲੀ ਪੰਜਾਬੀ ਪਨੀਰੀ ਨੂੰ ਸਮਰਪਤ ਕੀਤਾ ਗਿਆ।ਇਸ ਸਮਾਗਮ ਦੌਰਾਨ ਅੰਜਨਾ ਮੈਨਨ ਦੁਆਰਾ ਸੰਪਾਦਤ ਬਾਲ ਸ਼ਾਇਰਾਂ ਦੀ ਪਲੇਠੀ ਕਾਵਿ ਪੁਸਤਕ 'ਨਵੀਂਆਂ ਕਲਮਾਂ ਨਵੀਂ ਉਡਾਣ' ਭਾਗ-2 ਨੂੰ ਸੁੱਖੀ ਬਾਠ ਤੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤਾ ਗਿਆ।ਸਭਾ ਦੇ ਪ੍ਰਧਾਨ ਅੰਜਨਾ ਮੈਨਨ ਨੇ ਦੱਸਿਆ ਕਿ ਇਸ ਪੁਸਤਕ ਦੀ ਛਪਾਈ ਸੁੱਖੀ ਬਾਠ ਨੇ ਕਰਵਾਈ ਹੈ।ਉਹ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਬਾਲਾਂ ਦੀਆਂ ਪੁਸਤਕਾਂ ਛਪਵਾ ਕੇ ਮਾਂ ਬੋਲੀ ਪੰਜਾਬੀ ਦੀ ਸੇਵਾ ਨਿਭਅ ਰਹੇ ਹਨ।ਇਸ ਪ੍ਰੋਜੈਕਟ ਦੇ ਇੰਚਾਰਜ ਉਂਕਾਰ ਸਿੰਘ ਤੇਜੇ ਸਨ।ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਜ਼ਿਲ੍ਹਾ ਸਿੱਖਿਆ ਅਫਸਰ ਬਰਨਾਲਾ ਸ਼ਮਸ਼ੇਰ ਸਿੰਘ ਨੇ ਕੀਤੀ। ਮੁੱਖ ਮਹਿਮਾਨ ਵਜੋਂ ਸੁੱਖੀ ਬਾਠ ਸਰਪ੍ਰਸਤ ਪੰਜਾਬ ਭਵਨ ਸਰੀ ਕੈਨੇਡਾ ਨੇ ਸ਼ਿਰਕਤ ਕੀਤੀ।ਉਨ੍ਹਾ ਨਾਲ ਉਂਕਾਰ ਸਿੰਘ ਤੇਜੇ, ਪ੍ਰੀਤ ਹੀਰ ਤੇ ਬਰਜਿੰਦਰ ਪਾਲ ਸਿੰਘ, ਕਰਮਜੀਤ ਗਰੇਵਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਭਾ ਦੇ ਪ੍ਰਧਾਨ ਅੰਜਨਾ ਮੈਨਨ ਨੇ ਆਏ ਪ੍ਰਧਾਨਗੀ ਮੰਡਲ, ਬਾਲ ਸ਼ਾਇਰਾਂ, ਅਧਿਆਪਕਾਂ, ਲੇਖਕਾਂ ਤੇ ਮਾਪਿਆਂ ਨੂੰ ਜੀ ਆਇਆਂ ਨੂੰ ਕਿਹਾ।ਪ੍ਰਧਾਨਗੀ ਮੰਡਲ ਤੇ ਬੱਚਿਆਂ ਨੇ ਰਲ ਕੇ ਕਿਤਾਬ ਲੋਕ ਅਰਪਣ ਕੀਤੀ।ਇਸ ਮੌਕੇ ਵਿਦਿਆਰਥੀਆਂ ਦਾ ਕਿਤਾਬ ਵਿੱਚ ਛਪੀਆਂ ਰਚਨਾਵਾਂ ਦਾ ਕਵੀ ਦਰਬਾਰ ਹੋਇਆ, ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ।ਕੁਝ ਸਟੇਟ ਐਵਾਰਡੀ ਅਧਿਆਪਕ ਤੇ ਬਾਲ ਲੇਖਕ ਅਤੇ ਗਾਇਕ ਕਰਮਜੀਤ ਗਰੇਵਾਲ ਨੇ ਆਪਣੇ ਬਾਲ ਗੀਤ ਪੇਸ਼ ਕੀਤੇ। ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਸ਼ਮਸ਼ੇਰ ਸਿੰਘ ਨੇ ਇਸ ਕਿਤਾਬ ਨੂੰ ਇੱਕ ਵਿਲੱਖਣ ਕਾਰਜ ਦੱਸਿਆ ਤੇ ਅਧਿਆਪਕਾਂ ਨੂੰ ਵੱਧ ਤੋਂ ਵੱਧ ਬੱਚਿਆਂ ਨੂੰ ਸਾਹਿਤ ਨਾਲ ਜੋੜਨ ਲਈ ਕਿਹਾ।ਸੁੱਖੀ ਬਾਠ ਨੇ ਅੰਜਨਾ ਮੈਨਨ, ਸਾਰੇ ਬੱਚਿਆਂ, ਅਧਿਆਪਕਾਂ ਤੇ ਲੇਖਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਨਸਾਨੀਅਤ ਨੂੰ ਜ਼ਿੰਦਾ ਰੱਖਣ ਲਈ ਲੋਕ ਭਲਾਈ ਦੇ ਕਾਰਜ ਬਹੁਤ ਜ਼ਰੂਰੀ ਹਨ। ਸਿਰਜਣਾ ਤੇ ਸੰਵਾਦ ਸਾਹਿਤ ਸਭਾ ਵੱਲੋਂ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।ਸੁਖੀ ਬਾਠ ਵੱਲੋਂ ਬਰਨਾਲਾ ਜ਼ਿਲ੍ਹੇ ਦੀ ਪੁਸਤਕ ਵਿੱਚ ਸ਼ਾਮਲ 80 ਵਿਦਿਆਰਥੀਆਂ ਨੂੰ ਇੱਕ ਪੁਸਤਕ, ਮੈਡਲ, ਇੱਕ ਪੁਸਤਕ ਸਕੂਲ ਲਾਇਬ੍ਰੇਰੀ ਨੂੰ ਅਤੇ ਗਾਈਡ ਅਧਿਆਪਕ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪੰਜਾਬੀ ਸਾਹਿਤ ਸਭਾ ਬਰਨਾਲਾ ਨੇ ਮਾਲਵਿੰਦਰ ਸ਼ਾਇਰ, ਤੇਜਿੰਦਰ ਚੰਡਿਹੋਕ, ਰਘਬੀਰ ਗਿੱਲ ਕੱਟੂ ਵੱਲੋਂ ਸੁੱਖੀ ਬਾਠ ਦਾ ਲੋਈ ਨਾਲ ਸਨਮਾਨ ਕੀਤਾ।ਸਭਾ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਪਰਦੀਪ ਕੌਰ ਟੱਲੇਵਾਲ, ਜਸਪ੍ਰੀਤ ਕੌਰ ਬੱਬੂ, ਉਰਵਸ਼ੀ ਗੁਪਤਾ, ਨਰਿੰਦਰ ਕੌਰ, ਰਿੰਪੀ ਰਾਣੀ ਨੇ ਆਪੋ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ।ਅਖੀਰ 'ਤੇ ਮਨਦੀਪ ਕੌਰ ਭਦੌੜ ਉੱਪ ਪ੍ਰਧਾਨ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਰਜਿੰਦਰ ਭਦੌੜ ਵੱਲੋਂ ਸਾਰੇ ਬੱਚਿਆਂ ਨੂੰ ਤਰਕਸ਼ੀਲ ਮੈਗਜ਼ੀਨ ਭੇਟ ਕੀਤਾ ਗਿਆ।

# ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ : ਧਨੋਆ



**ਧੂਰੀ (ਸੁਖਦੇਵ ਧੂਰੀ)**-ਸਥਾਨਕ ਮੰਗਲਾ ਆਸ਼ਰਮ ਵਿਖੇ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਵੱਲੋਂ ਪੈਨਸ਼ਨਰ ਦਿਹਾੜਾ ਪ੍ਰਧਾਨ ਸੁਖਦੇਵ ਸ਼ਰਮਾ ਦੀ ਅਗਵਾਈ ਵਿੱਚ ਰਵਾਇਤੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਪੈਨਸ਼ਨਰਜ਼ ਕਨਫੈਡਰੇਸ਼ਨ ਦੇ ਸੂਬਾ ਪ੍ਰਧਾਨ ਕਰਮ ਧਨੋਆ, ਮੁੱਖ ਮਹਿਮਾਨ ਗੁਰਮੀਤ ਸਿੰਘ ਆਨੰਦ, ਚਰਨਜੀਤ ਸਿੰਘ ਕੈਂਥ, ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ, ਜ਼ਿਲ੍ਹਾ ਸਕੱਤਰ ਆਰ ਐੱਲ ਪਾਂਧੀ, ਯੂਨਿਟ ਪ੍ਰਧਾਨ ਸੁਖਦੇਵ ਸ਼ਰਮਾ, ਜਨਰਲ ਸਕੱਤਰ ਡਾ. ਅਮਰਜੀਤ ਸਿੰਘ, ਜਗਜੀਤ ਸਿੰਘ ਸਰਾਓਂ, ਦਰਸ਼ਨ ਸਿੰਘ ਰੋਗਲਾ, ਸੁਰਿੰਦਰ ਸਿੰਘ ਸੋਢੀ ਤੇ ਕਰਨੈਲ ਸਿੰਘ ਸੇਖੋਂ ਸੁਸ਼ੋਭਤ ਸਨ।ਸਮਾਗਮ ਦੀ ਸ਼ੁਰੂਆਤ ਮੌਕੇ ਵਿੱਛੜੇ ਸਾਥੀਆਂ ਦੀ ਯਾਦ ਵਿੱਚ 2 ਮਿੰਟ ਦਾ ਮੌਨ ਧਾਰਨ ਕੀਤਾ ਗਿਆ।ਉਪਰੰਤ ਮੁੱਖ ਮਹਿਮਾਨ ਤੇ ਅੰਤਰਰਾਸ਼ਟਰੀ ਕੀਰਤਨੀਏ ਗੁਰਮੀਤ ਸਿੰਘ ਆਨੰਦ ਨੇ ਆਪਣੀ ਆਵਾਜ਼ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ।ਫਿਰ ਉੱਘੇ ਗੀਤਕਾਰ ਮੂਲ ਚੰਦ ਸ਼ਰਮਾ ਤੇ ਲੋਕ ਗਾਇਕ ਗੁਰਦਿਆਲ ਨਿਰਮਾਣ ਨੇ ਇਨਕਲਾਬੀ ਗੀਤ ਗਾ ਕੇ ਮਾਹੌਲ ਵਿੱਚ ਜੋਸ਼ ਭਰਿਆ।ਇਸ ਮੌਕੇ ਯੂਨੀਵਰਸਿਟੀ ਕਾਲਜ ਬੇਨੜਾ ਦੀ ਵਿਦਿਆਰਥਣ ਪ੍ਰੀਤਪਾਲ ਨੇ ਸਮਾਜਿਕ ਗੀਤ ਗਾ ਕੇ ਵਾਹ ਵਾਹ ਖੱਟੀ। ਪ੍ਰੋਗਰਾਮ ਦੌਰਾਨ ਪੈਨਸ਼ਨਰ ਕਨਫੈਡਰੇਸ਼ਨ ਦੇ ਸੂਬਾ ਪ੍ਰਧਾਨ ਕਰਮ ਸਿੰਘ ਧਨੋਆ ਨੇ ਪੈਨਸ਼ਨ ਦਿਵਸ ਦੀ ਵਧਾਈ ਦਿੰਦੇ ਹੋਏ ਸਮੂਹ ਪੈਨਸ਼ਨਰਜ਼ ਨੂੰ ਜਥੇਬੰਦੀ ਨੂੰ ਸਮਰਪਤ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾ ਕਿਹਾ ਕਿ ਭਾਵੇਂ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਬਾਰੇ ਘੇਸਲ ਮਾਰੀ ਬੈਠੀ ਹੈ, ਪ੍ਰੰਤੂ ਮੁਲਾਜ਼ਮ ਤੇ ਪੈਨਸ਼ਨਰਾਂ ਦੀ ਏਕਤਾ ਨੂੰ ਵਿਸ਼ਾਲ ਕਰਦੇ ਹੋਏ ਪ੍ਰਾਪਤੀਆਂ ਸੰਭਵ ਹਨ।ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਜ਼ਿਲ੍ਹੇ ਦੀਆਂ 9 ਯੂਨਿਟਾਂ ਸੂਬਾਈ ਟੀਮ ਨਾਲ ਚੱਟਾਨ ਵਾਂਗ ਖੜੀਆਂ ਹਨ।ਸੇਵਾ ਮੁਕਤ ਡਿਪਟੀ ਡੀ ਈ ਓ ਹੰਸ ਰਾਜ ਗਰਗ ਨੇ ਪੈਨਸ਼ਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਸਮਾਗਮ ਦੌਰਾਨ 75 ਸਾਲ ਪਾਰ ਕਰ ਚੁੱਕੇ ਪੈਨਸ਼ਨਰਾਂ ਦਾ ਮੋਮੈਂਟੋ ਤੇ ਲੋਈਆਂ/ਸ਼ਾਲਾਂ ਨਾਲ ਸਨਮਾਨ ਕੀਤਾ ਗਿਆ।ਇਸ ਮੌਕੇ ਜਸਪਾਲ ਸਿੰਘ ਭੁੱਲਰ, ਪ੍ਰਿੰਸੀਪਲ ਸੁਖਵੀਰ ਸਿੰਘ, ਸਾਬਕਾ ਸੈਨਿਕਾਂ ਦੀ ਜਥੇਬੰਦੀ, ਬਿਜਲੀ ਬੋਰਡ ਦੇ ਪੈਨਸ਼ਨਰਾਂ, ਨਗਰ ਕੌਂਸਲ ਦੇ ਪੈਨਸ਼ਨਰਾਂ, ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਧੂਰੀ, ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ (ਰਾਮ ਬਾਗ) ਧੂਰੀ ਦੇ ਅਹੁਦੇਦਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਸਮਾਗਮ ਨੂੰ ਸੰਬੋਧਨ ਕਰਦਿਆਂ ਐੱਸ ਬੀ ਆਈ ਦੇ ਚੀਫ ਮੈਨੇਜਰ ਜਸਵੀਰ ਸਿੰਘ ਪੰਨੂ ਤੇ ਜੋਤੀ ਪ੍ਰਸ਼ਾਦ ਕੋਠੀਆਲ ਨੇ ਸਮੂਹ ਪੈਨਸ਼ਨਰਜ਼ ਨੂੰ ਭਰੋਸਾ ਦਿਵਾਇਆ ਕਿ ਬੈਂਕਾਂ ਵਿੱਚ ਉਨ੍ਹਾਂ ਨੂੰ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਬੈਂਕ ਸਮੂਹ ਪੈਨਸ਼ਨਰਜ਼ ਨੂੰ ਬਿਹਤਰ ਸੇਵਾਵਾਂ ਦੇਣ ਲਈ ਵਚਨਬੱਧ ਹਨ। ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ, ਰਤਨ ਸਿੰਘ ਭੰਡਾਰੀ, ਇੰਦਰਜੀਤ ਸ਼ਰਮਾ, ਸੋਮ ਨਾਥ ਅੱਤਰੀ, ਆਤਮਾ ਸਿੰਘ ਘਨੌਰ, ਅਮਰਜੀਤ ਗੋਇਲ, ਤੇਜ ਪਾਲ, ਫ਼ਕੀਰ ਸਿੰਘ, ਅਵਤਾਰ ਸਿੰਘ, ਗੁਰਦਾਸ ਬਾਂਸਲ, ਸਤੀਸ਼ ਸ਼ਰਮਾ, ਅਮਰਜੀਤ ਸਿੰਘ, ਰਾਮ ਧਨ, ਗੁਰਮੇਲ ਸਿੰਘ, ਸਤੀਸ਼ ਅਰੋੜਾ, ਪ੍ਰਿੰਸੀਪਲ ਨੌਰੰਗ ਸਿੰਘ, ਪ੍ਰਿੰਸੀਪਲ ਜਬਰਾ ਸਿੰਘ, ਪ੍ਰਿੰਸੀਪਲ ਸੁਖਦੇਵ ਸਿੰਘ, ਪ੍ਰੀਤਮ ਸਿੰਘ, ਪ੍ਰਿੰਸੀਪਲ ਹਰਨੇਕ ਸਿੰਘ, ਡਾ. ਅਵਤਾਰ ਸਿੰਘ ਢੀਂਡਸਾ, ਕਰਮ ਸਿੰਘ ਢੀਂਡਸਾ, ਜੈ ਭਗਵਾਨ ਦਾਸ, ਕਮਲੇਸ਼ ਰਾਣੀ, ਨੀਲਮ ਕੁਮਾਰੀ, ਰਕਸ਼ਾ ਰਾਣੀ, ਕੁਲਵੰਤ ਕੌਰ, ਜਰਨੈਲ ਕੌਰ ਸਮੇਤ ਸੈਂਕੜੇ ਪੈਨਸ਼ਨਰ ਮੌਜੂਦ ਸਨ।ਸਟੇਜ ਸਕੱਤਰ ਦੀ ਡਿਊਟੀ ਕਰਮ ਸਿੰਘ ਸੋਢੀ ਤੇ ਮਨਜੀਤ ਸਿੰਘ ਬਖ਼ਸ਼ੀ ਨੇ ਬਾਖੂਬੀ ਨਿਭਾਈ।

19-DEC-PAGE-8.qxd 12/18/2023 10:49 PM Page 1



# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ



**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)** : ਇੱਥੋਂ ਨੇੜਲੇ ਪਿੰਡ ਸੋਹਾਣਾ ਵਿੱਚ ਸਥਿੱਤ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 348ਵਾਂ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਇਸ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਮੇਲ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਤਿਲਕ-ਜੰਞੂ ਦੀ ਰਾਖੀ ਲਈ ਦਿੱਤੀ ਸ਼ਹਾਦਤ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਵਿੱਚ ਵਿਸਥਾਰ ਸਹਿਤ ਸਰਵਣ ਕਰਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਨੇ ਗੁਰਮਤਿ ਵਿਚਾਰਾਂ ਰਾਹੀਂ ਦੱਸਿਆ ਕਿ ਕਿਵੇਂ ਬਾਲ ਉਮਰੇ ਦਸਮ ਪਿਤਾ ਜੀ ਨੇ ਆਪਣੇ ਪਿਤਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਰਾਖੀ ਲਈ ਕੁਰਬਾਨੀ ਦੇਣ ਲਈ ਪ੍ਰੇਰਿਆ । ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਦਿੱਤੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਕਰਕੇ ਹੀ ਉਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ । ਭਾਈ ਹਰਭੇਜ ਸਿੰਘ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਇਸ ਤੋਂ ਇਲਾਵਾ ਭਾਈ ਨਿਰਭੈ ਸਿੰਘ , ਭਾਈ ਗਿਆਨ ਸਿੰਘ , ਭਾਈ ਹਰਜਿੰਦਰ ਸਿੰਘ , ਭਾਈ ਹਰੇਏਕਮਜੋਤ ਸਿੰਘ , ਮਿੱਤਰ ਪਿਆਰੇ ਨੂੰ ਕੀਰਤਨੀ ਜੱਥਾ, ਭਾਈ ਜਤਿੰਦਰ ਸਿੰਘ ਦਮਦਮੀ ਟਕਸਾਲ ਵਾਲੇ, ਭਾਈ ਮਹਿੰਦਰਪਾਲ ਸਿੰਘ , ਭਾਈ ਬਲਵਿੰਦਰ ਸਿੰਘ, ਭਾਈ ਸਤਿੰਦਰਪਾਲ ਸਿੰਘ ਲੁਧਿਆਣੇ ਵਾਲੇ, ਭਾਈ ਸੁਖਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਸੰਦੀਪ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਹਜਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਾਇਆ ਗਿਆ ।

ਇਸ ਮੌਕੇ ਪ੍ਰਬੰਧਕ ਕਮੇਟੀ ਗੁ: ਸਿੰਘ ਸ਼ਹੀਦਾਂ ਦੇ ਬੁਲਾਰੇ ਨੇ ਦੱਸਿਆ ਕਿ ਆਉਣ ਵਾਲੀ ਮਿਤੀ 22 ਦਸੰਬਰ ਨੂੰ ਦਸਵੀ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ । ਉਨ੍ਹਾਂ ਦੱਸਿਆ ਕਿ ਇਸ ਦਿਨ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਇੰਟਰਨੈਸ਼ਨਲ ਢਾਡੀ ਜੱਥਾ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ । ਇਸ ਦਿਨ ਵਿਸ਼ਾਲ ਅੰਮ੍ਰਿਤ ਸੰਚਾਰ ਸਵੇਰੇ 10 ਵਜੇ ਅਰੰਭ ਹੋਵੇਗਾ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ ।

# ਡੇਰਾ ਪੰਡਵਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਬਹਿਰਾਮ (ਅਵਤਾਰ ਕਲੇਰ)** ਡੇਰਾ 108 ਸੰਤ ਬਾਬਾ ਹੰਸ ਰਾਜ ਜੀ , ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ । ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਡੇਰੇ ਦੇ ਗੱਦੀਨਸ਼ੀਨ ਸੰਤ ਮਹਿੰਦਰ ਪਾਲ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸੰਪਰਦਾਇ ਸੁਸਾਇਟੀ ਪੰਜਾਬ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ , ਉਹਨਾਂ ਵਲੋਂ ਕੀਤੀਆ ਉਦਾਸੀਆਂ ਅਤੇ ਉਪਦੇਸ ਬਾਰੇ ਦੱਸਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਰਾਬਰਤਾ ਦਾ ਸੁਨੇਹਾ ਦਿੱਤਾ ਅਤੇ ਨਾਮ ਜਪੋ , ਕਿਰਤ ਕਰੋ , ਵੰਡ ਛਕੋ ਦਾ ਸੁਨੇਹਾ ਦਿੰਦਿਆਂ ਸੰਗਤਾਂ ਨੂੰ ਬਾਣੀ ਨਾਲ ਜੋੜਿਆ । ਕੀਰਤਨੀ ਜਥੇ ਸੰਤ ਜਸਵਿੰਦਰ ਪਾਲ ਪੰਡਵਾ , ਭਾਈ ਹਰਪ੍ਰੀਤ ਸਿੰਘ ਡਰੋਲੀ ਕਲਾਂ , ਭਾਈ ਸੁਰਜੀਤ ਸਿੰਘ ਸੋਢੀ ਵਲੋਂ ਕੀਰਤਨ ਅਤੇ ਵਿਆਖਿਆ ਨਾਲ ਸੰਗਤਾਂ ਨੂੰ ਨਿਹਾਲ ਕੀਤਾ । ਗੁਰੂ ਕਾ ਲੰਗਰ ਅਤੁੱਟ ਵਰਤਿਆ ਗਿਆ । ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ । ਸੰਤ ਮਹਿੰਦਰ ਪਾਲ ਵਲੋਂ ਪਹੁੰਚੇ ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ। ਇਸ ਮੌਕੇ ਸੰਤ ਬੀਬੀ ਬਿਮਲਾ ਰਾਣੀ , ਸੰਤ ਜਸਵਿੰਦਰ ਪਾਲ , ਸੰਤ ਮੋਹਣ ਪਾਲ , ਸੰਤ ਟਹਿਲ ਨਾਥ ਨੰਗਲ ਖੇੜਾ , ਸੈਕਟਰੀ ਬਾਲ ਕ੍ਰਿਸ਼ਨ , ਜਥੇਦਾਰ ਸਰੂਪ ਸਿੰਘ ਖਲਵਾੜਾ , ਮਾਸਟਰ ਸੋਮ ਰਾਜ , ਜਥੇਦਾਰ ਦਲਜੀਤ ਸਿੰਘ ਸੋਢੀ ਮਾਹਿਲਪੁਰੀ , ਸੁਰਜੀਤ ਸਿੰਘ ਖੇੜਾ , ਮਹਿੰਦਰ ਸੰਧੂ , ਪਰਮਜੀਤ ਸਿੰਘ ਬੁੱਟਰ , ਗੁਰਨਾਮ ਚੰਦ , ਪਰਗਟ ਸਿੰਘ , ਬਲਵੀਰ ਸਿੰਘ , ਕੁਲਵਿੰਦਰ ਸਿੰਘ , ਸਰਬਜੀਤ , ਭੁਪਿੰਦਰ ਕੁਮਾਰ , ਸੁਖਦੇਵ ਸਿੰਘ ਤੋਂ ਇਲਾਵਾ ਸੰਗਤਾਂ ਹਾਜਰ ਸਨ ।

## ਡਾਕਟਰਾਂ ਨੇ ਕਿਸਾਨ ਦੇ ਕੱਟੇ ਹੋਏ ਹੱਥ ਨੂੰ ਸਫਲਤਾਪੂਰਵਕ ਜੋੜਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਧੁਨਿਕ ਮਾਈਕ੍ਰੋਸਰਜੀਕਲ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਡਾਕਟਰਾਂ ਨੇ ਕਿਸਾਨ ਦੇ ਕੱਟੇ ਹੋਏ ਖੱਬੇ ਹੱਥ ਨੂੰ ਸਫਲਤਾਪੂਰਵਕ ਰੀਇਮਪਲਾਂਟ ਕੀਤਾ। ਲੱਕੜ ਕੱਟਣ ਵਾਲੀ ਮਸ਼ੀਨ 'ਤੇ ਕੰਮ ਕਰਦੇ ਸਮੇਂ ਕਿਸਾਨ ਦਾ ਖੱਬਾ ਹੱਥ ਅਚਾਨਕ ਕੱਟ ਗਿਆ ਸੀ। ਕੱਟੇ ਹੋਏ ਹੱਥ ਦੇ ਨਾਲ ਉਸ ਨੂੰ ਸਮੇਂ ਸਿਰ ਆਈ ਵੀ ਵਾਈ ਹਸਪਤਾਲ, ਹੁਸ਼ਿਆਰਪੁਰ ਲਿਜਾਇਆ ਗਿਆ, ਜਿੱਥੇ ਪਲਾਸਟਿਕ ਸਰਜਨ ਡਾ. ਸੁਮਿਤ ਤੂਰ ਅਤੇ ਐਨਸਥੀਟਿਸਟ ਡਾ. ਮਨਪ੍ਰੀਤ ਕੌਰ ਅਤੇ ਡਾ. ਹਰਪ੍ਰੀਤ ਸਿੰਘ ਦੀ ਟੀਮ ਨੇ ਹੱਥ ਦੇ ਮੁੜ ਇਮਪਲਾਂਟੇਸ਼ਨ ਲਈ ਆਧੁਨਿਕ ਮਾਈਕ੍ਰੋਸਰਜੀਕਲ ਤਕਨੀਕਾਂ ਦੀ ਵਰਤੋਂ ਕੀਤੀ। ਡਾ. ਤੂਰ ਨੇ ਖੂਨ ਦੀਆਂ ਨਾੜੀਆਂ, ਨਸਾਂ, ਹੱਡੀਆਂ ਅਤੇ ਟਿਸ਼ੂਆਂ ਨੂੰ ਦੁਬਾਰਾ ਜੋੜਿਆ। ਡਾ. ਤੂਰ ਨੇ ਕਿਹਾ, ਦੁਖਦਾਈ ਅੰਗ ਕੱਟਣ ਵਾਲੇ ਮਰੀਜ਼ਾਂ ਨੂੰ ਅਕਸਰ ਮਹੱਤਵਪੂਰਨ ਸਰੀਰਕ ਅਤੇ ਭਾਵਨਾਤਮਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮੇਂ ਸਿਰ ਦੁਬਾਰਾ ਇਮਪਲਾਂਟ ਕਰਨਾ ਅੰਗਾਂ ਦੇ ਨੁਕਸਾਨ ਤੋਂ ਪੀੜਤ ਲੋਕਾਂ ਲਈ ਨਵੀਂ ਉਮੀਦ ਲਿਆ ਸਕਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਕੱਟੇ ਹੋਏ ਹਿੱਸੇ ਨੂੰ ਸੁਰੱਖਿਅਤ ਰੱਖਣਾ ਅਤੇ ਸਮੇਂ ਸਿਰ ਹਸਪਤਾਲ ਪਹੁੰਚਾਉਣਾ ਰੀਇਮਪਲਾਂਟੇਸ਼ਨ ਸਰਜਰੀ ਦੇ ਮਹੱਤਵਪੂਰਨ ਪਹਿਲੂ ਹਨ। ਉਨ੍ਹਾਂ ਕਿਹਾ ਕਿ ਗੰਭੀਰ ਸੱਟਾਂ ਮੁੜ ਇਮਪਲਾਂਟੇਸ਼ਨ ਲਈ ਢੁਕਵੀਆਂ ਨਹੀਂ ਹੋ ਸਕਦੀਆਂ, ਪਰ ਓਸਟੀਓਪਲਾਸਟਿਕ ਰੀਪਲਾਂਟ ਸਰਜਰੀ ਨਾਲ ਹੱਥ ਨੂੰ ਬਚਾਇਆ ਜਾ ਸਕਦਾ ਹੈ।

## ਸਰਕਾਰੀ ਹਾਈ ਸਕੂਲ ਖੋਜਕੀਪੁਰ ਨੰਗਲ ਸਲਾਲਾ 'ਚ ਮਾਪੇ-ਅਧਿਆਪਕ ਮਿਲਣੀ



**ਆਦਮਪੁਰ (ਪਰਮਜੀਤ ਸਿੰਘ )**—ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੰਜਾਬ ਦੇ ਸਿਖਿਆ ਢਾਂਚੇ ਨੂੰ ਹੋਰ ਮਜਬੂਤ ਕਰਨ ਅਤੇ ਪੰਜਾਬ ਨੂੰ ਸਿਖਿਆ ਦੇ ਖੇਤਰ ਵਿੱਚ ਨੰਬਰ ਇੱਕ ਦਾ ਸੂਬਾ ਬਣਾਉਣ ਲਈ ਨਿਰੰਤਰ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਪੰਜਾਬ ਦੇ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਬਲਾਕ ਆਦਮਪੁਰ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੀ ਕਾਰਗੁਜਾਰੀ ਨੂੰ ਮਾਪਿਆਂ ਨਾਲ ਸਾਂਝੀ ਕਰਨ ਦੇ ਮੰਤਵ ਨਾਲ ਮਾਪੇ ਅਧਿਆਪਕ ਮਿਲਣੀ ਸਮਾਰੋਹ ਖੋਜਕੀਪੁਰ ਨੰਗਲ ਸਲਾਲਾ ਵਿਖੇ ਕਰਵਾਇਆ ਗਿਆ। ਮੁੱਖ ਅਧਿਆਪਕਾ ਸ੍ਰੀਮਤੀ ਸਗੀਨਾ ਰਾਏ ਨੇ ਦੱਸਿਆ ਕਿ ਮਾਪੇ ਅਧਿਆਪਕ ਮਿਲਣੀ ਦੌਰਾਨ ਬੱਚਿਆਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਹੁਣ ਤੱਕ ਦੀ ਕਾਰਗੁਜਾਰੀ, ਮਿਸ਼ਨ ਸਮਰੱਥ ਵਿਚ ਬੱਚੇ ਸਿੱਖਣ ਪੱਧਰ ਦੀ ਜਾਣਕਾਰੀ ,ਬੱਚਿਆਂ ਦੀ 100%ਹਾਜਰੀ ਯਕੀਨੀ ਬਨਾਉਣਾ,ਨਵੇ ਸੈਸ਼ਨ ਵਿਚ ਮਾਪਿਆਂ ਨੂੰ ਦਾਖਲਿਆਂ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਅਧਿਆਪਕ ਗੁਰਮੇਜਰ ਸਿੰਘ, ਪਰਮਜੀਤ ਸਿੰਘ, ਅਵਤਾਰ ਸਿੰਘ, ਅਧਿਆਪਕਾ ਰੇਖਾ ਰਾਣੀ, ਸੀਮਾ ਰਾਣੀ, ਮੀਨੂ ਮਿਹਰ, ਮੱਮਤਾ ਮਿਹਰ, ਨਵਪ੍ਰੀਤ ਕੌਰ, ਜਸਵਿੰਦਰ ਕੌਰ, ਪਰਮਿੰਦਰ ਕੌਰ, ਨਿਹਾਲ ਕੌਰ,ਜਸਵੀਰ ਕੌਰ ਅਤੇ ਬੱਚਿਆਂ ਦੇ ਮਾਪੇ ਹਾਜਰ ਰਹੇ।

## ਸ਼ਹਾਦਤ ਨੂੰ ਸਮਰਪਤ ਸਮਾਗਮ ਕਰਵਾਇਆ



**ਮਾਹਿਲਪੁਰ (ਸਫਰੀ)**-ਪਿੰਡ ਸੇਖੋਵਾਲ ਬੀਤ ਦੇ ਗੁਰਦੁਆਰਾ ਸਾਹਿਬ ਵਿਖੇ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਸਾਨੀ ਸ਼ਹਾਦਤ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਮਾਗਮ ਕਰਵਾਇਆ ਗਿਆ। ਸਮਾਗਮ 'ਚ ਭਾਈ ਹਰਭਜਨ ਸਿੰਘ ਖਾਲਸਾ ਸ੍ਰੀ ਅਨੰਦਪੁਰ ਸਾਹਿਬ ਵਾਲੇ ਅਤੇ ਬਾਬਾ ਸੁਰਜੀਤ ਸਿੰਘ ਹੀਰਾ ਵਾਲਿਆਂ ਨੇ ਸੰਗਤਾਂ ਨੂੰ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਵਲੋਂ ਦਿੱਤੀ ਸ਼ਹਾਦਤ ਵਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਿਰਕਤ ਕੀਤੀ।

## ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ



**ਭੋਗਪੁਰ (ਕੁਲਬੀਰ ਸਿੰਘ ਕਾਹਲੋ)**-ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਭੋਗਪੁਰ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਸਕੂਲ ਦੇ ਖੁੱਲ੍ਹੇ ਖੇਡ ਮੈਦਾਨ ਵਿੱਚ ਕਰਵਾਇਆ ਗਿਆ। ਇਸ ਮੌਕੇ ਇਲਾਕੇ ਦੇ ਵੱਖ-ਵੱਖ ਰਾਜਨੀਤਿਕ ਅਤੇ ਸਮਾਜ ਸੇਵੀ ਸ਼ਖਸੀਅਤਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਚਾਂ ਸਰਪੰਚਾਂ ਨੇ ਹਾਜਰੀ ਲਗਵਾਈ! ਸਮਾਗਮ ਦੀ ਆਰੰਭਤਾ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਦਾ ਗਾਇਨ ਕਰਕੇ ਕੀਤੀ ਉਪਰੰਤ ਵਿਦਿਆਰਥੀਆਂ ਨੇ ਕੋਰੀਓਗ੍ਰਾਫੀ ਨਾਟਕ ਡਰਾਮੇ ਦੇਸ਼ ਭਗਤੀ ਦੇ ਗੀਤ ਕਵਿਤਾ ਗਿੱਧਾ ਅਤੇ ਭੰਗੜਾ ਆਦਿ ਦੀ ਪੇਸ਼ਕਾਰੀ ਕੀਤੀ! ਸਕੂਲ ਦੇ ਡਾਇਰੈਕਟਰ ਜੀ ਐਸ ਸੈਣੀ ਨੇ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਬਿਕਰਮ ਸਿੰਘ ਸੈਣੀ ਨੇ ਸਕੂਲ ਦੀ ਪ੍ਰਗਤੀਸੀਲ ਰਿਪੋਰਟ ਪੜ੍ਹੀ! ਇਸ ਮੌਕੇ ਵਿਦਿਆ, ਖੇਡਾਂ ਅਤੇ ਸੱਭਿਆਚਾਰ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ।

## 100 ਤੋਂ ਵੱਧ ਪਿੰਡਾਂ ਅੰਦਰ ਮੀਟਿੰਗਾਂ ਕੀਤੀਆਂ ਜਾਣਗੀਆਂ : ਸ਼ਮਸ਼ੇਰ ਬਟਾਲਾ

**ਜਲੰਧਰ** : ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਸੂਬਾ ਦਫਤਰ ਜਲੰਧਰ ਵਿਖੇ ਸੂਬਾਈ ਪ੍ਰਧਾਨ ਮਨਜਿੰਦਰ ਸਿੰਘ ਢੇਸੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪਿਛਲੇ ਕੰਮਾਂ ਦਾ ਰੀਵਿਊ ਕਰਨ ਉਪਰੰਤ ਅਗਲੇ ਕੰਮਾਂ ਬਾਰੇ ਰਣਨੀਤੀ ਤਿਆਰ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਸੂਬਾ ਜਨਰਲ ਸਕੱਤਰ ਧਰਮਿੰਦਰ ਸਿੰਘ ਮੁਕੇਰੀਆਂ ਨੇ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਕਿਸੇ ਨੌਜਵਾਨ ਨੂੰ ਪੱਕਾ ਰੁਜ਼ਗਾਰ ਨਹੀਂ ਦਿੱਤਾ ਜਾ ਰਿਹਾ ਅਤੇ ਨਸ਼ਿਆਂ ਕਾਰਨ ਹਰ ਰੋਜ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ,ਦੇਸ਼ ਅੰਦਰ ਫਿਰਕਾਪ੍ਰਸਤੀ ਦੇ ਕਾਰਨ ਘੱਟ ਗਿਣਤੀਆਂ ਉੱਪਰ ਅੱਤਿਆਚਾਰ ਲਗਾਤਾਰ ਵੱਧ ਰਿਹਾ ਹੈ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਸਭਾ ਦੇ ਸੂਬਾਈ ਸਹਾਇਕ ਸਕੱਤਰ ਸ਼ਮਸ਼ੇਰ ਸਿੰਘ ਬਟਾਲਾ ਨੇ ਦੱਸਿਆ ਕਿ ਇਕ ਮਹੀਨੇ ਵਿੱਚ ਸਭਾ ਵਲੋਂ ਸਮੁੱਚੇ ਪੰਜਾਬ ਅੰਦਰ ਨੌਜਵਾਨਾਂ ਦੀ ਲਾਮਬੰਦੀ ਕਰਨ ਲਈ 100 ਤੋਂ ਵੱਧ ਪਿੰਡਾਂ ਅੰਦਰ ਮੀਟਿੰਗਾਂ ਕਰਕੇ ਯੂਨਿਟ ਸਥਾਪਤ ਕੀਤੇ ਜਾਣਗੇ ਅਤੇ ਮੈਂਬਰਸ਼ਿਪ ਕੀਤੀ ਜਾਵੇਗੀ। ਇਸੇ ਤਰ੍ਹਾਂ ਹੀ ਨਵੇਂ ਵਰ੍ਹੇ ਦੇ ਜਨਵਰੀ ਮਹੀਨੇ ਵਿੱਚ ਰੁਜਗਾਰ ਪ੍ਰਾਪਤੀ, ਨਸ਼ਿਆਂ ਤੇ ਫਿਰਕਾਪ੍ਰਸਤੀ ਦੇ ਖਿਲਾਫ਼ ਐਸ ਡੀ ਐਮ ਦਫਤਰ ਮੂਹਰੇ ਧਰਨੇ-ਪ੍ਰਦਰਸ਼ਨ ਕਰਕੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ। ਇਸ ਮੌਕੇ ਸੁਲੱਖਣ ਸਿੰਘ ਤੁੜ, ਰਵਿੰਦਰ ਸਿੰਘ ਸਰਦੂਲਗੜ੍ਹ, ਗੁਰਦੀਪ ਬੇਗਮਪੁਰ, ਬੋਬੀ ਗੋਇੰਦਵਾਲ ਸਾਹਿਬ, ਗਗਨਦੀਪ ਸਰਦੂਲਗੜ੍ਹ, ਰਾਮ ਕਿਸ਼ਨ ਭਾਰਤੀ,ਮਨਪ੍ਰੀਤ ਸਿੰਘ, ਮਨਹਰਨ ਆਦਿ ਹਾਜ਼ਰ ਸਨ।

## ਸਮੱਗਰ ਸਿੱਖਿਆ ਅਭਿਆਨ ਤਹਿਤ ਮੁਫਤ ਸਮਾਨ ਵੰਡ ਕੈਂਪ ਲਗਾਇਆ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਸਮੱਗਰ ਸਿੱਖਿਆ ਅਭਿਆਨ ਦੇ ਤਹਿਤ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਰੂਪਨਗਰ, ਸ੍ਰੀਮਤੀ ਸ਼ਾਲੂ ਮਹਿਰਾ ਤੇ ਉੱਪ ਸਿੱਖਿਆ ਅਫਸਰ, ਰੰਜਨਾ ਕਟਿਆਲ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸਕੈਂਡਰੀ ਸਮਾਰਟ ਸਕੂਲ( ਲੜਕੇ) ਨੂਰਪੁਰ ਬੇਦੀ, ਵਿਖੇ ਪਹਿਲੀ ਤੋਂ ਬਾਰਵੀਂ ਕਲਾਸ ਤੱਕ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਮੁਫਤ ਸਮਾਨ ਵੰਡ ਕੈਂਪ ਦੌਰੈਨ ਸਿਲੈਕਟ ਕੀਤੇ ਹੋਏ ਬੱਚਿਆਂ ਨੂੰ ਸਾਮਾਨ ਵੰਡਿਆ ਗਿਆ। ਚਾਰ ਸਿੱਖਿਆ ਬਲਾਕਾਂ ਅਨੰਦਪੁਰ ਸਾਹਿਬ ,ਨੰਗਲ ,ਨੂਰਪੁਰਬੇਦੀ, ਕੀਰਤਪੁਰ ਸਾਹਿਬ ਅਤੇ ਤਖਤਗੜ੍ਹ ਨਾਲ ਸਬੰਧਤ ਵੱਖ-ਵੱਖ ਸਕੂਲਾਂ ਤੋਂ ਇਸ ਕੈਂਪ ਵਿੱਚ ਕਰੀਬ 47 ਵਿਦਿਆਰਥੀ ਪਹੁੰਚੇ। ਇਹਨਾਂ ਵਿਦਿਆਰਥੀਆਂ ਦੀ ਸਿਹਤ ਅਧਿਕਾਰੀ ਡਾਕਟਰ ਦੀ ਟੀਮ ਵਿੱਚ ਤੇ ਅਲਿਮਕੋ ਕੰਪਨੀ ਤੋਂ ਆਈ ਟੀਮ ਨੇ ਬੱਚਿਆਂ ਨੂੰ ਸਮਾਨ ਦਿੱਤਾ । ਆਈ .ਈ.ਆਰ.ਟੀ ਇੰਚਾਰਜ ਰਾਮ ਅਭਿਆਨਾ ਨੇ ਦੱਸਿਆ ਕਿ ਇਸ ਕੈਂਪ ਵਿੱਚ 47 ਬੱਚਿਆਂ ਦੀ ਸ਼ਨਾਖਤ ਕੀਤੀ ਗਈ ਸੀ। ਜਿਨ੍ਹਾਂ ਨੂੰ ਲਗਾਏ ਜਾਣ ਵਾਲੇ ਬਨਾਉਟੀ ਅੰਗ ਲਈ ਅਲਿਮਕੋ ਕੰਪਨੀ ਦੇ ਸਟਾਫ ਵੱਲੋਂ ਸਮਾਨ ਦਿੱਤਾ ਗਿਆ। ਇਹਨਾਂ ਬੱਚਿਆਂ ਵਿੱਚੋਂ , ਕੁਝ ਨੂੰ ਸੁਣਨ ਵਾਲੀਆਂ ਮਸ਼ਨਾਂ ,ਕ੍ਰਿਚੁੱਜ ,ਟਰਾਈਸਾਈਕਲ ਤੇ ਵੀਲ ਚੇਅਰ ਦਿੱਤੀਆਂ ਗਈਆਂ। ਬੱਚਿਆਂ ਨੂੰ ਰਿਫਰੈਸਮੈਂਟ ਪ੍ਰਦਾਨ ਕੀਤੀ ਗਈ। ਇਸ ਮੌਕੇ ਗੁਰਵਿੰਦਰ ਕੁਮਾਰ, ਰੁਪਿੰਦਰ ਕੌਰ ,ਨੀਲਮ ਰਾਣੀ ,ਰਿਤੂ ਰਾਣੀ, ਗੁਰਤੇਜ ਕੌਰ ,ਸੁਮਨ ਰਾਣੀ, ਸੰਤੋਸ਼ ਕੁਮਾਰ, , ਹਰਪ੍ਰੀਤ ਕੌਰ ,ਭੁਪਿੰਦਰ ਕੌਰ, ਬਲਜਿੰਦਰ ਕੌਰ ,ਸੁਮਨਦੀਪ ਕੌਰ, ਰਮਾ ਰਾਣੀ,ਮਨਪ੍ਰੀਤ ਕੌਰ ਤੇ ਸਟਾਫ ਹਾਜਰ ਸੀ।

# ਕੇਂਦਰ 'ਚ ਅਗਲੀ ਸਰਕਾਰ ਵੀ ਭਾਜਪਾ ਦੀ ਬਣਨਾ ਤੈਅ : ਧੀਰ







**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਭਾਰਤੀ ਜਨਤਾ ਪਾਰਟੀ ਦੀ ਤਿੰਨ ਰਾਜਾਂ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਦੀ ਸ਼ਾਨਦਾਰ ਜਿੱਤ ਦੀ ਖੁਸ਼ੀ ਵਿਚ ਸੀਨੀਅਰ ਨੇਤਾ ਅਸ਼ਵਨੀ ਕੁਮਾਰ ਧੀਰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਪੂਰੇ ਦੇਸ਼ ਵਿਚ ਕੀਤੇ ਵਿਕਾਸ ਕਾਰਜਾਂ ਲਈ ਵੋਟਾਂ ਪਾ ਕੇ ਜਿੱਤ ਦਵਾਈ ਹੈ।ਇਹ ਜਿੱਤ ਦਰਸਾਉਂਦੀ ਹੈ ਕਿ ਜਨਤਾ ਦਾ ਭਰੋਸਾ ਮੋਦੀ ਸਰਕਾਰ 'ਤੇ ਦਿਨੋ-ਦਿਨ ਮਜ਼ਬੂਤ ਹੁੰਦਾ ਜਾ ਰਿਹਾ ਹੈ।ਇਸ ਕਾਰਨ 2024 ਵਿਚ ਕੇਂਦਰ 'ਚ ਭਾਜਪਾ ਦੀ ਸਰਕਾਰ ਬਣਨਾ ਲਗਭਗ ਤੈਅ ਹੈ।ਸੀਨੀਅਰ ਭਾਜਪਾ ਪੰਜਾਬ ਐਗਨੀਨੇਟਰ ਸੰਜੀਵ ਭਾਰਦਵਾਜ ਨੇ ਕਿਹਾ ਕਿ ਲੋਕਾਂ ਨੇ ਆਪਣੇ ਦੇਸ਼ ਅਤੇ ਸੱਭਿਆਚਾਰ ਦੇ ਹਿੱਤ ਵਿਚ ਭਾਜਪਾ ਨੂੰ ਵੋਟਾਂ ਪਾ ਕੇ ਜਿੱਤ ਦਿੱਤੀ ਹੈ।ਉਨ੍ਹਾਂ ਕਿਹਾ ਕਿ ਵੋਟਰਾਂ ਨੇ ਵਿਕਾਸ ਦੇ ਮੁੱਦੇ 'ਤੇ ਵੋਟਾਂ ਪਾ ਕੇ ਵਿਰੋਧੀ ਪਾਰਟੀਆਂ ਦਾ ਮੂੰਹ ਬੰਦ ਕਰ ਦਿੱਤਾ ਹੈ।ਇਹ ਫਤਵਾ ਇਸ ਗੱਲ ਦਾ ਪ੍ਰਮਾਣ ਹੈ ਕਿ ਵੋਟਰਾਂ ਨੂੰ ਝੂਠੇ ਦਾਅਵੇ ਕਰਨ ਦੀ ਬਜਾਏ ਕੰਮ ਕਰਨ ਵਾਲਿਆਂ 'ਤੇ ਭਰੋਸਾ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਭ ਕਾ ਸਾਥ, ਸਬਕਾ ਵਿਕਾਸ ਅਤੇ ਸਬਕਾ ਵਿਸ਼ਵਾਸ ਦੇ ਮੂਲ ਮੰਤਰ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਵਾਦ ਅਤੇ ਸਰਬਪੱਖੀ ਵਿਕਾਸ ਦੇ ਨਾਲ-ਨਾਲ ਜਨਤਾ ਨੇ ਕਾਨੂੰਨ ਦੇ ਰਾਜ ਦਾ ਸਮਰਥਨ ਕੀਤਾ ਹੈ। ਇਹ ਜਿੱਤ ਪ੍ਰਤੀਬਿੰਬ ਹੈ ਚੰਗੇ ਸ਼ਾਸਨ, ਸ਼ਾਨਦਾਰ ਨਿਆਂ ਪ੍ਰਣਾਲੀ, ਵਿਕਾਸ ਅਤੇ ਭਰੋਸੇ ਦੀ ਜਿੱਤ ਹੈ।ਜਿੱਤ ਦਾ ਸਿਹਰਾ ਉੱਥੋਂ ਦੇ ਲੋਕਾਂ ਨੂੰ ਜ਼ਿਆਦਾ ਜਾਂਦਾ ਹੈ। ਸੀਨੀਅਰ ਆਗੂ ਬਹਾਦੁਰ ਚੰਦ ਅਰੋੜਾ ਨੇ ਦੱਸਿਆ ਕਿ ਇਸ ਦੇ ਕਾਰਨ ਭਾਜਪਾ 'ਤੇ ਲੋਕਾਂ ਦੇ ਵਿਸ਼ਵਾਸ਼ ਦੇ ਕਾਰਨ ਹੀ ਇਹ ਜਿੱਤਾਂ ਮਿਲੀਆਂ ਹਨ। ਭਾਰਤੀ ਜਨਤਾ ਪਾਰਟੀ ਦੀ ਤਰਫੋਂ ਪੂਰੇ ਦੇਸ਼ ਵਿੱਚ ਜ਼ਿਲ੍ਹਾ ਪੱਧਰ 'ਤੇ ਕਾਂਗਰਸ ਪਾਰਟੀ ਦੇ ਭ੍ਰਿਸ਼ਟਾਚਾਰ ਦੇ ਖਿਲਾਫ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।ਜ਼ਿਲ੍ਹਾ ਨਵਾਂਸ਼ਹਿਰ ਵਿੱਚ ਕਾਂਗਰਸੀ ਸੰਸਦ ਮੈਂਬਰ ਧੀਰਜ ਸਾਹੂ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

# ਜੌੜਾ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ



**ਅੱਡਾ ਸਰਾਂ (ਜਸਵੀਰ ਕਾਜਲ)**-ਵਿਸ਼ਵ ਰਤਨ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 67ਵਾਂ ਪ੍ਰੀਨਿਰਵਾਣ ਦਿਵਸ ਡਾ. ਬੀ.ਆਰ. ਅੰਬੇਡਕਰ ਯੂਥ ਕਲੱਬ ਰਜਿ ਜੌੜਾ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪ੍ਰਧਾਨ ਪ੍ਰੇਮਜੀਤ ਸਿੰਘ ਦੀ ਅਗਵਾਈ ਹੇਠ ਮਨਾਇਆ ਗਿਆ।

ਜਿਸ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਸੰਘਰਸ ਨੂੰ ਵੱਖ ਵੱਖ ਬੁਲਾਰਿਆਂ ਨੇ ਆਪਣੇ ਸ਼ਬਦਾਂ ਰਾਹੀਂ ਪੇਸ਼ ਕੀਤਾ ਅਤੇ ਜਾਤ ਪਾਤ ਉਚ ਨੀਚ ਦੇ ਸਿਸਟਮ ਨੂੰ ਖਤਮ ਕਰਨ ਲਈ ਵੱਧ ਤੋਂ ਵੱਧ ਆਪਣੇ ਗੁਰੂਆਂ ਰਹਿਬਰਾਂ ਦੇ ਇਤਿਹਾਸ ਨੂੰ ਪੜ੍ਹਨ ਅਤੇ ਦੱਸੇ ਹੋਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

ਮਾਪਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਓ ਅਤੇ ਉੱਚੇ ਅਹੁਦਿਆਂ ਅਫਸਰ ਬਣਾ ਕੇ ਇਹ ਗਰੀਬੀ ਗੁਲਾਮੀ ਦੀਆਂ ਜੰਜੀਰਾਂ ਨੂੰ ਖਤਮ ਕਰੋ। ਇਸ ਮੌਕੇ ਮੁੱਖ ਮਹਿਮਾਨ ਜ਼ਿਲ੍ਹਾ ਸਿਹਤ ਅਫਸਰ ਡਾ. ਲਖਵੀਰ ਸਿੰਘ, ਨਾਟਕਕਾਰ ਟੀਮ ਪ੍ਰਗਤੀ ਕਲਾ ਇਕਾਈ ਜਲਾਲਾਬਾਦ ਫਾਜ਼ਿਲਕਾ ਤੋਂ ਤੇ ਮੁੱਖ ਬੁਲਾਰੇ ਅਨਿਲ ਕੁਮਾਰ ਬਾਘਾ ਪੰਜਾਬ ਪ੍ਰਧਾਨ ਅੰਬੇਡਕਰ ਫੋਰਸ, ਧਰਮਿੰਦਰ ਸਿੰਘ ਭੁਲਾਰਾਈ,ਸੰਦੀਪ ਚੀਨਾ ਸਰਪੰਚ,ਮੈਡਮ ਪ੍ਰੀਤਿਭਾ ਸਮਾਜ ਸੇਵੀ,ਪ੍ਰੋਸ਼ਤਮ ਅਹੀਰ ,ਡਾ. ਸੁਰਿੰਦਰ ਕੁਮਾਰ ਐਡਵੋਕੇਟ ਰਣਜੀਤ ਕੁਮਾਰ , ਸੂਰਤੀ ਲਾਲ ਜੀ ਬੀ.ਡੀ.ਪੀ.ਓ. ਟਾਂਡਾ 2, ਅਮਰਜੀਤ ਸਿੰਘ ਖਰਲਾਂ ਪੰਜਾਬ ਪੁਲਸ, ਪਰਮਿੰਦਰ ਵੀਰ ਇੰਚਾਰਜ ਭੀਮ ਆਰਮੀ ਹੁਸ਼ਿਆਰਪੁਰ,ਮੈਡਮ ਪਰਵਿੰਦਰ ਕੌਰ ਬੰਗਾ,ਜੱਸ ਕਲਿਆਣ ਰਾਵਣ ਚੇਅਰਮੈਨ ਭਗਵਾਨ ਵਾਲਮੀਕਿ ਸੰਘਰਸ ਮੋਰਚਾ ਜਲੰਧਰ, ਲੱਕੀ ਕੰਧਾਲਾ,ਚਰਨਜੀਤ ਪੜਬੱਗਾ,ਹੈਪੀ ਤ, ਅਮਰ ਕੰਧਾਲਾ ਜੱਟਾਂ, ਰਵੀ ਦੀਪੂ ਲਾਡੀ ਛਿੰਦਾ ਦਸਮੇਸ਼ ਨਗਰ ਟਾਂਡਾ, ਮਾਸਟਰ ਗੁਰਚਰਨ ਸਿੰਘ ਨੀਲਾ ਨਲੋਆ ਅਤੇ ਲਾਡੀ ਤੱਗੜ ਆਦਿ ਨੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।

ਜਿਹਨਾਂ ਬੱਚਿਆਂ ਨੇ ਪ੍ਰਬੁੱਧ ਭਾਰਤ ਵੱਲੋਂ ਅਗਸਤ 2023 'ਚ ਜੋ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜੀਵਨ ਸੰਘਰਸ਼ 'ਤੇ ਪੇਪਰ ਕਰਵਾਇਆ ਗਿਆ ਸੀ ਉਸ ਵਿੱਚ ਜੌੜਾ ਸੈਂਟਰ ਵਿਚ ਜਿਹਨਾਂ 39 ਵਿਦਿਆਰਥੀਆਂ ਨੇ ਪੇਪਰ ਪਾਇਆ ਸੀ ਕਲੱਬ ਵੱਲੋਂ ਉਨ੍ਹਾਂ ਨੂੰ ਪ੍ਰਸੰਸਾ ਪੱਤਰ ਨਾਲ ਅਤੇ ਪਹਿਲੇ ਦੂਸਰੇ ਤੀਸਰੇ ਸਥਾਨ ਆਉਣ ਵਾਲੇ ਵਿਦਿਆਰਥੀਆਂ ਦਾ ਖਾਸ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਜਤਿੰਦਰਜੀਤ ਸਿੰਘ ਪੰਜਾਬ ਪੁਲਸ, ਸਤੀਸ਼ ਜੌੜਾ, ਵਿਪਨ ਲਾਖਾ, ਲਵ, ਜੋਰਾ, ਗੋਰਾ, ਸੋਨੂੰ ਜਸਵੀਰ ਜੌੜਾ,ਮਾਸਟਰ ਕੁਲਵੀਰ, ਅਰਵਿੰਦ, ਪ੍ਰੋਸ਼ਤਮ ਪੰਜਾਬ ਪੁਲਸ,ਤਨੀ, ਗੋਰਵ, ਸੁੱਖਾ, ਜੱਸੀ, ਸੁਨੀਲ, ਟੋਨੀ, ਲੱਬਾ, ਰੋਹਿਤ, ਹੈਪੀ ਲਾਖਾ, ਸੁਧੀਰ, ਮਨਪ੍ਰੀਤ ਮੰਨਾ, ਕਮਲ ਇੰਦਰ ਲਾਖਾ ਆਦਿ ਸ਼ਾਮਿਲ ਹੋਏ।

# ਡਾ. ਜਗਦੀਪ ਚਾਵਲਾ ਨੇ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ



**ਜਲੰਧਰ (ਸ਼ੈਲੀ ਐਲਬਰਟ)**- ਡਾ. ਜਗਦੀਪ ਚਾਵਲਾ ਵਲੋਂ ਸਿਵਲ ਸਰਜਨ ਜਲੰਧਰ ਵਜੋਂ ਅਹੁਦਾ ਸੰਭਾਲਿਆ ਗਿਆ। ਉਹ ਸਰਜਰੀ ਦੇ ਸਪੈਸ਼ਲਿਸਟ ਹਨ । ਉਨ੍ਹਾਂ ਵਲੋਂ ਸਿਹਤ ਵਿਭਾਗ ਪੰਜਾਬ 'ਚ ਸਾਲ 15 ਦਸੰਬਰ, 1993 ਤੋਂ ਜ਼ਿਲ੍ਹਾ ਸੰਗਰੂਰ ਪੀ.ਐਚ.ਸੀ. ਅਮਰਗੜ੍ਹ ਤੋਂ ਆਪਣੀਆਂ ਸੇਵਾਵਾਂ ਦਾ ਸਫਰ ਸ਼ੁਰੂ ਕੀਤਾ ਗਿਆ । ਉਨ੍ਹਾਂ ਨੇ ਪੀ.ਐਚ.ਸੀ. ਖੁਈ ਖੇੜਾ ਫਾਜ਼ਿਲਕਾ, ਪੀ.ਐਚ.ਸੀ. ਜੰਡ ਸਾਹਿਬ ਮਲੋਟ ਵਿਖੇ ਸੇਵਾਵਾਂ ਦਿੱਤੀਆਂ ਅਤੇ ਸਾਲ 2017 ਤੋਂ ਉਹ ਮੁਕਤਸਰ ਜ਼ਿਲ੍ਹੇ ਵਿੱਚ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਸੇਵਾਵਾਂ ਨਿਭਾਅ ਰਹੇ ਸਨ । ਡਾ. ਚਾਵਲਾ ਨੇ ਸਿਵਲ ਸਰਜਨ ਜਲੰਧਰ ਦਾ ਅਹੁਦਾ ਸੰਭਾਲਣ ਤੋਂ ਬਾਅਦ ਕਿਹਾ ਕਿ ਜ਼ਿਲ੍ਹੇ ਦੀਆਂ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣਾ ਉਹਨਾਂ ਦਾ ਮੁੱਖ ਮੰਤਵ ਹੋਵੇਗਾ। ਸਹਾਇਕ ਸਿਵਲ ਸਰਜਨ ਡਾ. ਜੋਤੀ ਫੁਕੇਲਾ, ਜ਼ਿਲ੍ਹਾ ਟੀਕਾਕਰਨ ਡਾ. ਰਾਕੇਸ਼ ਚੋਪੜਾ, ਡੀ.ਡੀ.ਐਚ.ਓ. ਡਾ. ਬਲਜੀਤ ਕੌਰ ਰੂਬੀ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਜੋਤੀ ਸ਼ਰਮਾ, ਐਸ.ਐਮ.ਓ. ਡਾ. ਗੁਰਮੀਤ ਲਾਲ, ਐਸ.ਐਮ.ਓ. ਡਾ. ਸੁਰਜੀਤ ਸਿੰਘ, ਐਸ.ਐਮ.ਓ. ਡਾ. ਪਰਮਜੀਤ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਆਦਿਤਯਪਾਲ, ਡਿਪਟੀ ਮਾਸ ਮੀਡੀਆ ਅਫ਼ਸਰ ਅਸੀਮ ਸ਼ਰਮਾ, ਜਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਨੀਰਜ ਸ਼ਰਮਾ ਵੱਲੋਂ ਸਵਾਗਤ ਕੀਤਾ ਗਿਆ । ਇਸ ਮੌਕੇ ਡਾ. ਰਸ਼ਮੀ ਚਾਵਲਾ ਸੀਨੀਅਰ ਮੈਡੀਕਲ ਅਫ਼ਸਰ ਗਿੱਦੜਬਾਹਾ, ਡਾ. ਪ੍ਰਭਜੀਤ ਸਿੰਘ ਸਹਾਇਕ ਸਿਵਲ ਸਰਜਨ ਮੁਕਤਸਰ, ਡਾ. ਅਵਨੀਸ਼ ਭਗਤ ਆਈ.ਐਸ.ਏ. ਇੰਡੀਅਲ ਸੋਸਾਇਟੀ ਆਫ਼ ਐਨੇਸਥੀਸੀਆ, ਪ੍ਰੋਗਰਾਮ ਅਫ਼ਸਰ ਆਈ.ਈ.ਸੀ. ਡੀ.ਐਚ.ਐਸ. ਚੰਡੀਗੜ੍ਹ ਹਰਚਰਨ ਸਿੰਘ ਬਰਾੜ ਮੌਜੂਦ ਸਨ ।

## ਹੇਲਰਾਂ ਵਿਖੇ ਫ੍ਰੀ ਮੈਡੀਕਲ ਕੈਂਪ ਲਗਾਇਆ



**ਕਰਤਾਰਪੁਰ (ਹਰਮੇਸ ਦੱਤ)** ਨਜਦੀਕੀ ਪਿੰਡ ਹੇਲਰਾ ਵਿਖੇ ਸਮਾਜ ਸੇਵੀ ਸੰਸਥਾ ਆਪੀ ਚੈਰੀਟੇਬਲ ਹਸਪਤਾਲ ਦੀ ਮੈਡਮ ਸੁਮਨਲਤਾ ਕਲਹਣ ਦੀ ਦੇਖ ਰੇਖ ਵਿੱਚ ਫ੍ਰੀ 131ਵਾਂ ਐਸ.ਵੀ.ਪੀ.ਮੈਡੀਕਲ ਕੈਂਪ ਲਗਾਇਆ ਗਿਆ। ਡਾਕਟਰ ਰੂਹੀ ਅਰੋੜਾ ਤੇ ਡਾਕਟਰ ਰੋਹਿਤ ਦੀ ਟੀਮ ਦੁਆਰਾ 72 ਮਰੀਜ਼ਾਂ ਦੀ ਜਾਂਚ ਕਰਕੇ ਫ੍ਰੀ ਦਵਾਈਆ ਵੰਡੀਆਂ ਗਈਆਂ। ਕਈ ਤਰ੍ਹਾਂ ਦੇ ਟੈਸਟ ਵੀ ਕੀਤੇ ਗਏ। ਕੈਂਪ ਦੀ ਸ਼ੁਰੂਆਤ ਸਰਪੰਚ ਵਿਕਾਸ ਸ਼ਰਮਾ ਅਤੇ ਮੈਡਮ ਸੁਮਨਲਤਾ ਕਲਹਣ ਨੇ ਰਿਬਨ ਕੱਟ ਕੇ ਕੀਤੀ। ਇਸ ਮੌਕੇ ਸਰਪੰਚ ਵਿਕਾਸ ਸ਼ਰਮਾ, ਦਲਵਿੰਦਰ ਦਿਆਲਪੁਰੀ,ਅਜੀਤ ਸਿੰਘ,ਨੰਬਰਦਾਰ ਕ੍ਰਿਪਾਲ ਸਹੋਤਾ,ਗੁਰਮੇਲ ਸਿੰਘ ਪੁਰੇਵਾਲ,ਪ੍ਰਗਟ ਸਿੰਘ,ਸਤਵਿੰਦਰ ਸਿੰਘ,ਬਲਰਾਜ ਸਿੰਘ ਪੰਚ,ਸੋਢੀ ਸਿੰਘ ਆਦਿ ਹਾਜਰ ਸਨ।

# ਸਰਦੀ ਦੇ ਮੌਸਮ 'ਚ ਬੱਚਿਆਂ ਦਾ ਖਾਸ ਖਿਆਲ ਰੱਖਿਆ ਜਾਵੇ : ਡਾ. ਸੂਰੀ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )**- ਸਰਦੀ ਦਾ ਮੌਸਮ ਸ਼ੁਰੂ ਹੋਣ ਸਮੇਂ ਆਪਣੇ ਬੱਚਿਆਂ ਦਾ ਖਾਸ ਖਿਆਲ ਰੱਖੋ ਤਾਂ ਜੋ ਛੋਟੇ ਬੱਚਿਆਂ ਨੂੰ ਠੰਡ ਤੋਂ ਬਚਾਇਆ ਜਾ ਸਕੇ ਅਤੇ ਇਸ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਵੀ ਦੂਰ ਰੱਖਿਆ ਜਾ ਸਕੇ। ਇਸ ਸਬੰਧੀ ਸੂਰੀ ਹਸਪਤਾਲ ਬਲਾਚੌਰ ਦੇ ਡਾ:ਅਮਨਦੀਪ ਸੂਰੀ ਦੱਸਿਆ ਕਿ ਮਾਵਾਂ ਨੂੰ ਦੁੱਧ ਪਿਲਾਉਣ ਦੇ ਨਾਲ-ਨਾਲ ਆਪਣੇ ਬੱਚਿਆਂ ਨੂੰ ਪੌਸ਼ਟਿਕ ਭੋਜਨ ਜਿਵੇਂ ਦਾਲ ਪਾਣੀ, ਰੋਟੀਆਂ, ਦਲੀਆ ਆਦਿ ਵੀ ਖੁਆਉਣਾ ਚਾਹੀਦਾ ਹੈ । ਦੋ ਸਾਲ ਤੱਕ ਆਪਣੇ ਬੱਚਿਆਂ ਨੂੰ ਸਿਰਫ਼ ਦੁੱਧ 'ਤੇ ਹੀ ਨਿਰਭਰ ਰੱਖਣ ਵਾਲੀ ਮਾਂ ਕੁਪੋਸ਼ਣ ਦਾ ਸ਼ਿਕਾਰ ਹੋ ਸਕਦੀ ਹੈ। ਮੌਸਮ ਨੇ ਕਰਵਟ ਲਈ ਹੈ ਜੇਕਰ ਬੱਚੇ ਦੇ ਪੈਰ ਅਤੇ ਪੇਟ ਠੰਡੇ ਹੋਣ ਤਾਂ ਬੱਚਾ ਬਿਮਾਰ ਹੈ। ਉਨ੍ਹਾਂ ਮਾਵਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਦੁੱਧ ਦੇ ਨਾਲ-ਨਾਲ ਪਾਣੀ ਵੀ ਪਿਲਾਉਣ। ਉਨ੍ਹਾਂ ਗਰਭਵਤੀ ਔਰਤਾਂ ਨੂੰ ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਦਵਾਈਆਂ ਲੈਣ ਲਈ ਵੀ ਕਿਹਾ।ਉਨ੍ਹਾਂ ਕਿਹਾ ਠੰਡ ਵਿਚ ਖੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ, ਜਿਸ ਨਾਲ ਦਿਲ 'ਤੇ ਦਬਾਅ ਪੈਂਦਾ ਹੈ ਅਤੇ ਇਸ ਲਈ ਠੰਡ ਵਿਚ ਵੀ ਆਪਣੇ ਆਪ ਨੂੰ ਐਕਟਿਵ ਰੱਖਣਾ ਜ਼ਰੂਰੀ ਹੈ, ਜੇਕਰ ਤੁਸੀਂ ਬਾਹਰ ਨਹੀਂ ਜਾ ਸਕਦੇ ਤਾਂ ਘਰ ਵਿਚ ਹੀ ਕਸਰਤ ਅਤੇ ਹੋਰ ਸਰੀਰਕ ਗਤੀਵਿਧੀਆਂ ਕਰੋ। ? ਸ਼ਰਾਬ ਅਤੇ ਸਿਗਰਟ ਦਾ ਸੇਵਨ ਨਾ ਕਰੋ, ਕਿਉਂਕਿ ਇਹ ਠੰਡੇ ਤਾਪਮਾਨ ਪ੍ਰਤੀ ਸੰਵੇਦਨਸ਼ੀਲਤਾ ਵਧਾਉਂਦੇ ਹਨ, ਜੋ ਕਿ ਦਿਲ ਦੀਆਂ ਬਿਮਾਰੀਆਂ ਲਈ ਵੱਡਾ ਖਤਰਾ ਹੈ।ਸੰਤੁਲਿਤ ਭੋਜਨ ਖਾਓ ਜਿਸ ਵਿੱਚ ਚਰਬੀ ਦੀ ਮਾਤਰਾ ਨੂੰ ਸੀਮਤ ਕਰਨਾ ਅਤੇ ਕਈ ਤਰ੍ਹਾਂ ਦੇ ਫਲ ਅਤੇ ਸਬਜ਼ੀਆਂ ਸ਼ਾਮਲ ਹਨ। ਨਟਸ, ਪੋਲਟਰੀ, ਸਾਬਤ ਅਨਾਜ ਵਰਗੇ ਭੋਜਨ ਨੂੰ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਖੰਡ, ਸੋਡੀਅਮ ਅਤੇ ਟ੍ਰਾਂਸ ਫੈਟ ਵਾਲੇ ਭੋਜਨਾਂ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ।

## ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਨੂੰ ਸਮਰਪਤ ਸਮਾਗਮ

**ਆਦਮਪੁਰ ( ਪਰਮਜੀਤ ਸਿੰਘ )**: ਆਦਮਪੁਰ ਦੇ ਨਜਦੀਕੀ ਪਿੰਡ ਖੋਜਕੀਪੁਰ ਨੰਗਲ ਸਲਾਲਾ ਵਿਖੇ ਗੁਰਦੁਆਰਾ ਬਾਵਾ ਟਾਹਲੀ ਦੇ ਸਥਾਨ 'ਤੇ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਸਮੂਹ ਕਮੇਟੀ ਮੈਂਬਰਾਂ ਤੇ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਚਾਰ ਸਾਹਿਬਜਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ ! ਭਾਈ ਅੰਮ੍ਰਿਤਪਾਲ ਸਿੰਘ ,ਭਾਈ ਹਰਵਿੰਦਰ ਸਿੰਘ ਸੋਢੀ ਮਨਸੂਰਪੁਰ ਵਡਾਲਾ ਵਾਲਿਆਂ ਦੇ ਜਥਿਆਂ ਵਲੋਂ ਕਥਾ ਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਸੰਗਤ ਨੂੰ ਦੁੱਧ ਤੇ ਗੁਰੂ ਕਾ ਅਤੁੱਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਸਾਬਕਾ ਸਰਪੰਚ ਕੇਵਲ ਸਿੰਘ, ਜਗਦੀਸ਼ ਸਿੰਘ,ਗੁਰਜੀਤ ਸਿੰਘ, ਸਾਧੂ ਸਿੰਘ, ਇੰਦਰਜੀਤ ਸਿੰਘ ਨੰਬਰਦਾਰ, ਮਹਿੰਦਰ ਸਿੰਘ , ਸਰਵਣ ਸਿੰਘ , ਜਗਵਿੰਦਰ ਸਿੰਘ ਸਿੱਧੂ, ਕੇਵਲ ਸਿੰਘ ਜਸਵੀਰ ਸਿੰਘ ਹੈੱਡ ਗ੍ਰੰਥੀ ਹਾਜ਼ਰ ਸਨ।

## ਸਕੂਲਾਂ 'ਚ ਰਾਜਨੀਤਕ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕਰਾਂਗੇ : ਅਧਿਆਪਕ ਯੂਨੀਅਨ



**ਸੁਲਤਾਨਪੁਰ ਲੋਧੀ (ਹਨੀ, ਬਲਵਿੰਦਰ ਸਿੰਘ ਧਾਲੀਵਾਲ)**- ਪਿਛਲੇ ਦਿਨਾਂ ਤੋਂ ਬਲਾਕ ਸੁਲਤਾਨਪੁਰ ਲੋਧੀ ਵਿੱਚ ਅਧਿਆਪਕਾਂ ਅਤੇ ਹਲਕਾ ਇੰਚਾਰਜ ਦੇ ਪੀ.ਏ. ਦਰਮਿਆਨ ਚੱਲ ਰਹੇ ਵਿਵਾਦ ਸਬੰਧੀ ਈ.ਟੀ.ਟੀ.ਅਧਿਆਪਕ ਯੂਨੀਅਨ ਪੰਜਾਬ ਦੀ ਇਕਾਈ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਗੁਰਮੇਜ ਸਿੰਘ, ਸੂਬਾ ਕਮੇਟੀ ਮਬਰ ਦਲਜੀਤ ਸੈਣੀ ਫਗਵਾੜਾ ਨੇ ਕਿਹਾ ਕਿ ਸਕੂਲਾਂ ਵਿੱਚ ਰਾਜਨੀਤਿਕ ਸ਼ਹਿ ਤੇ ਅਧਿਆਪਕਾਂ ਅੰਦਰ ਬਣਾਏ ਜਾ ਰਹੇ ਡਰ ਦੇ ਮਹੌਲ ਨੂੰ ਜਥੇਬੰਦੀ ਬਰਦਾਸ਼ਤ ਨਹੀਂ ਕਰੇਗੀ ਅਤੇ ਜਿਸ ਤਰ੍ਹਾਂ ਸੁਲਤਾਨਪੁਰ ਲੋਧੀ ਦੇ ਇੱਕ ਸਕੂਲ ਵਿੱਚੋਂ ਅਧਿਆਪਕ ਨੂੰ ਨੇੜਲੇ ਸਟੇਸ਼ਨ 'ਤੇ ਭੇਜਣ ਲਈ ਸਕੂਲ ਦੇ ਖਾਲੀ ਹੋਣ ਦੀ ਵੀ ਪ੍ਰਵਾਹ ਨਹੀਂ ਕੀਤੀ ਜਾ ਰਹੀ ਅਜਿਹੀ ਪ੍ਰਪੰਰਾ ਨਾਲ ਪਹਿਲਾਂ ਤੋਂ ਹੀ ਅਧਿਆਪਕਾਂ ਦੀ ਘਾਟ ਨਾਲ ਜੂਝ ਰਹੇ ਸਰਕਾਰੀ ਸਕੂਲਾਂ ਦੀ ਦਸ਼ਾ ਹੋਰ ਗੰਭੀਰ ਹੋ ਜਾਵੇਗੀ। ਉਹਨਾਂ ਕਿਹਾ ਜਥੇਬੰਦੀ ਸਾਂਝੇ ਅਧਿਆਪਕ ਮੋਰਚੇ ਵੱਲੋਂ ਸੁਲਤਾਨਪੁਰ ਲੋਧੀ ਵਿੱਚ ਕੀਤੇ ਜਾਣ ਵਾਲੇ ਹਰ ਐਕਸ਼ਨ ਵਿੱਚ ਨਾਲ ਖੜੀ ਹੋਵੇਗੀ ਅਤੇ ਜਦ ਤੱਕ ਸਕੂਲ ਵਿੱਚ ਜਾ ਕੇ ਹੁਲੜਬਾਜੀ ਕਰਨ ਵਾਲੇ ਅਨਸਰਾਂ 'ਤੇ ਕਾਰਵਾਈ ਨਹੀਂ ਹੁੰਦੀ ਤਦ ਤੱਕ ਜਥੇਬੰਦੀ ਚੁੱਪ ਨਹੀਂ ਬੈਠੇਗੀ। ਇਸ ਮੌਕੇ 'ਤੇ ਲਖਵਿੰਦਰ ਸਿੰਘ ,ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ, ਦਵਿੰਦਰ ਸਿੰਘ, ਸੁਖਦੇਵ ਸਿੰਘ, ਕਰਮਜੀਤ ਗਿੱਲ, ਪਰਮਜੀਤ ਸਿੰਘ, ਸ਼ਿੰਦਰ ਸਿੰਘ, ਅਮਨਦੀਪ ਸਿੰਘ, ਮਨਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਆਦਿ ਹਾਜਰ ਸਨ।

## ਰੋਲੂਮਾਜਰਾ ਸਕੂਲ ਨੇ ਮੈਗਾ ਪੀ ਟੀ ਐੱਮ ਕੀਤੀ

**ਮੋਰਿੰਡਾ ( ਜੈਜ਼ੀ ਸਰਦਾਰ )**-ਸਰਕਾਰੀ ਮਿਡਲ ਸਕੂਲ ਮੋਰਿੰਡਾ ਵੱਲੋਂ ਅਧਿਆਪਕ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਮੈਗਾ ਮਾਪੇ - ਅਧਿਆਪਕ ਮਿਲਣੀ ਕਰਵਾਈ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਆਪਣੇ ਵਿਰਸੇ ਦੀ ਸੰਭਾਲ ਦੀ ਝਲਕ ਪੇਸ਼ ਕਰਦਿਆਂ, ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਕੂਲ ਦੀ ਮੁੱਖ ਅਧਿਆਪਕਾ ਮੈਡਮ ਕੰਚਨ ਰਾਣਾ ਵੱਲੋਂ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਮਾਡਲਾਂ ਨੂੰ ਬੜੇ ਸੁਚੱਜੇ ਢੰਗ ਨਾਲ ਰੱਖਿਆ ਗਿਆ ਸੀ।ਸਕੂਲ ਦੀ ਆਕਰਸ਼ਕ ਡਿਜੀਟਲ ਡਿਸਪਲੇਅ ਦੀ ਜਿੰਮੇਵਾਰੀ ਬਾਖੂਬੀ ਢੰਗ ਨਾਲ ਮੈਡਮ ਨਰਿੰਦਰ ਕੌਰ ਕੰਗ ਵੱਲੋਂ ਕੀਤੀ ਗਈ । ਮੀਟਿੰਗ ਦੇ ਕੋਆਰਡੀਨੇਟਰ ਮਨਮੋਹਨ ਸਿੰਘ ਨੇ ਵਿਦਿਆਰਥੀਆਂ ਦੀਆਂ ਵਿਦਿਅਕ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਸਬੰਧੀ ਜਾਣਕਾਰੀਆਂ ਨੂੰ ਮਾਪਿਆਂ ਅਤੇ ਆਏ ਮਹਿਮਾਨਾਂ ਨਾਲ ਸਾਂਝਾ ਕੀਤਾ। ਵਿਦਿਆਰਥੀਆਂ ਨੂੰ ਸਾਹਿਤ ਪੜਨ ਦੀ ਰੁਚੀ ਨੂੰ ਦਰਸਾਉਣ ਲਈ ਸਕੂਲ ਪ੍ਰਬੰਧਕਾਂ ਵੱਲੋਂ ਸਕੂਲੀ ਅਤੇ ਸਮਾਜਿਕ ਵਿਸ਼ਿਆਂ ਨਾਲ ਸਬੰਧਿਤ ਕਿਤਾਬਾਂ ਨੂੰ ਵਧੀਆ ਢੰਗ ਨਾਲ ਸਜਾਇਆ ਗਿਆ ਸੀ।ਸਮਾਗਮ ਵਿਚ ਸ਼ਾਮਲ ਮਾਪਿਆਂ ਨਾਲ, ਆਪਣੇ ਬੱਚਿਆਂ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੇਵਾ ਮੁਕਤ ਪ੍ਰਿੰਸੀਪਲ ਅਮਰਜੀਤ ਸਿੰਘ ਕੰਗ ਵੱਲੋਂ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਹੁੰਦਿਆਂ, ਉਹਨਾਂ ਦੇ ਸਰਬਪੱਖੀ ਵਿਕਾਸ ਲਈ ਕੁੱਝ ਨੁਕਤੇ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੂੰ ਚੰਗੀਆਂ ਕਿਤਾਬਾਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਦਿਆਂ ਦੱਸਿਆ ਕਿ ਚੰਗੀਆਂ ਕਿਤਾਬਾਂ ਪੜ੍ਹਨਾ, ਵਧੀਆ ਬੰਦਿਆਂ ਨਾਲ ਗੱਲਾਂ ਕਰਨ ਦੇ ਬਰਾਬਰ ਹੁੰਦਾ ਹੈ । ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ ਬਲਜੀਤ ਸਿੰਘ ( ਜੇ. ਈ) ਪਨਸਪ ਵੱਲੋਂ ਸਕੂਲ ਲਈ ਕੀਤੀ ਗਈ ਸ਼ੋਸ਼ਲ ਸਹਾਇਤਾ ਲਈ ਅਤੇ ਚੋਣਵੇਂ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਮਾਣ-ਮੱਤੀਆਂ ਪ੍ਰਾਪਤੀਆਂ ਲਈ ,ਸਕੂਲ ਪ੍ਰਬੰਧਕਾਂ ਅਤੇ ਪਿੰਡ ਦੇ ਸਾਬਕਾ ਸਰਪੰਚ ਅਤੇ ਸੇਵਾ ਮੁਕਤ ਇੰਜੀਨੀਅਰ ਮੇਵਾ ਸਿੰਘ ਅਤੇ ਅਮਰਜੀਤ ਸਿੰਘ ਕੰਗ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਐਸ. ਐਮ. ਸੀ.ਕਮੇਟੀ ਦੀ ਚੇਅਰਪਰਸਨ ਬੇਬੀ ਕੌਰ,ਪ੍ਰਾਇਮਰੀ ਹੈੱਡ ਟੀਚਰ ਲਖਵਿੰਦਰ ਸਿੰਘ ਅਤੇ ਦੂਜੇ ਮੈਂਬਰ ਵੀ ਹਾਜ਼ਰ ਸਨ।

# ਪੈਨਸ਼ਨਰ ਦਿਵਸ ਸਮੇਂ ਪੈਨਸ਼ਨਰਾਂ ਨੂੰ ਕੀਤਾ ਸਨਮਾਨਤ



**ਫਗਵਾੜਾ (ਡਾ. ਰਮਨ)**-ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸਨ ਫਗਵਾੜਾ ਵਲੋਂ ਰੈਸਟ ਹਾਊਸ ਫਗਵਾੜਾ ਵਿਖੇ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਪੈਨਸਨਰ ਦਿਵਸ ਮਨਾਇਆ ਗਿਆ। ਪੈਨਸਨਰ ਦਿਵਸ ਮਨਾਉਣ ਦੀ ਸਮੁੱਚੀ ਕਾਰਵਾਈ ਨੂੰ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਚਲਾਇਆ। ਪੈਨਸ਼ਨਰ ਦਿਵਸ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪ੍ਰਿੰਸੀਪਲ ਜਤਿੰਦਰ ਸਿੰਘ ਸੱਗੂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਬਕਾ ਪ੍ਰਧਾਨ ਅਤੇ ਪੈਨਸ਼ਨਰ ਆਗੂ ਕਰਨੈਲ ਸਿੰਘ ਸੰਧੂ ਅਤੇ ਏਡਿਡ ਸਕੂਲਾਂ ਦੀ ਪੈਨਸ਼ਨਰਜ਼ ਜਥੇਬੰਦੀ ਦੇ ਆਗੂ ਪ੍ਰਭਾਤ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਨਿੱਜੀਕਰਨ ਦੀਆਂ ਨੀਤੀਆਂ ਤੇ ਚੱਲਦੀ ਹੋਈ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਮਿਲਦੀਆਂ ਸਹੂਲਤਾਂ ਖੋਹਣ ਦੇ ਰਾਹ 'ਤੇ ਤੁਰੀਆਂ ਹੋਈਆਂ ਹਨ ਅਤੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰ ਰਹੀਆਂ ਹਨ। ਉਨ੍ਹਾਂ ਪੈਨਸ਼ਨਰ ਦਿਵਸ ਸੰਬੰਧੀ ਪੈਨਸ਼ਨਰਾਂ ਨੂੰ ਜਾਗਰੂਕ ਕਰਦੇ ਹੋਏ ਵੱਡੇ ਪੱਧਰ 'ਤੇ ਲਾਮਬੰਦ ਹੋ ਕੇ ਆਪਣੀਆਂ ਮਿਲਦੀਆਂ ਸਹੂਲਤਾਂ ਨੂੰ ਬਚਾਉਣ ਲਈ ਸੰਘਰਸ਼ਾਂ ਵਿੱਚ ਕੁੱਦਣ ਦਾ ਸੱਦਾ ਵੀ ਦਿੱਤਾ। ਆਗੂਆਂ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਹਰ ਵਿਭਾਗ ਦੇ ਕੱਚੇ ਮੁਲਾਜ਼ਮਾਂ ਨੂੰ ਤੁਰੰਤ ਪੂਰੇ ਪੂਰੇ ਗਰੇਡਾਂ ਵਿੱਚ ਰੈਗੂਲਰ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਛੇਵੇਂ ਪੇ ਕਮਿਸ਼ਨ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 66 ਮਹੀਨਿਆਂ ਦੇ ਬਕਾਏ ਤੁਰੰਤ ਦਿੱਤੇ ਜਾਣ, ਡੀ ਏ ਦੀਆਂ ਰਹਿੰਦੀਆਂ ਬਾਰਾਂ ਪ੍ਰਤੀਸ਼ਤ ਦੀਆਂ ਕਿਸਤਾਂ ਅਤੇ ਪਿਛਲਾ ਬਕਾਇਆ ਦਿੱਤਾ ਜਾਵੇ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਦਿੱਤਾ ਜਾਵੇ, ਮੈਡੀਕਲ ਭੱਤਾ 2000 ਰੁਪਏ ਮਹੀਨਾ ਕੀਤਾ ਜਾਵੇ, ਕੈਸ਼ ਲੈੱਸ ਹੈਲਥ ਸਕੀਮ ਸੋਧ ਕੇ ਲਾਗੂ ਕੀਤੀ ਜਾਵੇ ਆਦਿ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਪੰਜਾਬ ਸਰਕਾਰ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ। ਇੱਕ ਵੱਖਰਾ ਮਤਾ ਪਾਸ ਕਰਕੇ ਮੰਗ ਕੀਤੀ ਕਿ ਏਡਿਡ ਸਕੂਲਾਂ ਦੇ ਪੈਨਸ਼ਨਰਾਂ 'ਤੇ ਛੇਵਾਂ ਪੇ ਕਮਿਸ਼ਨ ਤੁਰੰਤ ਲਾਗੂ ਕਰਕੇ ਪੈਨਸਸ਼ਨਾਂ ਸੋਧ ਕੇ ਜਾਰੀ ਕੀਤੀਆਂ ਜਾਣ। ਦੂਜੇ ਮਤੇ ਰਾਹੀਂ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਚੱਲ ਰਹੇ ਕਲਮ ਛੋੜ ਅਤੇ ਕੰਪਿਊਟਰ ਬੰਦ ਰੱਖਣ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਦੋ ਧਿਰੀ ਗੱਲਬਾਤ ਕਰਦੇ ਹੋਏ ਹੱਕੀ ਅਤੇ ਜਾਇਜ਼ ਮੰਗਾਂ ਦਾ ਨਿਪਟਾਰਾ ਤੁਰੰਤ ਕੀਤਾ ਜਾਵੇ ਤਾਂ ਜੋ ਦਫਤਰਾਂ ਵਿੱਚ ਕੰਮਕਾਜ ਦਾ ਸੁਖਾਵਾਂ ਮਾਹੌਲ ਬਣ ਸਕੇ ਅਤੇ ਆਮ ਲੋਕਾਂ ਦੀ ਖੱਜਲ ਖੁਆਰੀ ਬੰਦ ਹੋਵੇ । ਅਮਰੀਕਨ ਸਾਮਰਾਜ ਵਲੋਂ ਫਲਸਤੀਨੀ ਲੋਕਾਂ 'ਤੇ ਇਜ਼ਰਾਈਲ ਰਾਹੀਂ ਠੋਸੀ ਗਈ ਜੰਗ ਨੂੰ ਇਨਸਾਨੀਅਤ ਨੂੰ ਬਚਾਉਣ ਲਈ ਤੁਰੰਤ ਬੰਦ ਕਰਨ ਦੀ ਮੰਗ ਵੀ ਕੀਤੀ ਗਈ। ਪੈਨਸਨਰ ਦਿਵਸ ਦੇ ਆਖਰ ਵਿੱਚ ਜ਼ਿੰਦਗੀ ਦੀਆਂ ਅੱਸੀ ਤੋਂ ਉੱਪਰ ਬਹਾਰਾਂ ਮਾਣ ਚੁੱਕੇ ਪੈਨਸਨਰਾਂ ਸਾਧੂ ਰਾਮ ਜੱਖੂ, ਕ੍ਰਿਸ਼ਨ ਗੋਪਾਲ ਚੋਪੜਾ, ਪ੍ਰੀਤਮ ਸਿੰਘ ਆਜ਼ਾਦ, ਸੋਹਣ ਲਾਲ, ਹਰਭਜਨ ਸਿੰਘ, ਲਛਮਣ ਦਾਸ ਅਤੇ ਸ੍ਰੀਮਤੀ ਹਰਕੰਵਲ ਆਦਿ ਨੂੰ ਸਨਮਾਨ ਚਿੰਨ੍ਹ ਅਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ। ਆਖਰ ਵਿੱਚ ਪ੍ਰਧਾਨ ਮੋਹਣ ਸਿੰਘ ਭੱਟੀ ਨੇ ਆਏ ਸਮੂਹ ਪੈਨਸ਼ਨਰਾਂ ਦਾ ਧੰਨਵਾਦ ਕਰਦੇ ਹੋਏ ਅਪੀਲ ਕੀਤੀ ਕਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਪਹਿਲੀ ਜਨਵਰੀ ਤੋਂ ਪੰਦਰਾਂ ਫਰਵਰੀ ਤੱਕ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ ਦੇ ਘਰਾਂ ਦੀ ਕੀਤੇ ਜਾ ਰਹੇ ਘਿਰਾਓ ਦੇ ਐਕਸ਼ਨ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇ ਤਾਂ ਜੋ ਮੰਗਾਂ ਨੂੰ ਮੰਨਵਾਉਣ ਲਈ ਪੰਜਾਬ ਸਰਕਾਰ 'ਤੇ ਭਾਰੀ ਦਬਾਅ ਬਣਾਇਆ ਜਾ ਸਕੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੀਤਲ ਰਾਮ ਬੰਗਾ, ਰਵਿੰਦਰ ਪਾਲ ਕੌਰ ਸੰਧੂ, ਅਵਤਾਰ ਕੌਰ ਕੌੜਾ, ਦਲਜੀਤ ਸਿੰਘ, ਰਤਨ ਸਿੰਘ, ਗੁਰਨਾਮ ਸਿੰਘ ਸੈਣੀ, ਸਾਧੂ ਰਾਮ ਜੱਖੂ, ਕ੍ਰਿਸ਼ਨ ਗੋਪਾਲ ਚੋਪੜਾ, ਇੰਦਰਜੀਤ ਕੁਮਾਰ, ਸੁਖਜਿੰਦਰ ਸਿੰਘ ਧਾਲੀਵਾਲ, ਕਰਤਾਰ ਕੌਰ, ਹਰਭਜਨ ਲਾਲ, ਭੁਪਿੰਦਰ ਸਿੰਘ ਧਨੀ, ਪ੍ਰਭਾਤ ਕੁਮਾਰ, ਮਹਿੰਦਰ ਰਾਮ ਗੁੱਡਾ, ਸੋਹਣ ਲਾਲ, ਰੇਸ਼ਮ ਲਾਲ, ਪੂਨਮ, ਜਸਵਿੰਦਰ ਕੌਰ, ਨੀਲਮ ਰਾਣੀ, ਐੱਚ.ਐੱਸ.ਰਾਣਾ, ਸੁਸ਼ੀਲ ਕੁਮਾਰ ਅਤੇ ਪ੍ਰਮੋਦ ਕੁਮਾਰ ਜੋਸ਼ੀ ਆਦਿ ਪੈਨਸ਼ਨਰ ਸਾਥੀ ਹਾਜ਼ਰ ਹੋਏ।

## ਵੀਰ ਸੈਨਿਕਾਂ ਦਾ ਦੇਸ਼ ਹਮੇਸ਼ਾ ਰਿਣੀ ਰਹੇਗਾ : ਸੰਜੀਵ ਅਰੋੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-1971 ਦੇ ਯੁੱਧ ਵਿੱਚ ਸ਼ਹੀਦ ਹੋਏ ਵੀਰ ਸੈਨਿਕਾਂ ਨੂੰ ਯਾਦਗਰੀ ਵਿਜੈ ਦਿਵਸ ਦੇ ਮੌਕੇ 'ਤੇ ਭਾਰਤ ਵਿਕਾਸ ਪਰਿਸ਼ਦ ਵਲੋਂ ਵਾਰ ਮੈਮੋਰੀਅਲ ਪਹੁੰਚ ਕੇ ਵੀਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਮੈਂਬਰਾਂ ਨੇ ਪ੍ਰਧਾਨ ਰਾਜਿੰਦਰ ਮੋਦਗਿਲ ਦੀ ਪ੍ਰਧਾਨਗੀ ਵਿੱਚ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਪਰਿਸ਼ਦ ਦੇ ਪ੍ਰਾਂਤ ਕਨਵੀਨਰ (ਨੇਤਰਦਾਨ, ਖੂਨਦਾਨ) ਅਤੇ ਪ੍ਰਮੁੱਖ ਸਮਾਜ ਸੇਵਕ ਸੰਜੀਵ ਅਰੋੜਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ 1971 ਵਿੱਚ ਸਾਡੇ ਦੇਸ਼ ਦੇ ਵੀਰ ਸੈਨਿਕਾਂ ਨੇ ਜਿਸ ਤਰ੍ਹਾਂ ਸ਼ੌਰਿਆ ਅਤੇ ਵੀਰਤਾ ਦਿਖਾਉਂਦੇ ਹੋਏ ਦੇਸ਼ ਨੂੰ ਜਿੱਤ ਦਿਵਾਈ ਸੀ, ਉਸ ਦੇ ਲਈ ਪੂਰਾ ਦੇਸ਼ ਸਦਾ ਉਨ੍ਹਾਂ ਦਾ ਧੰਨਵਾਦੀ ਰਹੇਗਾ। ਉਨ੍ਹਾਂ ਨੇ ਕਿਹਾ ਕਿ ਸਾਡੇ ਦੇਸ਼ ਵਿੱਚ ਸਾਹਸੀ ਅਤੇ ਵੀਰ ਸੈਨਾ ਨੇ ਪਾਕਿਸਤਾਨ ਦੇ 91 ਹਜ਼ਾਰ ਸੈਨਿਕਾਂ ਨੂੰ ਬੰਧਕ ਬਣਾ ਲਿਆ ਸੀ ਅਤੇ ਪਾਕਿਸਤਾਨ ਨੂੰ ਨੱਕ ਸਣੇ ਚਣੇ ਚਬਾਉਣ ਲਈ ਮਜਬੂਰ ਕਰ ਦਿੱਤਾ ਸੀ। ਜਿਸ ਦੀਆਂ ਉਦਾਹਰਣਾਂ ਅੱਜ ਵੀ ਦੁਨੀਆ ਭਰ ਵਿੱਚ ਦਿੱਤੀਆਂ ਜਾਂਦੀਆਂ ਹਨ। ਅਰੋੜਾ ਨੇ ਕਿਹਾ ਕਿ ਸਾਨੂੰ ਆਪਣੇ ਵੀਰ ਸ਼ਹੀਦਾਂ ਅਤੇ ਸਰਹੱਦਾਂ 'ਤੇ ਤੈਨਾਤ ਜਵਾਨਾਂ 'ਤੇ ਮਾਣ ਹੈ ਅਤੇ ਪੂਰ ਦੇਸ਼ ਸਦਾ ਇਨ੍ਹਾਂ ਦੇ ਸਾਹਮਣੇ ਸਿਰ ਝੁਕਾਉਂਦਾ ਰਹੇਗਾ। ਇਸ ਮੌਕੇ ਪ੍ਰਧਾਨ ਰਾਜਿੰਦਰ ਮੋਦਗਿਲ ਨੇ ਕਿਹਾ ਕਿ ਸਾਡੇ ਲਈ ਬੜੇ ਭਾਗਾਂ ਵਾਲੀ ਗੱਲ ਹੈ ਕਿ ਅਸੀਂ ਭਾਰਤ ਵਰਗੇ ਦੇਸ਼ ਵਿੱਚ ਜਨਮ ਲਿਆ ਹੈ ਅਤੇ ਸਾਡੀਆਂ ਤਿੰਨੇ ਸੈਨਾਵਾਂ ਦੇਸ਼ ਦੀ ਰੱਖਿਆ ਲਈ 24 ਘੰਟੇ ਤੱਤਪਰ ਰਹਿੰਦੀਆਂ ਹਨ। ਇਸ ਮੌਕੇ ਐਚ.ਕੇ.ਨਕੜਾ, ਵਿਨੋਦ ਪਸਾਨ, ਡਾ.ਗੁਰਧੀਰ ਜਸਵਾਲ, ਜਗਦੀਸ਼ ਅਗਰਵਾਲ, ਰਮੇਸ਼ ਭਾਟੀਆ, ਰਵਿੰਦਰ ਭਾਟੀਆ, ਕੁਲਵੰਤ ਸਿੰਘ ਪਸਰੀਚਾ ਆਦਿ ਮੌਜੂਦ ਸਨ।

19-DEC-PAGE-9.qxd 12/18/2023 10:48 PM Page 1



# ਸਤਲੁਜ ਦਰਿਆ 'ਚੋਂ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਪਿੰਡ ਵਾਸੀਆਂ ਵੱਲੋਂ ਆਵਾਜ਼ ਬੁਲੰਦ



**ਨੰਗਲ (ਸੁਰਜੀਤ ਢੇਰ)**— ਇਲਾਕੇ ਵਿੱਚ ਸੱਤਲੁਜ ਦਰਿਆ ਦੇ ਨਾਲ ਲੱਗਦੇ ਪਿੰਡਾਂ ਦੀ ਜ਼ਮੀਨ ਵਿੱਚ ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਪਿੰਡਾਂ ਦੇ ਲੋਕਾਂ ਨੂੰ ਲਾਮਬੰਦ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਜੋ ਕੁਦਰਤੀ ਸਰੋਤਾਂ ਨੂੰ ਬਚਾਇਆ ਜਾ ਸਕੇ। ਸੱਤਾ ਵਿੱਚ ਆਈ ਆਪ ਸਰਕਾਰ ਦੇ ਮੰਤਰੀ ਨੇ ਚੋਣਾਂ ਤੋਂ ਪਹਿਲਾਂ ਇਲਾਕੇ ਦੇ ਲੋਕਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਲੋਕਾਂ ਦੀ ਮਰਜ਼ੀ ਤੋਂ ਬਿਨਾਂ ਮਾਈਨਿੰਗ ਨਹੀਂ ਹੋਣ ਦਿੱਤੀ ਜਾਵੇਗੀ ਪਰ ਮੌਜੂਦਾ ਸਰਕਾਰ ਨੇ ਹਜ਼ਾਰਾਂ ਏਕੜ ਜ਼ਮੀਨ ਸਵਾਂ ਨਦੀ ਤੇ ਸੱਤਲੁਜ ਦਰਿਆ ਦੀ ਵਾਹੀਯੋਗ ਜ਼ਮੀਨ ਮਾਈਨਿੰਗ ਵਿੱਚ ਪਵਾ ਦਿਤੀ ਹੈ। ਪਿੰਡ ਕਲਿਤੱਰਾ ਵਿਖੇ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਪਿੰਡ ਵਿੱਚ ਪਿੰਡ ਵਾਸੀਆਂ ਨੇ ਵੱਡਾ ਇਕੱਠ ਕਰਕੇ ਐਲਾਨ ਕੀਤਾ ਕਿ ਕਿਸੇ ਵੀ ਸੂਰਤ ਵਿੱਚ ਗੈਰ-ਕਾਨੂੰਨੀ ਮਾਈਨਿੰਗ ਨਹੀਂ ਹੋਣ ਦਿੱਤੀ ਜਾਵੇਗੀ। ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਲਾਕੇ ਵਿੱਚ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾ ਰਿਹਾ ਹੈ ਤੇ ਕੁਦਰਤੀ ਵਾਤਾਵਰਨ ਵੀ ਖਰਾਬ ਹੋ ਰਿਹਾ ਹੈ। ਸਰਕਾਰ ਤੋਂ ਕੋਈ ਵੀ ਆਸ ਨਹੀਂ ਰੱਖੀ ਜਾ ਸਕਦੀ ਹੈ। ਲੋਕਾਂ ਦੇ ਸਹਿਯੋਗ ਨਾਲ ਵਿਰੋਧ ਕੀਤਾ ਜਾਵੇਗਾ। ਇਹ ਵੀ ਫੈਸਲਾ ਮੀਟਿੰਗ ਵਿੱਚ ਕੀਤਾ ਗਿਆ ਕਿ ਮਾਨਯੋਗ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਜਾਵੇਗਾ। ਅੱਜ ਇਸ ਇਕੱਠ ਵਿੱਚ ਪਿੰਡ ਕਲਿਤੱਰਾ ਤੋਂ ਇਲਾਵਾ ਦੜੋਲੀ ਹੇਠਲੀ ਅਤੇ ਦਬਕੇਹੜਾ ਦੇ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਹਾਜ਼ਰ ਕਿਸਾਨਾਂ ਨੇ ਐਲਾਨ ਕੀਤਾ ਕਿ ਇੱਕ ਵੀ ਪੱਥਰ ਸੱਤਲੁਜ ਦਰਿਆ ਵਿਚੋਂ ਚੁੱਕਣ ਨਹੀਂ ਦਿੱਤਾ ਜਾਵੇਗਾ। ਜ਼ਮੀਨਾਂ ਬਚਾਉਣ ਲਈ ਲਹੂ ਵੀਟਵਾਂ ਸੰਘਰਸ਼ ਕੀਤਾ ਜਾਵੇਗਾ। ਪਿੰਡ ਪਿੰਡ ਗੈਰ-ਕਾਨੂੰਨੀ ਮਾਈਨਿੰਗ ਵਿਰੋਧੀ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕਾਮਰੇਡ ਦਵਿੰਦਰ ਨੰਗਲੀ, ਕਾਮਰੇਡ ਜਸਵਿੰਦਰ ਸਿੰਘ ਭੰਗਲ, ਸ਼ਿੰਗਾਰਾ ਸਿੰਘ, ਦੱਤ ਕੁਮਾਰ, ਮਾਸਟਰ ਰਮੇਸ਼ ਕੁਮਾਰ ਨੇ ਕਿਹਾ ਕਿ ਗੈਰ-ਕਾਨੂੰਨੀ ਮਾਈਨਿੰਗ ਇਲਾਕੇ ਵਿੱਚ ਲਗਾਤਾਰ ਜਾਰੀ ਹੈ। ਇਸ ਮੀਟਿੰਗ 'ਚ ਇਲਾਕੇ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਨੌਜਵਾਨੀ ਨੂੰ ਸੱਦਾ ਦਿੱਤਾ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਲਾਕੇ ਨੂੰ ਬਚਾਉਣ ਵਿੱਚ ਵੱਡਾ ਰੋਲ ਅਦਾ ਕਰਨ। ਇਸ ਮੌਕੇ ਸਰਬਨ ਸਿੰਘ ਕਲਿਤਰਾਂ, ਫੁੰਮਣ ਸਿੰਘ ਦੜੋਲੀ, ਪ੍ਰਵੀਨ ਕੁਮਾਰ ਨੰਬਰਦਾਰ, ਗੁਰਨਾਮ ਸਿੰਘ ਸਾਬਕਾ ਸਰਪੰਚ, ਭਜਨ ਸਿੰਘ, ਚੰਨਣ ਸਿੰਘ, ਰਾਮ ਲਾਲ, ਸੋਹਣ ਸਿੰਘ ਦੜੋਲੀ, ਭਾਗ ਸਿੰਘ ਦੜੋਲੀ, ਦੀਪ ਸਿੰਘ, ਜਗਤਾਰ ਸਿੰਘ, ਅਵਤਾਰ ਸਿੰਘ, ਦਰਸ਼ਨ ਸਿੰਘ ਪੰਚ, ਮਨਜੀਤ ਸਿੰਘ, ਜਰਨੈਲ, ਗੁਰਮੀਤ ਸਿੰਘ, ਬਲਵੀਰ ਸਿੰਘ ਫੌਜੀ, ਸੁਰਜੀਤ ਸਿੰਘ, ਹਰੀਓਮ ਸਮੇਤ ਹੋਰ ਪਿੰਡ ਵਾਸੀ ਹਾਜ਼ਰ ਸਨ।

## ਬਹੁਜਨ ਸਮਾਜ ਪਾਰਟੀ 24 ਨੂੰ ਕਰਵਾਏਗੀ ਪ੍ਰੋਗਰਾਮ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਵਾਂਸ਼ਹਿਰ ਵੱਲੋ 24 ਦੰਸਬਰ ਨੂੰ ਪਿੰਡ ਜਾਫਰਪੁਰ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਜਾਵੇਗਾ। ਜਿਸ ਸੰਬੰਧ ਵਿਚ ਕੇ ਸੀ ਟਾਵਰ ਐਮ ਐਲ ਏ ਦਫਤਰ ਨਵਾਂਸ਼ਹਿਰ ਵਿਚ ਰੱਖੀ ਗਈ ਇਕ ਮੀਟਿੰਗ ਦੌਰਾਨ ਦੱਸਿਆ ਗਿਆ ਕਿ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਜਸਵੀਰ ਸਿੰਘ ਗੜ੍ਹੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਹੋਣਗੇ। ਵਿਸ਼ੇਸ਼ ਮਹਿਮਾਨ ਵਜੋਂ ਡਾਕਟਰ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਇੰਚਾਰਜ ਬਸਪਾ ਪੰਜਾਬ ਹੋਣਗੇ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸਰਬਜੀਤ ਜਾਫਰਪੁਰ ਕਰਨਗੇ। ਉਸ ਦਿਨ ਪਾਰਟੀ ਦੇ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਦੇ ਜਨਮ ਦਿਨ 'ਤੇ ਆਰਥਿਕ ਸਹਿਯੋਗ ਵੀ ਕੀਤਾ ਜਾਵੇਗਾ।ਮੀਟਿੰਗ ਵਿਚ ਵਿਧਾਨ ਸਭਾ ਪ੍ਰਧਾਨ ਰਸ਼ਪਾਲ ਮਹਾਲੋਂ ਗੁਰਮੁੱਖ ਸਿੰਘ ਨੌਰਥ,ਸ਼ਹਿਰੀ ਪ੍ਰਧਾਨ ਮਾਸਟਰ ਪ੍ਰੇਮ ਰਤਨ, ਮਾਸਟਰ ਹਰਮੇਸ਼ ਨੌਰਦ, ਰਾਜ ਕੁਮਾਰ,,ਮੁਕੇਸ਼ ਕੁਮਾਰ ਬਾਲੀ ਅਮਰੀਕ ਬੰਗਾ,ਸੁਰਿੰਦਰ ਪਾਲ,ਬਲੂ ਪੇਂਟਰ,ਧਰਮਵੀਰ ਲੱਧੜ,ਬਿਸ਼ਨ ਦਾਸ, ਰਾਜੂ ਪੇਂਟਰ, ਸੋਨੂੰ,ਰਾਜ ਕੁਮਾਰ ਰਾਜੂ,ਹਰਬੰਸ ਕਰੀਹਾ,ਸੋਹਣ ਸਿੰਘ ਧੇਗੜਪੁਰੀ,ਸਤਪਾਲ ਲੰਗੜੋਆ,ਅਸ਼ੋਕ ਸਿੰਘ,ਸੁਰਿੰਦਰ ਸਿੰਘ,ਰਜੇਸ਼ ਬਾਲੀ ਆਦਿ ਸਾਥੀ ਵੀ ਹਾਜਰ ਸਨ।

# ਨਗਰ ਕੌਂਸਲ ਪ੍ਰਧਾਨ ਜੀਤਾ ਦੀ ਅਗਵਾਈ 'ਚ ਸਫਾਈ ਮੁਹਿੰਮ ਤੀਜੇ ਦਿਨ ਵੀ ਜਾਰੀ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ ਸੈਨੇਟਰੀ ਇੰਸਪੈਕਟਰ ਮਦਨ ਲਾਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਫ ਸੁਥਰਾ ਅਤੇ ਸੁੰਦਰ ਬਣਾਉਣ ਲਈ ਚੱਲ ਰਹੀ ਸਫਾਈ ਮੁਹਿੰਮ ਅੱਜ ਤੀਜੇ ਦਿਨ ਵੀ ਜਾਰੀ ਰਹੀ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਦੱਸਿਆ ਕਿ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਮੁੱਖ ਰੱਖਦਿਆਂ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਵੱਲੋਂ ਸਫਾਈ ਮੁਹਿੰਮ ਅੱਜ ਤੀਜੇ ਦਿਨ ਵੀ ਜਾਰੀ ਰਹੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ 'ਤੇ ਇੱਕ ਵਿਸ਼ਾਲ ਨਗਰ ਕੀਰਤਨ ਸ੍ਰੀ ਕੀਰਤਪੁਰ ਸਾਹਿਬ ਤੋਂ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਜ ਪਹੁੰਚ ਰਿਹਾ ਹੈ। ਇਸ ਨਗਰ ਕੀਰਤਨ ਦੇ ਸਾਰੇ ਰੂਟ ਤੇ ਸਫਾਈ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸੇ ਸਬੰਧ ਵਿੱਚ ਅੱਜ ਸਥਾਨਕ ਵੀ ਆਈ ਪੀ ਰੋਡ,ਅਕੈਡਮੀ ਰੋਡ, ਵਿਰਾਸਤ ਏ ਖਾਲਸਾ, ਕਿਲ੍ਹਾ ਅਨੰਦਗੜ੍ਹ ਰੋਡ ਆਦਿ ਸਥਾਨਾਂ ਦੀ ਸਫਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਅੱਜ ਵੀ ਸ਼ਹਿਰ ਵਿੱਚੋਂ ਅਵਾਰਾ ਪਸ਼ੂਆਂ ਦਾ ਭਰਿਆ ਟਰੱਕ ਸੁੱਖੇ ਮਾਜਰਾ ਸਥਿਤ ਗਊਸ਼ਾਲਾ ਵਿੱਚ ਭੇਜਿਆ ਗਿਆ ਤਾਂ ਜੋ ਸ਼ਹਿਰ ਵਾਸੀਆਂ ਨੂੰ ਅਵਾਰਾ ਪਸ਼ੂਆਂ ਦੀ ਸਮੱਸਿਆ ਤੋਂ ਨਿਜਾਤ ਦਿਵਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਉਨ੍ਹਾਂ ਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ, ਬਲਾਕ ਪ੍ਰਧਾਨ ਆਪ ਜਗਜੀਤ ਸਿੰਘ ਜੱਗੀ ਠੇਕੇਦਾਰ ਅਤੇ ਦਵਿੰਦਰ ਸਿੰਘ ਛਿੰਦੂ, ਸੰਮੀ ਬਰਾਰੀ ਯੂਥ ਪ੍ਰਧਾਨ ਆਪ ਗੁਰਅਵਤਾਰ ਸਿੰਘ ਚੰਨ ਆਪ ਆਗੂ, ਕੈਪਟਨ ਅਨੂਪ ਸਿੰਘ ਆਪ, ਸੁਨੀਲ ਅਡਵਾਲ ਪ੍ਰਧਾਨ ਰੇਹੜੀ ਫੜ੍ਹੀ ਯੂਨੀਅਨ, ਹਰਦੀਪ ਸਿੰਘ ਬਬਲੀ, ਸੁੱਚਾ ਸਿੰਘ, ਰਾਮ ਲਾਲ, ਖੁਸ਼ਵਿੰਦਰ ਸਿੰਘ, ਬਲਜੀਤ ਸਿੰਘ, ਸਰਵਣ, ਪਰਮਜੀਤ ਸੋਨੂੰ, ਅਨਿਲ ਕੁਮਾਰ, ਰੋਹਿਤ ਕੁਮਾਰ, ਹਰੀਸ਼ ਕਲਮਾ, ਲੌਕੇਸ਼ ਕੁਮਾਰ, ਓਮ ਪ੍ਰਕਾਸ਼, ਗੋਬਿੰਦ ਸਿੰਘ ਆਦਿ ਹਾਜ਼ਰ ਸਨ।

## ਸਿਵਲ ਹਸਪਤਾਲ 'ਚ ਬਣੇ ਵੇਰਕਾ ਮਿਲਕ ਬਾਰ 'ਚ ਚੋਰੀ

**ਫਿਲੌਰ ( ਨਿਰਮਲ )**- ਫਿਲੌਰ ਵਿੱਚ ਲੁੱਟਾਂ ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਆਏ ਦਿਨ ਚੋਰ ਬੜੇ ਆਰਾਮ ਨਾਲ ਚੋਰੀਆਂ ਕਰ ਰਹੇ ਹਨ। ਇਹੋ ਜਿਹਾ ਮਾਮਲਾ ਅੱਜ ਫਿਲੌਰ ਸਿਵਲ ਹਸਪਤਾਲ ਫਿਲੌਰ ਵਿਖੇ ਦੇਖਣ ਨੂੰ ਮਿਲਿਆ। ਸਿਵਲ ਹਸਪਤਾਲ ਦੇ ਮੁੱਖ ਗੇਟ 'ਤੇ ਮੌਜੂਦ ਵੇਰਕਾ ਮਿਲਕ ਬਾਰ ਦੀ ਦੁਕਾਨ ਨੂੰ ਚੋਰਾਂ ਨੇ ਨਿਸ਼ਾਨਾ ਬਣਾਇਆ। ਵੇਰਕਾ ਮਿਲਕ ਬਾਰ ਦੇ ਮਾਲਕ ਪਾਰਸ ਅਰੋੜਾ ਨੇ ਦੱਸਿਆ ਕਿ ਹਰ ਰੋਜ਼ ਦੀ ਤਰ੍ਹਾਂ ਬੀਤੀ ਰਾਤ ਆਪਣੀ ਦੁਕਾਨ ਬੰਦ ਕਰਕੇ ਆਪਣੇ ਘਰ ਚਲਾ ਗਿਆ ਤੇ ਜਦੋਂ ਸਵੇਰੇ ਉਸ ਨੇ ਆ ਕੇ ਦੇਖਿਆ ਤਾਂ ਉਸ ਦੀ ਦੁਕਾਨ ਦਾ ਦਰਵਾਜ਼ਾ ਟੁੱਟਾ ਹੋਇਆ ਸੀ। ਚੋਰਾਂ ਵੱਲੋਂ ਉਸ ਦੇ ਗੱਲੇ ਵਿੱਚੋਂ 8 ਹਜ਼ਾਰ ਤੋਂ ਉੱਪਰ ਦੀ ਨਕਦੀ ਚੋਰੀ ਕਰ ਲਈ ਗਈ ਸੀ। ਇਸ ਦੀ ਸੂਚਨਾ ਉਸ ਨੇ ਫਿਲੌਰ ਦੀ ਪੁਲਸ ਨੂੰ ਦੇ ਦਿੱਤੀ ਹੈ। ਉਸ ਨੇ ਪ੍ਰਸ਼ਾਸਨ ਪਾਸੋਂ ਇਨਸਾਫ ਦੀ ਮੰਗ ਕੀਤੀ ਹੈ।

## ਨੰਗਲ ਖੇੜਾ ਵਿਖੇ ਅੰਤਰ ਸਕੂਲ ਮੁਕਾਬਲੇ

**ਗੁਰਾਇਆ (ਬਿੰਦਰ ਸੁਮਨ)**- ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਅਤੇ ਸੱਚਖੰਡ ਵਾਸੀ ਸੰਤ ਬਾਬਾ ਪਰਮਜੀਤ ਸਿੰਘ ਮਾਹਿਲਪੁਰ ਬੁੰਗੇ ਵਾਲਿਆਂ ਦੀ ਪਵਿੱਤਰ ਯਾਦ ਨੂੰ ਸਮਰਪਿਤ ਸਾਲਾਨਾ ਗੁਰਮਤਿ ਸਮਾਗਮ ਦੌਰਾਨ ਨੰਗਲ ਖੇੜਾ, ਫਗਵਾੜਾ ਵਿਖੇ ਹੋਏ ਅੰਤਰ ਸਕੂਲ ਮੁਕਾਬਲਿਆਂ ਵਿੱਚ ਗਿਆਰਾਂ ਸਕੂਲਾਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਗੁਰੂ ਨਾਨਕ ਖਾਲਸਾ ਗਰਲਜ਼ ਕਾਲਜੀਏਟ ਸੀਨੀ. ਸੈਕੰ ਸਕੂਲ ਅਤੇ ਗੁਰੂ ਨਾਨਕ ਖਾਲਸਾ ਪਬਲਿਕ ਸਕੂਲ ਬਾਬਾ ਸੰਗ ਢੇਸੀਆਂ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਜਿਸ ਵਿੱਚ ਕਾਲਜੀਏਟ ਸਕੂਲ ਨੇ ਗਰੁੱਪ ਸ਼ਬਦ ਤੇ ਕੁਇਜ਼ ਮੁਕਾਬਲਿਆਂ ਵਿੱਚ ਦੂਸਰਾ ਸਥਾਨ ਹਾਸਲ ਕਰ 3800ਰੁਪਏ ਨਕਦ ਇਨਾਮ ਜਿੱਤਿਆ। ਇਸ ਦੇ ਨਾਲ ਹੀ ਪਬਲਿਕ ਸਕੂਲ ਨੇ ਗਰੁੱਪ ਸ਼ਬਦ, ਕੁਇਜ਼ ਅਤੇ ਪੇਂਟਿੰਗ ਮੁਕਾਬਲਿਆਂ ਵਿਚ ਤੀਸਰਾ ਸਥਾਨ ਹਾਸਲ ਕਰ 4000 ਰੁਪਏ ਨਕਦ ਇਨਾਮ ਜਿੱਤਿਆ । ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਸਕੂਲ ਦੇ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸਮੂਹ ਕਮੇਟੀ ਮੈਂਬਰਜ਼ ਨੇ ਕਾਲਜੀਏਟ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਮੰਜੂ ਸ਼ਰਮਾ ਤੇ ਪਬਲਿਕ ਸਕੂਲ ਪ੍ਰਿੰਸੀਪਲ ਜਸਵੀਰ ਕੌਰ, ਕਾਲਜੀਏਟ ਤੇ ਪਬਲਿਕ ਸਕੂਲ ਦੇ ਸਮੂਹ ਸਟਾਫ਼ ਮੈਂਬਰਜ਼ ਅਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

## ਬਲੱਡ ਬੈਂਕ ਵਿਖੇ ਲਗਾਇਆ ਫਿਜ਼ੀਉਥੈਰੇਪੀ ਕੈਂਪ

**ਫਗਵਾੜਾ (ਜਸਵਿੰਦਰ ਸਿੰਘ ਢੱਡਾ)** -ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਫਿਜੀਉਥੈਰੇਪੀ ਦਾ ਫ੍ਰੀ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਰੋਟਰੀ ਇੰਟਰਨੈਸ਼ਨਲ ਦੇ ਸਾਬਕਾ ਗਵਰਨਰ ਸਤਪਾਲ ਸੇਠੀ ਵਲੋਂ ਕੀਤਾ ਗਿਆ। ਉਹਨਾਂ ਹਾਜ਼ਰੀਨ ਨੂੰ ਬੁਢਾਪੇ ਵਿਚ ਫਿਜ਼ੀਉਥੈਰੇਪੀ ਇਲਾਜ ਵਿਧੀ ਦੇ ਫਾਇਦੇ ਬਾਰੇ ਦੱਸਿਆ। ਇਸ ਦੌਰਾਨ ਐਲ.ਪੀ.ਯੂ. ਦੇ ਫਿਜ਼ੀਉਥੈਰੇਪੀ ਵਿਭਾਗ ਇੰਚਾਰਜ ਡਾ. ਮੀਨਾਕਸ਼ੀ ਨੇ 30 ਲੋੜਵੰਦ ਬਜ਼ੁਰਗਾਂ ਦੇ ਫਿਜ਼ੀਓਥੈਰੇਪੀ ਵਿਧੀ ਨਾਲ ਇਲਾਜ ਦੀ ਸ਼ੁਰੂਆਤ ਕੀਤੀ ਅਤੇ ਅਗਲੇ ਫ੍ਰੀ ਇਲਾਜ ਲਈ ਲਵਲੀ ਫਿਜ਼ੀਓਥੈਰੇਪੀ ਸੈਂਟਰ ਵਿਖੇ ਆਉਣ ਦੀ ਹਦਾਇਤ ਕੀਤੀ ਅਤੇ ਦੱਸਿਆ ਕਿ ਸੈਂਟਰ ਵਿਖੇ ਸਾਰਾ ਇਲਾਜ ਫ੍ਰੀ ਅਤੇ ਦਵਾਈਆਂ ਤੋਂ ਬਿਨਾਂ ਕੀਤਾ ਜਾਂਦਾ ਹੈ। ਕੈਂਪ ਦੇ ਕੋਆਰਡੀਨੇਟਰ ਗਗਨਦੀਪ ਸਿੰਘ ਸਨ। ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 2 ਜਨਵਰੀ ਨੂੰ ਲਗਾਇਆ ਜਾਵੇਗਾ। ਇਸ ਮੌਕੇ ਤਾਰਾ ਚੰਦ ਚੁੰਬਰ, ਕ੍ਰਿਸ਼ਨ ਕੁਮਾਰ, ਸੁਧਾ ਬੇਦੀ, ਮੋਹਨ ਲਾਲ ਤਨੇਜਾ, ਵਿਸ਼ਵਾਮਿੱਤਰ ਸ਼ਰਮਾ ਆਦਿ ਹਾਜ਼ਰ ਸਨ।

## ਅਫੀਮ ਸਮੇਤ ਕੀਤਾ ਗ੍ਰਿਫਤਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੁਰੇਂਦਰ ਲਾਂਬਾ ਸੀਨੀਅਰ ਪੁਲਸ ਕਪਤਾਨ, ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਾ ਤਸਕਰ ਤੇ ਸਮਾਜ ਵਿਰੋਧੀ ਅਨਸਰਾਂ ਤੇ ਸ਼ਿਕੰਜਾ ਕੱਸਦੇ ਹੋਏ ਸਰਬਜੀਤ ਸਿੰਘ ਬਾਹੀਆ ਪੁਲਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਅਤੇ ਪਰਮਿੰਦਰ ਸਿੰਘ ਉਪ ਪੁਲਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਇੰਸਪੈਕਟਰ ਬਲਵਿੰਦਰ ਪਾਲ ਇੰਚਾਰਜ ਸੀ.ਆਈ.ਏ ਸਟਾਫ ਹੁਸ਼ਿਆਰਪੁਰ ਦੇ ਅਧੀਨ ਵਿਸ਼ੇਸ਼ ਟੀਮ ਵੱਲੋਂ 1 ਦੋਸ਼ੀ ਨੂੰ ਕਾਬੂ ਕਰਕੇ ਉਸ ਪਾਸੋਂ 1 ਕਿੱਲੋਗ੍ਰਾਮ ਅਫੀਮ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਵਲੋਂ ਪ੍ਰੈਸ ਨੂੰ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਕੱਲ 16 ਦਸੰਬਰ ਨੂੰ ਸੀ.ਆਈ.ਏ ਸਟਾਫ ਹੁਸ਼ਿਆਰਪੁਰ 'ਚ ਤਾਇਨਾਤ ਏ.ਐਸ.ਆਈ ਸੁਖਵਿੰਦਰ ਸਿੰਘ ਦੀ ਵਿਸ਼ੇਸ਼ ਟੀਮ ਵੱਲੋਂ ਪਿੰਡ ਲਹਿਲੀ ਖੁਰਦ ਦੇ ਨਜ਼ਦੀਕ ਤੋਂ ਰਾਜ ਕੁਮਾਰ ਪੁੱਤਰ ਵੇਦ ਰਾਮ ਵਾਸੀ ਪ੍ਰੇਮਰਾਜਪੁਰ ਥਾਣਾ ਬਮਹੁਰਾ (ਦੇਵਚਰਾ) ਜ਼ਿਲ੍ਹਾ ਬਰੇਲੀ ਸਟੇਟ ਉੱਤਰ ਪ੍ਰਦੇਸ਼ ਨੂੰ ਕਾਬੂ ਕਰਕੇ 1 ਕਿੱਲੋ ਅਫੀਮ ਬ੍ਰਾਮਦ ਕਰਕੇ ਉਕਤ ਵਿਅਕਤੀ ਉੱਪਰ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ ।

## ਸ਼ਹੀਦੀ ਦਿਹਾੜਾ ਮਨਾਇਆ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**— ਪਿੰਡ ਸਰਾਏ ਖਾਮ ਨੇੜੇ ਮਲਸੀਆਂ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਹਿੰਦ ਦੀ ਚਾਦਰ ਧੰਨ ਧੰਨ ਨੌਵੇ ਪਾਤਿਸ਼ਾਹ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵਿੱਚ ਪਹਿਲਾਂ ਸਹਿਜ ਪਾਠ ਦੇ ਭੋਗ ਪਏ ਗਏ । ਉਪਰੰਤ ਗੁਰਦੁਆਰਾ ਸਾਹਿਬ ਦੇ ਖੁੱਲੇ ਹਾਲ 'ਚ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਭਾਈ ਅਮਰੀਕ ਸਿੰਘ ਸਰਾਂ ਵਾਲਿਆਂ ਦੇ ਕੀਰਤਨੀ ਜਥੇ ਨੇ ਗੁਰਬਾਨੀ ਕਥਾ ਕੀਰਤਨ ਕਰਦਿਆਂ ਸੰਗਤ ਨੂੰ ਨੌਵੇਂ ਪਾਤਿਸ਼ਾਹ ਦੀ ਸ਼ਹੀਦੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਉਹਨਾਂ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਸਮਾਗਮ 'ਚ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ । ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਸ਼ਹੀਦੀ ਪੁਰਬ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ ਟਾਂਡਾ )**-ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀਚੰਦ ਜੀ ਟਾਂਡਾ ਸ੍ਰੀ ਹਰਗੋਬਿੰਦਪੁਰ ਰੋਡ ਨੇੜੇ ਪਿੰਡ ਗਿੱਲ ਕੋਟਲੀ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਮੁੱਖ ਸੇਵਾਦਾਰ ਸੰਤ ਬਾਬਾ ਸੁਖਦੇਵ ਸਿੰਘ 16ਵੀਂ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਅੰਸ-ਵੰਸ ਦਰਬਾਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਦੀ ਦੇਖ-ਰੇਖ ਹੇਠ ਹੋਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਗਿਆਨੀ ਹਰਮਿੰਦਰ ਸਿੰਘ ਦੇ ਰਾਗੀ ਜਥੇ ਨੇ ਸਮੂਹ ਸੰਗਤ ਨੂੰ ਮਨੋਹਰ ਸ਼ਬਦ ਕੀਰਤਨ ਦੁਆਰਾ ਨਿਹਾਲ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਇਤਿਹਾਸ ਅਤੇ ਲਾਸਾਨੀ ਸ਼ਹਾਦਤ ਤੋਂ ਜਾਣੂ ਕਰਵਾਇਆ। ਇਸ ਮੌਕੇ ਮੁੱਖ ਸੇਵਾਦਾਰ ਸੰਤ ਬਾਬਾ ਸੁਖਦੇਵ ਸਿੰਘ ਬੇਦੀ ਨੇ ਸ਼ਹੀਦੀ ਗੁਰਪੁਰਬ ਤੇ ਗੁਰੂ ਸਾਹਿਬ ਜੀ ਨੂੰ ਨਤਮਸਤਕ ਹੁੰਦੇ ਹੋਏ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਤੋਂ ਪ੍ਰੇਰਨਾ ਲੈਣ ਲਈ ਕਿਹਾ। ਉਨ੍ਹਾਂ ਨੇ ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਇਤਿਹਾਸ 'ਤੇ ਵੀ ਚਾਨਣਾ ਪਾਇਆ। ਇਸ ਮੌਕੇ ਪ੍ਰਧਾਨ ਨਾਜਰ ਸਿੰਘ ਸਹਿਬਾਜਪੁਰ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਲਖਬੀਰ ਸਿੰਘ ਗਿੱਲ, ਗੁਰਦੀਪ ਸਿੰਘ, ਗੁਰਜੀਤ ਸਿੰਘ, ਦਿਲਬਾਗ ਸਿੰਘ ਤੋਂ ਇਲਾਵਾ ਹੋਰ ਸੰਗਤਾਂ ਵੀ ਹਾਜ਼ਰ ਸਨ।

# ਮਹਿਲਾ ਕਬੱਡੀ ਨੂੰ ਵਿਸ਼ਵ ਪੱਧਰ 'ਤੇ ਮਿਲੇਗੀ ਪਹਿਚਾਣ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਭਾਰਤ ਦੇ ਸਵਦੇਸ਼ੀ ਖੇਡ ਕਬੱਡੀ ਨੂੰ ਪ੍ਰੋਤਸਾਹਨ ਦੇਣ ਅਤੇ ਮਹਿਲਾ ਕਬੱਡੀ ਦੇ ਵਿਕਾਸ ਤੇ ਪ੍ਰਚਾਰ ਲਈ ਹਰਿਆਣਾ ਸਰਕਾਰ ਨੇ ਅੱਜ ਹੋਲਿਸਟਿਕ ਇੰਟਰਨੈਸ਼ਨਲ ਪ੍ਰਵਾਸੀ ਸਪੋਰਟਸ ਐਸੋਸੀਏਸ਼ਨ (ਹਿਪਸਾ) ਦੇ ਵਿਚ ਇਕ ਸਮਝੌਤਾ ਮੈਮੋ (ਐਮਓਯੂ) 'ਤੇ ਹਸਤਾਖਰ ਕੀਤੇ। ਅੱਜ ਇੱਥੇ ਪ੍ਰਬੰਧਿਤ ਐਮਓਯੂ ਹਸਤਾਖਰ ਵਿਚ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਰਿਹਾਇਸ਼ੀ ਕਮਿਸ਼ਨਰ, ਹਰਿਆਣਾ ਭਵਨ, ਨਵੀਂ ਦਿੱਲੀ ਡੀ ਸੁਰੇਸ਼ ਅਤੇ ਖੇਡ ਵਿਭਾਗ ਦੇ ਪ੍ਰਧਾਨ ਸਕੱਤਰ ਨਵਦੀਪ ਸਿੰਘ ਵਿਰਕ ਵੀ ਮੌਜੂਦ ਰਹੇ। ਇਸ ਮੌਕੇ 'ਤੇ ਵੀ ਉਮਾਸ਼ੰਕਰ ਨੇ ਕਿਹਾ ਕਿ ਐਮਓਯੂ ਦਾ ਉਦੇਸ਼ ਭਾਰਤ ਦੇ ਬਾਹਰ ਮਹਿਲਾ ਕਬੱਡੀ ਨੂੰ ਪ੍ਰੋਤਸਾਹਨ ਦੇਣਾ ਹੈ ਜਿਸ ਵਿਚ ਪ੍ਰਵਾਸੀ ਭਾਰਤੀ ਮਹਿਲਾਵਾਂ 'ਤੇ ਵਿਸ਼ੇਸ਼ ਧਿਆਨ ਦੇਣ ਦੇ ਨਾਲ-ਨਾਲ ਓਲੰਪਿਕ ਵਿਚ ਕਬੱਡੀ ਦੇ ਖੇਡ ਨੂੰ ਸ਼ਾਮਿਲ ਕਰਨ ਦੀ ਇੱਛਾ ਹੈ। ਐਮਓਯੂ ਵਿਚ ਸੂਬਾ ਸਰਕਾਰ ਅਤੇ ਹਿਪਸਾ ਦੇ ਵਿਚ ਅਥਲੀਟਾਂ ਅਤੇ ਅਥਲੈਟਿਕ ਟੀਮਾਂ ਦੀ ਸਿਖਲਾਈ, ਮੁਕਾਬਲੇ, ਵਿਸ਼ਵ ਨੌਜੁਆਨਾਂ ਨੂੰ ਖਿਲਾਈ ਅਤੇ ਤਕਨੀਕੀ ਸਹਾਇਤਾ ਸਮੇਤ ਵੱਖ-ਵੱਖ ਸਹਿਯੋਗ ਦੇ ਖੇਤਰ ਵਿਚ ਸ਼ਾਮਲ ਹਨ। ਇਸ ਤੋਂ ਇਲਾਵਾ ਦੋਵਾਂ ਪੱਖਾਂ ਵੱਲੋਂ ਤਜਰਬਿਆਂ, ਕੌਸ਼ਲ, ਤਕਨੀਕਾਂ, ਸੂਚਨਾ ਅਤੇ ਗਿਆਨ ਦਾ ਆਦਾਨ-ਪ੍ਰਦਾਨ ਵੀ ਕੀਤਾ ਜਾਵੇਗਾ। ਐਮਓਯੂ ਅਨੁਸਾਰ ਕਬੱਡੀ ਦੇ ਖੇਡ ਵਿਚ ਕੌਸ਼ਲ ਦੇ ਵਿਕਾਸ ਦੇ ਲਈ ਕੋਚ ਰੈਗੂਲੇਸ਼ ਪ੍ਰੋਗਰਾਮ, ਖੇਡ ਪ੍ਰਸ਼ਾਸਕਾਂ, ਤਕਨੀਸ਼ੀਅਨਾਂ ਅਤੇ ਖੇਡ ਸਹਾਇਤਾ ਦੇ ਕਰਮਚਾਰੀਆਂ ਦੇ ਦੌਰੇ ਅਤੇ ਸਿਖਲਾਈ ਦਾ ਵੀ ਆਦਾਨ ਪ੍ਰਦਾਨ ਕੀਤਾ ਜਾਵੇਗਾ। ਸਮਝੌਤਾ ਮੈਮੋ ਵਿਚ ਮਹਿਲਾ ਕਬੱਡੀ ਦੇ ਖੇਤਰ ਵਿਚ ਖੇਡ ਦੀ ਸਿੱਖਿਆ, ਕੋਰਸ ਵਿਕਾਸ, ਖੇਡ ਪ੍ਰਬੰਧਨ ਅਤੇ ਖੇਡ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਵੀ ਜ਼ੋਰ ਦਿੱਤਾ ਜਾਵੇਗਾ। ਜ਼ਰੂਰੀ ਸਰੀਰਿਕ ਸਿੱਖਿਆ ਅਤੇ ਫਿਟਨੈਸ ਦੇ ਖੇਤਰ ਵਿਚ ਤਕਨਾਲੋਜੀ ਅਤੇ ਖੋਜ 'ਤੇ ਵੀ ਵਿਸ਼ੇਸ਼ ਧਿਆਨ ਕੇਂਦ੍ਰਿਤ ਕੀਤਾ ਜਾਵੇਗਾ। ਐਮਓਯੂ ਵਿਚ ਵਿਸ਼ਵ ਪੱਧਰ 'ਤੇ ਇਕ ਖੇਡ ਵਜੋਂ ਕਬੱਡੀ ਨੂੰ ਪ੍ਰੋਤਸਾਹਨ ਦੇਣ ਲਈ ਖੇਤਰਾਂ ਵਿਚ ਮਾਹਰਤਾ, ਸਰਕਾਰੀ ਅਧਿਕਾਰੀਆਂ, ਕੋਚਾਂ ਅਤੇ ਅਥਲੀਟਾਂ ਦਾ ਸਿਖਲਾਈ, ਸੰਯੁਕਤ ਅਤੇ ਸਮੱਗਰੀ ਦਾ ਪ੍ਰਕਾਸ਼ਨ ਵੀ ਸ਼ਾਮਲ ਹੈ।

# ਨਸ਼ੀਲੇ ਪਦਾਰਥ ਸਮੇਤ ਕਾਬੂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਥਾਣਾ ਮੇਹਟੀਆਣਾ ਪੁਲਸ ਦੇ ਮੁੱਖ ਅਫਸਰ ਐਸ ਆਈ ਜਗਜੀਤ ਸਿੰਘ ਵਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ- ਬਿੰਨ ਪਾਲਣਾ ਕਰਦੇ ਹੋਏ ਮਿਤੀ 16 ਦਸੰਬਰ ਨੂੰ ਗੁਰਦੀਪ ਸਿੰਘ 536/ਜੇ.ਆਰ ਸਮੇਤ ਸਾਥੀ ਕਰਮਚਾਰੀਆਂ ਨਾਲ ਬਰਾਏ ਕਰਨੇ ਗਸ਼ਤ ਮੇਹਟੀਆਣਾ ਤੋਂ ਡਵਿਡਾ ਅਹਿਰਾਣਾ ਨੂੰ ਜਾ ਰਹੇ ਸੀ । ਜਦੋਂ ਪੁਲਸ ਪਾਰਟੀ ਡਵਿਡਾ ਅਹਿਰਾਣਾ ਤੋਂ ਥੋੜ੍ਹਾ ਪਿੱਛੇ ਹੀ ਸੀ ਤਾਂ ਸੜਕ 'ਤੇ ਇੱਕ ਮੋਨਾ ਨੌਜਵਾਨ ਵਿਅਕਤੀ ਜੋ ਪੈਦਲ ਡਵਿੰਡਾ ਅਹਿਰਾਣਾ ਤੇ ਪਿੰਡ ਮੇਹਟੀਆਣਾ ਤਰਫ ਨੂੰ ਆ ਰਿਹਾ ਸੀ । ਜੋ ਪੁਲਿਸ ਪਾਰਟੀ ਨੂੰ ਦੇਖ ਕੇ ਯਕਦਮ ਘਬਰਾ ਕੇ ਪਿੱਛੇ ਵੱਲ ਨੂੰ ਕਾਹਲੀ ਨਾਲ ਭੱਜਣ ਦੀ ਕੋਸ਼ਿਸ਼ ਕਰਨ ਲੱਗੇ ਨੇ ਆਪਣੇ ਸੱਜੇ ਹੱਥ ਵਿਚ ਫੜੇ ਕਾਲੇ ਰੰਗ ਦੇ ਵਜ਼ਨਦਾਰ ਮੋਮੀ ਲਿਫਾਫੇ ਨੂੰ ਸੜਕ ਦੇ ਖੱਬੇ ਪਾਸੇ ਨੂੰ ਸੁੱਟ ਦਿੱਤਾ। ਐਸ.ਆਈ ਨੇ ਸ਼ੱਕ ਦੀ ਬਿਨਾਹ 'ਤੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਂ ਪਤਾ ਪੁੱਛਿਆ। ਜਿਸ ਨੇ ਆਪਣਾ ਨਾਂ ਜੋਗਿੰਦਰ ਸਿੰਘ ਉਰਫ ਮੱਟੂ ਪੁੱਤਰ ਲੇਟ ਮੱਖਣ ਵਾਸੀ ਪਿੰਡ ਭੁੰਗਰਨੀ ਥਾਣਾ ਮੇਹਟੀਆਣਾ ਦੱਸਿਆ। ਮੋਮੀ ਲਿਫਾਫਾ ਦੀ ਤਲਾਸ਼ੀ ਕਰਨ 'ਤੇ 72 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ । ਜਿਸ 'ਤੇ ਮੁੱਕਦਮਾ ਥਾਣਾ ਮੇਹਟੀਆਣਾ ਦਰਜ ਰਜਿਸਟਰ ਕੀਤਾ ਗਿਆ । ਦੋਸ਼ੀ ਪਾਸੋਂ ਪੁੱਛ-ਗਿੱਛ ਜਾਰੀ ਹੈ ।

# ਮੁੱਖ ਮੰਤਰੀ ਨੇ ਸੁਲਤਾਨਪੁਰ ਲੋਧੀ ਗੁਰਦੁਆਰਾ ਸਾਹਿਬ ਦੀ ਬੇਅਦਬੀ ਨਹੀਂ, ਬੱਜਰ ਗੁਨਾਹ ਕੀਤਾ : ਬ੍ਰਹਮਪੁਰਾ



**ਜਲੰਧਰ ( ਸ਼ੈਲੀ ਐਲਬਰਟ )**- ਸ਼੍ਰੋਮਣੀ ਅਕਾਲੀ ਦਲ ਦੇ ਵਿਧਾਨ ਸਭਾ ਹਲਕਾ ਇੰਚਾਰਜ ਅਤੇ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਅਕਾਲ ਬੁੰਗਾ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵਿਰੁੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਇਹ ਵਿਰੋਧ ਹਾਲ ਹੀ ਵਿੱਚ ਵਾਪਰੀ ਬੇਅਦਬੀ ਦੀ ਘਟਨਾ ਦੇ ਸੰਬੰਧ ਵਿੱਚ ਸੀ ਜਿਸ ਵਿੱਚ 23 ਨਵੰਬਰ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਬੈਠੇ ਬੰਦਗੀ ਕਰ ਰਹੇ 'ਨਿਹੰਗ ਸਿੰਘਾਂ' 'ਤੇ ਸਥਾਨਕ ਪੁਲਸ ਵੱਲੋਂ ਹਮਲਾ ਕੀਤਾ ਗਿਆ ਸੀ। ਬ੍ਰਹਮਪੁਰਾ ਨੇ ਪ੍ਰਦਰਸ਼ਨ ਅਤੇ ਸ਼ਾਂਤਮਈ ਇਕੱਠ ਨੂੰ ਸੰਬੋਧਨ ਕਰਦਿਆਂ ਇਸ ਮੁੱਦੇ ਪ੍ਰਤੀ ਪੰਜਾਬ ਸਰਕਾਰ ਦੀ ਲਾਪਰਵਾਹੀ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਵਾਦਾਂ ਜਾਂ ਧੜੇਬੰਦੀਆਂ ਨੂੰ ਸਿੱਖ ਧਰਮ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਅੰਦਰ ਹਿੰਸਾ ਅਤੇ ਪੁਲਸ ਬਲਾਂ ਦੀ ਵਰਤੋਂ ਕਰਨ ਦੀ ਬਜਾਏ ਗੱਲਬਾਤ ਰਾਹੀਂ ਹੱਲ ਕੀਤਾ ਜਾ ਸਕਦਾ ਸੀ। ਉਨ੍ਹਾਂ ਇਸ ਗੱਲ ਨੂੰ ਉਜਾਗਰ ਕੀਤਾ ਕਿ ਅਜਿਹੀਆਂ ਘਟਨਾਵਾਂ ਸਮੁੱਚੇ ਸਿੱਖ ਭਾਈਚਾਰੇ ਵੱਲੋਂ ਨਿਖੇਧੀ ਦਾ ਕਾਰਨ ਬਣੀਆਂ ਹਨ, ਜਿਸ ਨਾਲ ਸਮੁੱਚੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬ੍ਰਹਮਪੁਰਾ ਨੇ ਅਜਿਹੀ ਅਫਸੋਸਨਾਕ ਕਾਰਵਾਈਆਂ ਕਾਰਨ ਪੁਲਸ ਹੋਮਗਾਰਡ ਜਵਾਨ ਜਸਪਾਲ ਸਿੰਘ ਸਮੇਤ ਜਾਨੀ ਨੁਕਸਾਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਜ਼ਿੰਮੇਵਾਰੀ 'ਤੇ ਸਵਾਲ ਉਠਾਏ ਹਨ। ਬ੍ਰਹਮਪੁਰਾ ਨੇ ਪੰਜਾਬ ਦੇ ਲੋਕਾਂ ਲਈ ਲੋੜੀਂਦੀਆਂ ਸੇਵਾਵਾਂ ਅਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਿੱਚ ਅਸਫਲ ਰਹਿਣ ਲਈ ਭਗਵੰਤ ਮਾਨ ਦੀ ਆਲੋਚਨਾ ਕੀਤੀ। ਉਨ੍ਹਾਂ ਆਮ ਲੋਕਾਂ ਨੂੰ ਲਾਭ ਪਹੁੰਚਾਉਣ ਵਾਲੇ ਨਵੇਂ ਵਿਕਾਸ ਪ੍ਰੋਜੈਕਟਾਂ ਦੀ ਘਾਟ 'ਤੇ ਅਫਸੋਸ ਪ੍ਰਗਟ ਕੀਤਾ ਅਤੇ ਮੁੱਖ ਮੰਤਰੀ ਦੇ ਪਰਵਾਰਵਾਦ ਵੱਲ ਇਸ਼ਾਰਾ ਕੀਤਾ ਜਿਸ ਕਾਰਨ ਸੁਰੱਖਿਆ ਬਲਾਂ ਦੀ ਬਹੁਤ ਜ਼ਿਆਦਾ ਬੇਲੋੜੀ ਤਾਇਨਾਤੀ ਕੀਤੀ ਗਈ ਹੈ। ਇਸ ਤੋਂ ਇਲਾਵਾ ਬ੍ਰਹਮਪੁਰਾ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਦੇ ਮਾਮਲਿਆਂ 'ਚ ਦਿੱਲੀ ਸਥਿਤ ਵਿਧਾਇਕਾਂ ਜਾਂ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਸ਼ਮੂਲੀਅਤ ਹੈ, ਜਦਕਿ ਉਨ੍ਹਾਂ ਲਈ ਬੇਲੋੜੀ ਸੁਰੱਖਿਆ ਤਾਇਨਾਤੀ ਵੀ ਸੂਬੇ 'ਤੇ ਬੋਝ ਬਣ ਰਹੀ ਹੈ। ਬ੍ਰਹਮਪੁਰਾ ਨੇ ਸੁਲਤਾਨਪੁਰ ਲੋਧੀ ਵਿਖੇ ਬੇਅਦਬੀ ਕਾਂਡ ਲਈ ਚੇਤਾਵਨੀ ਦਿੱਤੀ ਕਿ ਜੇਕਰ ਮੌਜੂਦਾ ਸਰਕਾਰ ਨੇ ਸਮੇਂ ਸਿਰ ਸਿੱਖ ਭਾਈਚਾਰੇ ਨੂੰ ਇਨਸਾਫ ਨਾ ਦਿੱਤਾ ਤਾਂ ਸ਼੍ਰੋਮਣੀ ਅਕਾਲੀ ਦਲ ਲੋੜੀਂਦੀ ਕਾਰਵਾਈ ਕਰਨ ਤੋਂ ਪਿੱਛੇ ਨਹੀਂ ਹਟੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਸਿੱਖ ਕਿਸੇ ਵੀ ਸੂਰਤ ਵਿੱਚ ਆਪਣੇ ਧਾਰਮਿਕ ਅਸਥਾਨਾਂ ਦੀ ਬੇਅਦਬੀ ਨੂੰ ਬਰਦਾਸ਼ਤ ਨਹੀਂ ਕਰੇਗਾ। ਇਸ ਧਰਨੇ ਵਿੱਚ ਬਲਵਿੰਦਰ ਸਿੰਘ ਵੇਈਂਪੂਈਂ ਮੈਂਬਰ ਸ਼੍ਰੋਮਣੀ ਕਮੇਟੀ, ਸਤਨਾਮ ਸਿੰਘ ਚੋਹਲਾ ਸਾਹਿਬ, ਕੁਲਦੀਪ ਸਿੰਘ ਔਲਖ ਜਥੇਬੰਦਕ ਸਕੱਤਰ, ਗੁਰਸੇਵਕ ਸਿੰਘ ਸੇਖ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ ਤਰਨ ਤਾਰਨ, ਪ੍ਰੇਮ ਸਿੰਘ ਪੰਨੂ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੋਇੰਦਵਾਲ ਸਾਹਿਬ, ਕੁਲਦੀਪ ਸਿੰਘ ਲਹੌਰੀਆ ਸਾਬਕਾ ਸਰਪੰਚ ਗੋਇੰਦਵਾਲ ਸਾਹਿਬ, ਬਲਵਿੰਦਰ ਸਿੰਘ ਸੰਮਤੀ ਮੈਂਬਰ, ਗੋਇੰਦਵਾਲ ਸਾਹਿਬ ਕੈਪਟਨ ਸੁੱਚਾ ਸਿੰਘ ਵਾਈਸ ਚੇਅਰਮੈਨ ਬਲਾਕ ਸੰਮਤੀ, ਹਰਜਿੰਦਰ ਸਿੰਘ ਮੈਂਬਰ ਪੰਚਾਇਤ, ਦਵਿੰਦਰ ਸਿੰਘ ਗੋਇੰਦਵਾਲ ਸਾਹਿਬ, ਦਿਲਬਾਗ ਸਿੰਘ ਕਾਹਲਵਾਂ, ਸਤਨਾਮ ਸਿੰਘ ਕਰਮੂਵਾਲਾ, ਜਗਤਾਰ ਸਿੰਘ ਸਾਬਕਾ ਸਰਪੰਚ ਧੂੰਦਾ, ਅਮਰਜੀਤ ਸਿੰਘ ਸਾਬਕਾ ਸਰਪੰਚ ਕੇਲਾ, ਮਨਜਿੰਦਰ ਸਿੰਘ ਸਾਬਕਾ ਸਰਪੰਚ ਝੋਈਆਂ, ਰਣਜੀਤ ਸਿੰਘ ਪੱਪੂ ਖਡੂਰ ਸਾਹਿਬ, ਜਥੇਦਾਰ ਗੱਜਣ ਸਿੰਘ ਖਡੂਰ ਸਾਹਿਬ, ਸੁਰਮੇਲ ਸਿੰਘ ਵਾਂ ਸਾਬਕਾ ਬਲਾਕ ਸੰਮਤੀ ਮੈਂਬਰ, ਸੁਰਿੰਦਰ ਸਿੰਘ ਛਿੰਦਾ ਸਾਬਕਾ ਸਰਪੰਚ ਫਤਿਹਾਬਾਦ, ਰਤਨ ਸਿੰਘ ਪ੍ਰਧਾਨ ਫਤਿਹਾਬਾਦ ਜਗਜੀਤ ਸਿੰਘ ਕਾਲੂ ਫਤਿਹਾਬਾਦ, ਹਰੀਸ਼ ਗੁਰਜਰ ਫਤਿਹਾਬਾਦ, ਕਾਬਲ ਸਿੰਘ ਭੈਲ, ਦਾਰਾ ਸਿੰਘ ਭੈਲ, ਬੂਟਾ ਸਿੰਘ ਭੈਲ, ਸਰਦੂਲ ਸਿੰਘ ਸਾਬਕਾ ਸਰਪੰਚ ਸੰਗਤਪੁਰ, ਚਮਕੌਰ ਸਿੰਘ ਸਾਬਕਾ ਸਰਪੰਚ ਸੰਗਤਪੁਰ, ਦੁੱਲਾ ਸਿੰਘ ਮੈਂਬਰ, ਮਨਜਿੰਦਰ ਸਿੰਘ ਨੰਬਰਦਾਰ, ਪਰਮਜੀਤ ਸਿੰਘ ਪ੍ਰਧਾਨ, ਕਾਬਲ ਸਿੰਘ ਚੋਬਰ, ਪਾਲ ਸਿੰਘ ਕਾਹਲਵਾਂ, ਜਗਜੀਤ ਸਿੰਘ ਕਾਹਲਵਾਂ, ਗੁਰਇਕਬਾਲ ਸਿੰਘ ਕਾਹਲਵਾਂ, ਅਮਰ ਸਿੰਘ ਧੂੰਦਾ, ਮੇਜਰ ਸਿੰਘ ਮੈਂਬਰ ਪੰਚਾਇਤ ਧੂੰਦਾ, ਪੂਰਨ ਸਿੰਘ ਫੌਜੀ ਧੂੰਦਾ, ਜੋਬਨਜੀਤ ਸਿੰਘ, ਗੁਰਦੇਵ ਸਿੰਘ ਸਬਦੀ, ਗੁਰਲਾਲ ਸਿੰਘ ਵਾਂ, ਦਲਬੀਰ ਸਿੰਘ ਸਾਬਕਾ ਸਰਪੰਚ, ਗੁਰਦਿਆਲ ਸਿੰਘ ਚੋਹਲਾ, ਬਲਬੀਰ ਸਿੰਘ ਬੱਲੀ, ਸਿਮਰਨਜੀਤ ਸਿੰਘ ਕਾਕੂ ਪੀ ਏ, ਸੁਖਦੇਵ ਸਿੰਘ ਸਾਬਾ ਫੌਜੀ, ਸਵਿੰਦਰ ਸਿੰਘ ਚੋਹਲਾ ਸਾਹਿਬ, ਗੁਰਮੀਤ ਸਿੰਘ ਚੋਹਲਾ ਸਾਹਿਬ, ਨਿਰਵੈਲ ਸਿੰਘ ਚੋਹਲਾ ਸਾਹਿਬ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਖੁੱਡਾ ਵਿਖੇ ਮਹਾਨ ਨਗਰ ਕੀਰਤਨ ਸਜਾਇਆ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਸਮਰਪਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਿੰਡ ਖੁੱਡਾ ਤੋਂ ਮਹਾਨ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਜਾਏ ਗਏ ਨਗਰ ਕੀਰਤਨ ਦੀ ਆਰੰਭਤਾ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਮਹਾਨ ਨਗਰ ਕੀਰਤਨ ਵਿੱਚ ਗੁਰੂ ਦੀਆਂ ਸੰਗਤਾਂ ਤੇ ਰਾਗੀ ਢਾਡੀ ਜਥਿਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨਾਲ ਸਬੰਧਤ ਸ਼ਬਦ ਕੀਰਤਨ ਤੇ ਢਾਡੀ ਵਾਰਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਜਾ ਰਿਹਾ ਸੀ। ਨਗਰ ਕੀਰਤਨ ਦਾ ਵੱਖ-ਵੱਖ ਪੜਾਵਾਂ ਵਿੱਚ ਪਹੁੰਚਣ ਗੁਰੂ ਦੀਆਂ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਵਿਸ਼ਾਲ ਨਗਰ ਕੀਰਤਨ ਸਮੁੱਚੇ ਪਿੰਡ ਦੀ ਪਰਿਕਰਮਾ ਕਰਨ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਇਸ ਮੌਕੇ ਮੁੱਖ ਸੇਵਾਦਾਰ ਭਾਈ ਬਲਵੀਰ ਸਿੰਘ, ਹੈਡ ਗ੍ਰੰਥੀ ਸੁਰਜੀਤ ਸਿੰਘ, ਦਰਸ਼ਨ ਸਿੰਘ ਮਿੱਠਾ, ਮਲਕੀਤ ਸਿੰਘ, ਮਾ. ਸਤਪਾਲ ਸਿੰਘ, ਸਰਵਣ ਸਿੰਘ, ਪ੍ਰਿਤਪਾਲ ਸਿੰਘ, ਦਲਜੀਤ ਸਿੰਘ, ਹਰਵਿੰਦਰ ਸਿੰਘ, ਨਿਰਵੈਰ ਸਿੰਘ, ਸਰਬਜੀਤ ਸਿੰਘ, ਨਵਜੀਤ ਸਿੰਘ, ਗੁਰਮੀਤ ਸਿੰਘ, ਤਨਵੀਸ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ।

# ਹਨੂਮਤ ਸਕੂਲ ਦੀ ਪ੍ਰਿੰਸੀਪਲ ਆਰਤੀ ਸੋਬਤੀ ਨੂੰ ਮਿਲਿਆ ਐਵਾਰਡ




**ਗੁਰਾਇਆ (ਬਿੰਦਰ ਸੁਮਨ)**-ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੁਰਾਇਆ ਦੀਆਂ ਪ੍ਰਾਪਤੀਆਂ ਵਿੱਚ ਇੱਕ ਹੋਰ ਨਵਾਂ ਅਧਿਆਏ ਜੁੜ ਗਿਆ ਹੈ।

13 ਦਸੰਬਰ ਨੂੰ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ (ਫੈਪ ) ਦੁਆਰਾ ਫੈਪ ਨੈਸ਼ਨਲ ਐਵਾਰਡ ਦਾ ਆਯੋਜਨ ਕੀਤਾ ਗਿਆ ਸੀ। ਇਸ ਮੌਕੇ ਡਾ: ਜਗਜੀਤ ਸਿੰਘ ਧੂਰੀ (ਪ੍ਰਧਾਨ ਫੈਪ), ਮਨਪ੍ਰੀਤ ਸਿੰਘ ਮੰਨਾ (ਪ੍ਰੋ ਵਾਈਸ ਚਾਂਸਲਰ, ਚੰਡੀਗੜ੍ਹ ਯੂਨੀਵਰਸਿਟੀ) ਦੇ ਨਾਲ ਅਮਨ ਅਰੋੜਾ (ਮਾਨਯੋਗ ਮੰਤਰੀ, ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ, ਪੰਜਾਬ ਸਰਕਾਰ) ਮੁੱਖ ਮਹਿਮਾਨ ਸਨ । ਉਨ੍ਹਾਂ ਦੇ ਨਾਲ ਗੈਸਟ ਆਫ ਆਨਰ (ਗੁਰਪ੍ਰੀਤ ਘੁੱਗੀ-ਅਦਾਕਾਰ ਅਤੇ ਕਾਮੇਡੀਅਨ) ਅਤੇ ਕਰਮਜੀਤ ਅਨਮੋਲ (ਪੰਜਾਬੀ ਐਕਟਰ) ਨੇ ਸ਼ਿਰਕਤ ਕੀਤੀ।ਇਹ ਐਵਾਰਡ ਉਨ੍ਹਾਂ ਨੂੰ ਪ੍ਰਿੰਸੀਪਲ ਵਜੋਂ ਸ਼ਾਨਦਾਰ ਕੰਮ ਕਰਨ ਅਤੇ ਸਿੱਖਿਆ ਦੇ ਖੇਤਰ ਵਿੱਚ ਪਾਏ ਅਹਿਮ ਯੋਗਦਾਨ ਲਈ ਦਿੱਤਾ ਗਿਆ। ਪ੍ਰਿੰਸੀਪਲ ਆਰਤੀ ਸੋਬਤੀ ਨੇ ਇਸ ਪ੍ਰਾਪਤੀ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਸਮੇਤ ਸਮੁੱਚੇ ਸਕੂਲ ਪਰਵਾਰ ਦੀ ਸਖ਼ਤ ਮਿਹਨਤ ਦਾ ਨਤੀਜਾ ਦੱਸਿਆ। ਮੈਨੇਜਮੈਂਟ ਕਮੇਟੀ ਨੇ ਕਿਹਾ ਕਿ ਪ੍ਰਿੰਸੀਪਲ ਆਰਤੀ ਸੋਬਤੀ ਸਿੱਖਿਆ ਦੇ ਮਿਆਰ ਅਤੇ ਸੁਚੱਜੇ ਕਾਰਜ ਪ੍ਰਣਾਲੀ ਕਾਰਨ ਸਮੇਂ-ਸਮੇਂ 'ਤੇ ਐਵਾਰਡ ਪ੍ਰਾਪਤ ਕਰਦੇ ਆ ਰਹੇ ਹਨ। ਇਸ ਨਾਲ ਉਹਨਾਂ ਨੂੰ ਅਤੇ ਉਸਦੀ ਟੀਮ ਨੂੰ ਇੱਕ ਨਵਾਂ ਉਤਸ਼ਾਹ, ਪ੍ਰੇਰਣਾ ਦਿੰਦਾ ਹੈ। ਮੈਨੇਜਮੈਂਟ ਕਮੇਟੀ ਨੇ ਮੈਡਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹਣਗੇ ਅਤੇ ਇਸ ਤਰ੍ਹਾਂ ਸਕੂਲ ਦਾ ਨਾਂਅ ਰੌਸ਼ਨ ਕਰਨਗੇ! ਸਕੂਲ ਸਟਾਫ਼ ਨੇ ਮੈਡਮ ਆਰਤੀ ਸੋਬਤੀ ਨੂੰ ਵਧਾਈ ਦਿੱਤੀ

# ਮੂਨਕ ਖੁਰਦ ਵਿਖੇ ਨਗਰ ਕੀਰਤਨ ਸਜਾਇਆ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਹਿੰਦ ਦੀ ਚਾਦਰ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਿੰਡ ਮੂਨਕ ਖੁਰਦ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਵਿੱਚ ਸਭ ਤੋਂ ਪਹਿਲਾਂ 15 ਦਸੰਬਰ ਤੋਂ ਪ੍ਰਕਾਸ਼ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸਜਾਏ ਗੁਰਮਤਿ ਸਮਾਗਮ ਵਿੱਚ ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ ਦੇ ਸੇਵਾਦਾਰ ਬਾਬਾ ਕੁਲਦੀਪ ਸਿੰਘ ਜੀ, ਭਾਈ ਮਲਕੀਤ ਸਿੰਘ ਦੇ ਰਾਗੀ ਜਥੇ ਨੇ ਸਮੂਹ ਸੰਗਤ ਨੂੰ ਗੁਰਮਤਿ ਵਿਚਾਰਾਂ ਤੇ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਇਤਿਹਾਸ ਅਤੇ ਲਾਸਾਨੀ ਸ਼ਹਾਦਤ ਤੋਂ ਸੰਗਤ ਨੂੰ ਜਾਣੂ ਕਰਵਾਇਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਵਿੱਚ ਸ਼ਾਮਲ ਸੰਗਤ ਵੱਲੋਂ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦਿਆਂ ਆਪਣੀ ਹਾਜ਼ਰੀ ਲਗਵਾਈ ਜਾ ਰਹੀ ਸੀ। ਵਿਸ਼ਾਲ ਨਗਰ ਕੀਰਤਨ ਦਾ ਪਿੰਡ ਦੇ ਵੱਖ ਵੱਖ ਪੜਾਵਾਂ ਵਿੱਚ ਪਹੁੰਚਣ 'ਤੇ ਸੰਗਤ ਵੱਲੋਂ ਫੁੱਲਾਂ ਦੀ ਵਰਖਾ ਕਰਦੇ ਹੋਏ ਸਵਾਗਤ ਕੀਤਾ ਗਿਆ। ਮਹਾਨ ਨਗਰ ਕੀਰਤਨ ਸਮੁੱਚੇ ਪਿੰਡ ਦੀ ਪਰਿਕਰਮਾ ਕਰਨ ਉਪਰੰਤ ਦੇ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ



ਹੋਇਆ। ਇਸ ਮੌਕੇ ਮਾਸਟਰ ਦਰਬਾਰਾ ਸਿੰਘ, ਸਰਪੰਚ ਕੁਲਵਿੰਦਰ ਕੌਰ, ਜਤਿੰਦਰ ਪਾਲ ਸਿੰਘ ਹੈਪੀ, ਓਂਕਾਰ ਸਿੰਘ, ਮਨਦੀਪ ਸਿੰਘ, ਕਮਲਜੀਤ ਸਿੰਘ, ਸਾਬਕਾ ਸਰਪੰਚ ਤੀਰਥ ਸਿੰਘ, ਸਰਬਜੀਤ ਸਿੰਘ ਮੋਮੀ, ਪਰਮਜੀਤ ਸਿੰਘ ਪੰਮੀ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਪਰਗਨ ਸਿੰਘ, ਪਿਆਰਾ ਸਿੰਘ, ਗੁਰਬਚਨ ਸਿੰਘ, ਹਰਦੀਪ ਸਿੰਘ, ਪ੍ਰਿਤਪਾਲ ਸਿੰਘ, ਜੋਗਿੰਦਰ ਕੌਰ, ਕਰਨੈਲ ਸਿੰਘ, ਸੁਰਜੀਤ ਸਿੰਘ, ਪੰਚ ਮਨਪ੍ਰੀਤ ਕੌਰ, ਸੁਖਵਿੰਦਰ ਸਿੰਘ, ਸਾਬ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਨੇ ਆਪਣੀ ਹਾਜ਼ਰੀ ਲਗਵਾਈ।

# ਸੁਖਬੀਰ ਵੱਲੋਂ ਆਪਣੀਆਂ ਗਲਤੀਆਂ ਦੀ ਮੰਗੀ ਮੁਆਫੀ ਸਿੱਖੀ ਰਵਾਇਤਾਂ ਤੋਂ ਉਲਟ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੁਖਬੀਰ ਸਿੰਘ ਬਾਦਲ ਨੇ ਜੋ ਆਪਣੇ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਰਖਾਏ ਗਏ ਪਾਠ ਦੇ ਭੋਗ ਸਮੇਂ ਤਕਰੀਰ ਕਰਦੇ ਹੋਏ ਜੋ ਆਪਣੀ ਸਰਕਾਰ ਦੇ ਹੁੰਦਿਆਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਜਾਂ ਹੋਰ ਗੁਸਤਾਖੀਆਂ ਹੋਈਆਂ ਹਨ, ਉਸ ਸੰਬੰਧੀ ਜੋ ਖਾਲਸਾ ਪੰਥ ਤੋਂ ਮੁਆਫੀ ਮੰਗੀ ਹੈ, ਉਹ ਕੇਵਲ ਤੇ ਕੇਵਲ ਸਿਆਸੀ ਹਿੱਤਾਂ ਤੋ ਪ੍ਰੇਰਿਤ ਢਕਵੰਜ ਤੇ ਸਿੱਖੀ ਰਵਾਇਤਾਂ ਤੋਂ ਉਲਟ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਨੋਟ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਖਾਲਸਾ ਪੰਥ ਨਾਲ ਕੋਈ ਖਿਲਵਾੜ ਕਰੇ, ਸਿੱਖੀ ਅਸੂਲਾਂ, ਨਿਯਮਾਂ ਦਾ ਘਾਣ ਕਰੇ, ਆਪਣੇ ਸਿਆਸੀ ਸਵਾਰਥਾਂ ਦੀ ਪੂਰਤੀ ਲਈ ਨਿਰਦੋਸ਼ਾਂ ਦਾ ਕਤਲ ਕਰਵਾਏ ਅਤੇ ਹੋਰ ਜਬਰ ਜ਼ੁਲਮ ਕਰੇ, ਤਾਂ ਅਜਿਹੀ ਗੁਸਤਾਖੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਸ ਦੋਸ਼ੀ ਨੂੰ ਦੋਸ਼ੀ ਗਰਦਾਨ ਕੇ ਗਲ ਵਿਚ ਦੋਸ਼ੀ ਹੋਣ ਦੀ ਫੱਟੀ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕ ਨਿਮਾਣੇ ਸਿੱਖ ਵਜੋਂ ਪੇਸ਼ ਹੋਇਆ ਜਾਂਦਾ ਹੈ ਅਤੇ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਉਸ ਦੋਸ਼ ਲਈ ਵਿਚਾਰ ਕਰਕੇ ਦੋਸ਼ੀ ਸਿੱਖ ਨੂੰ ਗੁਰੂ ਮਰਯਾਦਾ ਅਨੁਸਾਰ ਸਜ਼ਾ ਲਗਾਉਂਦੇ ਹਨ । ਫਿਰ ਜਾ ਕੇ ਇਹ ਮੁਆਫੀ ਮੰਗਣ ਦੀ ਪ੍ਰਕਿਰਿਆ ਪੂਰਨ ਹੁੰਦੀ ਹੈ । ਪਰ ਜੋ ਬੱਜਰ ਗੁਸਤਾਖੀਆਂ ਪ੍ਰਕਾਸ਼ ਸਿੰਘ ਬਾਦਲ ਤੇ ਬਾਦਲ ਪਰਵਾਰ ਦੀਆਂ ਵਜ਼ਾਰਤਾਂ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਵਾਲੇ ਸਿਰਸੇ ਵਾਲੇ ਸਾਧ ਨੂੰ ਬਿਨਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਏ ਆਪਣੇ ਜਥੇਦਾਰ ਸਾਹਿਬਾਨ ਤੋਂ ਸਿੱਖੀ ਰਵਾਇਤਾਂ ਦੇ ਉਲਟ ਮੁਆਫੀ ਦਿਵਾਉਣਾ, ਫਿਰ ਉਸ ਦੋਸ਼ੀ ਕਾਤਲ ਤੇ ਬਲਾਤਕਾਰੀ ਸਿਰਸੇ ਵਾਲੇ ਸਾਧ ਨੂੰ ਸਹੀ ਪ੍ਰਚਾਰਨ ਲਈ ਐਸ.ਜੀ.ਪੀ.ਸੀ ਦੇ 90 ਲੱਖ ਰੁਪਏ ਅਜਾਈਂ ਖਰਚ ਕਰਨਾ, 328 ਪਾਵਨ ਸਰੂਪ ਲਾਪਤਾ ਕਰਨ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣਾ, ਬਹਿਬਲ ਕਲਾਂ ਵਿਖੇ ਸਿੱਖਾਂ ਉਤੇ ਗੋਲੀ ਚਲਾ ਕੇ ਭਾਈ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਨੂੰ ਸ਼ਹੀਦ ਕਰਨਾ, ਕੋਟਕਪੂਰਾ ਗੋਲੀ ਕਾਂਡ, ਤਰਨ ਤਾਰਨ ਸਾਹਿਬ ਦੀ ਦਰਸ਼ਨੀ ਡਿਉੜੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੇ ਬਣਵਾਈ ਸੀ, ਉਸ ਨੂੰ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਤੋਂ ਢਹਿ-ਢੇਰੀ ਕਰਵਾਉਣ ਦੇ ਅਮਲਾਂ ਆਦਿ ਦੇ ਕੀਤੇ ਗਏ ਬੱਜਰ ਗੁਨਾਹਾਂ ਲਈ ਖਾਲਸਾ ਪੰਥ ਅਜਿਹੇ ਪੰਥ ਦੋਖੀਆਂ ਨੂੰ ਕਤਈ ਮੁਆਫ ਨਹੀ ਕਰ ਸਕਦਾ ।

## ਬਲਦੇਵ ਸਿੰਘ ਬੈਂਸ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਮਿੱਠੀਆਂ ਯਾਦਾਂ ਛੱਡਦਾ ਹੋਇਆ ਸੰਪੰਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਰਦਾਰ ਅਜੀਤ ਸਿੰਘ ਸਪੋਰਟਸ ਕਲੱਬ (ਰਜਿ) ਪਿੱਪਲਾਂਵਾਲਾ, ਹੁਸ਼ਿਆਰਪੁਰ ਵੱਲੋਂ ਦਸੰਬਰ ਮਹੀਨੇ ਵਿੱਚ ਹਰ ਸਾਲ ਪੀ.ਐੱਸ.ਪੀ.ਸੀ. ਐੱਲ. ਹੁਸ਼ਿਆਰਪੁਰ ਦੀ ਗਰਾਊਂਡ ਵਿਖੇ ਫੁਟਬਾਲ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਇਸ ਸਾਲ ਇਹ ਕਰਵਾਇਆ ਜਾ ਰਿਹਾ 11ਵਾਂ ਫੁਟਬਾਲ ਟੂਰਨਾਮੈਂਟ ਸੀ। 14 ਦਸੰਬਰ ਤੋਂ ਸ਼ੁਰੂ ਹੋਏ ਚਾਰ ਦਿਨਾਂ ਇਸ ਫੁੱਟਬਾਲ ਟੂਰਨਾਮੈਂਟ ਦੌਰਾਨ ਫ਼ਾਈਨਲ ਮੈਚ ਆਲ ਓਪਨ, ਪੱਟੀ ਅਤੇ ਚੱਬੇਵਾਲ ਦੀਆ ਟੀਮਾਂ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਪੱਟੀ ਦੀ ਟੀਮ 2 ਗੋਲਾਂ ਨਾਲ ਜੇਤੂ ਰਹੀ। ਪਿੱਪਲਾਂਵਾਲਾ ਦੀ ਟੀਮ ਰੈਵੂਲੇਸ਼ਨ ਕਲੱਬ ਹੁਸ਼ਿਆਰਪੁਰ ਨੂੰ 03 ਗੋਲਾਂ ਨਾਲ ਹਰਾਇਆ।ਅੰਡਰ 18 ਵਿੱਚ ਜਾਗਣੀਵਾਲ ਅਤੇ ਅੰਜੜਾਮ ਦੀਆਂ ਟੀਮਾਂ ਦੇ ਫਾਈਨਲ ਮੁਕਾਬਲੇ ਵਿੱਚ ਅਜੜਾਮ ਦੀ ਟੀਮ 2-1 ਨਾਲ ਜੇਤੂ ਰਹੀ।ਦਿਲਬਾਗ ਸਿੰਘ (ਰਿਟਾ.ਇੰਸਪੈਕਟਰ) ਅਤੇ ਕੇਵਲ ਸਿੰਘ ਨੇ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਟੂਰਨਾਮੈਂਟ ਕਰਵਾਉਣ ਤੇ ਧਰਮਿੰਦਰ ਸਿੰਘ ਬੈਂਸ ਵਾਸੀ ਕੈਨੇਡਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੈਚ ਦੇ ਪ੍ਰਬੰਧਕਾਂ ਵੱਲੋਂ ਟੂਰਨਾਮੈਂਟ ਦੇ ਚਾਰੇ ਦਿਨਾਂ ਵਿੱਚ ਖਿਡਾਰੀਆਂ ਲਈ ਚਾਹ ਅਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਇਸ ਟੂਰਨਾਮੈਂਟ ਦੀ ਵਿਲੱਖਣ ਗੱਲ ਇਹ ਸੀ ਕਿ ਜਿੱਥੇ ਖਿਡਾਰੀਆਂ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ ਉਥੇ ਇਲਾਕੇ ਦੇ ਲੋਕਾਂ ਨੇ ਵੀ ਇਸ ਟੂਰਨਾਮੈਂਟ ਨੂੰ ਦੇਖਣ ਦਾ ਆਨੰਦ ਮਾਣਿਆ।

# ਡੀ ਏ ਵੀ ਕਾਲਜ 'ਚ ਡਿਗਰੀ ਵੰਡ ਸਮਾਰੋਹ




**ਫਗਵਾੜਾ (ਡਾ. ਰਮਨ)**-ਮੋਹਨ ਲਾਲ ਉੱਪਲ ਡੀ.ਏ.ਵੀ. ਕਾਲਜ ਫਗਵਾੜਾ ਵਿਖੇ ਪ੍ਰਿੰਸੀਪਲ ਡਾ. ਕਿਰਨਜੀਤ ਰੰਧਾਵਾ ਦੀ ਯੋਗ ਅਗਵਾਈ ਹੇਠ ਡਿਗਰੀ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਮੌਕੇ ਡਾ. ਕੰਚਨ ਗਰਗ, ਆਈ.ਆਰ.ਐਸ.,ਸੰਯੁਕਤ ਕਮਿਸ਼ਨਰ ਇਨਕਮ ਟੈਕਸ, ਦਿੱਲੀ ਨੇ ਮੁੱਖ ਮਹਿਮਾਨ ਵਜੋਂ ਅਤੇ ਰਣਬੀਰ ਸਿੰਘ ਸੀਹਰਾ ਅਤੇ ਲਵਲੀਨ ਸੀਹਰਾ, ਡਾਇਰੈਕਟਰ ਜੀ.ਐਨ.ਏ. ਐਕਸਲਜ਼ ਮੇਹਟੀਆਣਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਗੈਸਟ ਆਫ ਆਨਰ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਰੰਧਾਵਾ, ਲੋਕਲ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਅਤੇ ਸਮੂਹ ਸਟਾਫ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਸੁਆਗਤ ਕੀਤਾ। ਇਸ ਸਮਾਰੋਹ ਦੀ ਸ਼ੁਰੂਆਤ ਆਏ ਹੋਏ ਮਹਿਮਾਨਾਂ ਦੁਆਰਾ ਦੀਪ ਪ੍ਰਜਵਲਿਤ ਕਰਕੇ ਕੀਤੀ ਗਈ । ਇਸ ਦੌਰਾਨ ਡੀ.ਏ.ਵੀ. ਸੰਸਥਾਵਾਂ ਦੇ ਸੰਸਥਾਪਕਾਂ ਦੀ ਅਹਿਮੀਅਤ ਨੂੰ ਤਰਜੀਹ ਦਿੰਦੇ ਹੋਏ ਡੀ.ਏ.ਵੀ.ਗਾਣ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਗਾਇਆ ਗਿਆ । ਇਸ ਮੌਕੇ ਮੁੱਖ ਮਹਿਮਾਨ ਦੁਆਰਾ ਸੈਸ਼ਨ 2019 ਤੋਂ 2022 ਤੱਕ ਦੇ ਆਰਟਸ, ਕਾਮਰਸ, ਸਾਇੰਸ ਅਤੇ ਕੰਪਿਊਟਰ ਸਟ੍ਰੀਮ ਦੇ ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਪੱਧਰ ਦੇ ਵਿਦਿਆਰਥੀਆਂ ਨੂੰ ਲਗਭਗ 150 ਦੇ ਕਰੀਬ ਡਿਗਰੀਆਂ ਪ੍ਰਦਾਨ ਕਰਨ ਉਪਰੰਤ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਦੇ ਉਜਲ ਭਵਿੱਖ ਦੀ ਕਾਮਨਾ ਕੀਤੀ । ਇਸ ਦੌਰਾਨ ਪ੍ਰਿੰਸੀਪਲ ਡਾ. ਰੰਧਾਵਾ ਨੇ ਕਾਲਜ ਦੀ ਸਲਾਨਾ ਰਿਪੋਰਟ ਪੇਸ਼ ਕਰਦਿਆਂ ਦੱਸਿਆ ਕਿ ਸਾਡੀ ਵਿੱਦਿਅਕ ਸੰਸਥਾ ਹਮੇਸ਼ਾ ਹੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਆਕਦਮਿਕ ਅਤੇ ਗੈਰ ਆਕਦਮਿਕ ਖੇਤਰ ਵਿੱਚ 23 ਸਾਲਾਂ ਤੋਂ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੀ ਆ ਰਹੀ ਹੈ ਤੇ ਅੱਗੇ ਤੋਂ ਵੀ ਨਿਭਾਉਂਦੀਂ ਰਹੇਗੀ । ਉਨ੍ਹਾਂ ਦੱਸਿਆ ਕਿ ਅਕਾਦਮਿਕ ਖੇਤਰ ਵਿੱਚ ਸਾਡੇ ਕਾਲਜ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਪੱਧਰ 'ਤੇ ਮੈਰਿਟ ਪੁਜੀਸ਼ਨਾਂ ਅਤੇ ਡਿਸਟਿੰਕਸ਼ਨਾਂ ਹਾਸਲ ਕਰਦਿਆਂ ਕਾਲਜ ਦਾ ਨਾਂ ਰੋਸ਼ਨ ਕੀਤਾ, ਉੱਥੇ ਹੀ ਗੈਰ ਅਕਾਦਮਿਕ ਖੇਤਰ ਵਿੱਚ ਜਿਵੇਂ ਕਿ ਖੇਡਾਂ ਤੇ ਯੂਥ ਫੈਸਟੀਵਲ ਵਿੱਚ ਜਿੱਤਾਂ ਪ੍ਰਾਪਤ ਕਰਕੇ ਕਾਲਜ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਦਾ ਕਾਰਜ ਕੀਤਾ । ਇਸ ਦੇ ਨਾਲ ਹੀ ਮੈਰਿਟ ਹੋਲਡਰ, ਡਿਸਟਿੰਕਸ਼ਨ ਹੋਲਡਰ, ਖੇਡਾਂ ਅਤੇ ਯੂਥ ਫੈਸਟੀਵਲ ਵਿੱਚ ਜਿੱਤ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਸ ਸਮੇਂ ਪਹੁੰਚੀਆਂ ਵਿਸ਼ੇਸ਼ ਸ਼ਖਸੀਅਤਾਂ ਦੁਆਰਾ ਇਨਾਮ ਵੰਡੇ ਗਏ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਇਸੇ ਲਗਨ ਅਤੇ ਮਿਹਨਤ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਇਸ ਉਪਰੰਤ ਆਏ ਹੋਏ ਮੁੱਖ ਮਹਿਮਾਨ ਡਾ. ਕੰਚਨ ਗਰਗ ਨੂੰ ਪ੍ਰਿੰਸੀਪਲ ਡਾ. ਰੰਧਾਵਾ, ਲੋਕਲ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਵਿਕਾਸ ਉੱਪਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਵਲੋਂ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ ਅਤੇ ਕਾਲਜ ਦੇ ਕੁਝ ਪੁਰਾਣੇ ਵਿਦਿਆਰਥੀਆਂ ਨੇ ਇਸ ਮੌਕੇ ਕਾਲਜ ਨਾਲ ਜੁੜੇ ਆਪਣੇ ਤਰਜਬੇ ਨੂੰ ਪੇਸ਼ ਕੀਤਾ । ਪ੍ਰਿੰਸੀਪਲ ਡਾ. ਰੰਧਾਵਾ ਅਤੇ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਵਿਕਾਸ ਉੱਪਲ ਨੇ ਡਿਗਰੀ ਅਤੇ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ । ਇਸ ਦੌਰਾਨ ਪ੍ਰਿੰਸੀਪਲ ਡਾ. ਰੰਧਾਵਾ, ਡਾ. ਕੰਚਨ ਗਰਗ, ਰਣਬੀਰ ਸਿੰਘ ਸੀਹਰਾ ਅਤੇ ਲਵਲੀਨ ਸੀਹਰਾ, ਵਿਕਾਸ ਉੱਪਲ ਚੇਅਰਮੈਨ, ਪੂਜਾ ਉੱਪਲ ਅਤੇ ਸ੍ਰੀ ਓਮ ਉੱਪਲ, ਡਾ. ਸ੍ਰੀ ਰਾਜੀਵ ਦਿਓਲ ਸਾਬਕਾ ਪ੍ਰਿੰਸੀਪਲ ਡੀ.ਏ.ਵੀ. ਕਾਲਜ ਫਿਲੌਰ, ਰਾਜੀਵ ਦਿਓਲ, ਸੁਬੋਧ ਸੋਬਤੀ, ਤਾਰਾ ਚੰਦ ਚੁੰਬਰ, ਸਤੀਸ਼ ਜੈਨ, ਐਸ.ਐਨ. ਅਗਰਵਾਲ, ਨਿਖਿਲ ਗੁਪਤਾ, ਵਿਜੇ ਸੌਂਧੀ, ਅਜੀਤ ਸਿੰਘ ਵਾਲੀਆ, ਪ੍ਰਿੰਸੀਪਲ ਡਾ. ਐਨ.ਖੇਤੀ, ਸ੍ਰੀ ਬਾਂਸਲ, ਦਿਲਬਾਗ ਸਿੰਘ ਰੰਧਾਵਾ ਅਤੇ ਕੁਝ ਹੋਰ ਮਹਿਮਾਨ ਤੇ ਕਾਲਜ ਵਿਦਿਆਰਥੀ ਅਤੇ ਸਮੂਹ ਸਟਾਫ ਮੌਜੂਦ ਰਿਹਾ।

19-DEC-PAGE-10.qxd 12/18/2023 10:38 PM Page 1



# ਡੀ ਜੇ ਨੂੰ ਲੈ ਕੇ ਹੋਏ ਝਗੜੇ 'ਚ ਇੱਕ ਦੀ ਮੌਤ, ਚਾਰ ਜ਼ਖ਼ਮੀ



ਝਗੜੇ ਦੌਰਾਨ ਜ਼ਖ਼ਮੀ ਹੋਏ ਵਿਅਕਤੀ ਜ਼ੇਰੇ ਇਲਾਜ।

**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**

ਲੰਬੀ ਹਲਕੇ ਦੇ ਪਿੰਡ ਖੁੱਡੀਆਂ ਮਹਾਂਸਿੰਘ ਵਿਖੇ ਸੁਨੀਲ ਨਾਮਕ ਨੌਜਵਾਨ ਦੇ ਵਿਆਹ ਸਮਾਗਮ ਨੂੰ ਲੈ ਕੇ ਚੱਲ ਰਹੇ ਡੀ ਜੇ ਨੂੰ ਬੰਦ ਕਰਵਾਉਣ ਨੂੰ ਲੈ ਕੇ ਦੋ ਧਿਰਾਂ ਵਿੱਚ ਹੋਏ ਝਗੜੇ ਵਿੱਚ ਇੱਕ ਧਿਰ ਦੇ 2 ਔਰਤਾਂ ਸਮੇਤ 4 ਲੋਕ ਜ਼ਖ਼ਮੀ ਹੋ ਗਏ, ਜਦਕਿ ਇੱਕ ਔਰਤ ਦੀ ਮੌਤ ਹੋ ਗਈ। ਸਿਵਲ ਹਸਪਤਾਲ ਮਲੋਟ ਵਿੱਚ ਜ਼ੇਰੇ ਇਲਾਜ ਹਰਬੰਸ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਸਾਡੇ ਘਰ ਵਿੱਚ ਵਿਆਹ ਸਮਾਗਮ ਦਾ ਡੀ ਜੇ ਚੱਲ ਰਿਹਾ ਸੀ, ਜਦੋਂ ਸਾਰਾ ਸਮਾਗਮ ਸਮਾਪਤ ਹੋ ਗਿਆ ਤਾਂ ਸਾਡੇ ਗਵਾਂਢੀਆਂ ਨੇ ਡੀ ਜੇ ਲਗਾ ਲਿਆ ਅਤੇ ਜਦੋਂ ਉਹ ਬੰਦ ਕਰਵਾਉਣ ਗਏ ਤਾਂ ਉਨ੍ਹਾਂ ਨੇ ਸਾਡੇ ਉੱਪਰ ਇੱਟਾਂ ਨਾਲ ਹਮਲਾ ਕਰ ਦਿੱਤਾ, ਜਿਸ ਵਿੱਚ ਉਨ੍ਹਾਂ ਦੀਆਂ ਔਰਤਾਂ ਸਮੇਤ ਪੰਜ ਜ਼ਖ਼ਮੀ ਹੋ ਗਏ ਤੇ ਉਸ ਦੀ ਮਾਤਾ ਦੀ ਮੌਤ ਹੋ ਗਈ। ਦੂਜੇ ਪਾਸੇ ਥਾਣਾ ਲੰਬੀ ਦੇ ਮੁਖੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਪਿੰਡ ਵਿੱਚ ਹੀ ਵਿਆਹ ਦਾ ਸਮਾਗਮ ਸੀ, ਜਿੱਥੇ ਡੀ ਜੇ ਨੂੰ ਲੈ ਕੇ ਦੋ ਧਿਰਾਂ ਦਾ ਆਪਸੀ ਝਗੜਾ ਹੋਇਆ, ਜਿਸ ਵਿੱਚ ਬਿਆਨਾਂ ਮੁਤਾਬਿਕ ਇੱਕ ਧਿਰ ਨਛੱਤਰ ਸਿੰਘ ਤੇ ਹੋਰਾਂ ਨੇ ਇੱਟਾਂ ਨਾਲ ਹਮਲਾ ਕਰ ਦਿੱਤਾ, ਜਿਸ ਵਿੱਚ 2 ਔਰਤਾਂ ਸਮੇਤ 4 ਜ਼ਖ਼ਮੀ ਹੋ ਗਏ ਤੇ ਇੱਕ ਔਰਤ ਗੁਰਮੇਲ ਕੌਰ ਦੀ ਮੌਤ ਹੋ ਗਈ। ਲੰਬੀ ਪੁਲਸ ਵੱਲੋਂ ਮਾਮਲਾ ਦਰਜ ਕਰਕੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਹੁਕਮਰਾਨ ਸਰਕਾਰਾਂ ਨੇ ਪੁਰਾਣੀ ਪੈਨਸ਼ਨ ਦਾ ਹੱਕ ਖੋਹ ਕੇ ਧਰੋਹ ਕਮਾਇਆ : ਅਸ਼ੋਕ ਕੌਸ਼ਲ

## 80 ਸਾਲ ਉਮਰ ਦੇ ਪੈਨਸ਼ਨਰਾਂ ਦਾ ਕੀਤਾ ਸਨਮਾਨ



**ਕੋਟਕਪੂਰਾ (ਰਛਪਾਲ ਭੁੱਲਰ)**

ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਵੱਲੋਂ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਜਥੇਬੰਦੀ ਦੇ ਸੂਬਾਈ ਆਗੂ ਅਸ਼ੋਕ ਕੌਸ਼ਲ, ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ, ਜਨਰਲ ਸਕੱਤਰ ਪ੍ਰੇਮ ਚਾਵਲਾ, ਵਿੱਤ ਸਕੱਤਰ ਸੋਮ ਨਾਥ ਅਰੋੜਾ ਦੀ ਅਗਵਾਈ ਹੇਠ ਪੈਨਸ਼ਨਰ ਦਿਵਸ ਮਨਾਇਆ ਗਿਆ। ਸਮਾਗਮ ਦੌਰਾਨ ਪੈਨਸ਼ਨਰ ਦਿਵਸ ਦਾ ਇਤਿਹਾਸ ਤੇ ਮੌਜੂਦਾ ਸਮੇਂ ਵਿੱਚ ਦਰਪੇਸ਼ ਚੁਣੌਤੀਆਂ ਵਿਸ਼ੇ ਸਬੰਧੀ ਵਿਚਾਰ ਚਰਚਾ ਕਰਦੇ ਹੋਏ ਸੂਬਾਈ ਆਗੂ ਅਸ਼ੋਕ ਕੌਸ਼ਲ ਨੇ ਕਿਹਾ ਕਿ ਦੇਸ਼ ਭਰ ਦੇ ਮੁਲਾਜ਼ਮ ਵਰਗ 'ਤੇ ਪਹਿਲਾ ਹਮਲਾ ਭਾਜਪਾ ਦੀ ਵਾਜਪਾਈ ਸਰਕਾਰ ਨੇ ਅਤੇ ਪੰਜਾਬ ਰਾਜ ਵਿੱਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਕੀਤਾ, ਜਦੋਂ ਇੱਕ ਜਨਵਰੀ 2004 ਤੋਂ ਬਾਅਦ ਭਰਤੀ ਹੋਣ ਵਾਲੇ ਮੁਲਾਜ਼ਮਾਂ ਤੋਂ ਪੁਰਾਣੀ ਪੈਨਸ਼ਨ ਖੋਹ ਕੇ ਨਿਗੂਣੀ ਜਿਹੀ ਨਵੀਂ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ। ਉਨ੍ਹਾ ਕਿਹਾ ਕਿ ਅਜਿਹਾ ਕਰਕੇ ਮੌਕੇ ਦੀਆਂ ਹੁਕਮਰਾਨ ਸਰਕਾਰਾਂ ਨੇ ਪੈਨਸ਼ਨਰਾਂ ਨਾਲ ਧਰੋਹ ਕਮਾਇਆ ਹੈ। ਜ਼ਿਲ੍ਹਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਕਿਹਾ ਕਿ ਮੁਲਾਜ਼ਮਾਂ ਦੀ ਠੇਕੇ ਤੇ ਆਊਟਸੋਰਸ 'ਤੇ ਭਰਤੀ ਰਾਹੀਂ ਪੈਨਸ਼ਨ ਤਾਂ ਕੀ ਦੇਣੀ ਸੀ, ਸਮੇਂ ਸਮੇਂ ਦੀਆਂ ਹੁਕਮਰਾਨ ਸਰਕਾਰਾਂ ਨੇ ਤਨਖਾਹ ਸਕੇਲ ਦੇਣੇ ਵੀ ਮੁਨਾਸਿਬ ਨਹੀਂ ਸਮਝੇ। ਇਸ ਤੋਂ ਇਲਾਵਾ ਮੋਦੀ ਸਰਕਾਰ ਨੇ ਹੁਣ ਨਵਾਂ ਹਮਲਾ ਕਰਕੇ ਫੌਜ ਵਿੱਚ ਅਗਨੀਪੱਥ ਸਕੀਮ ਰਾਹੀਂ ਸੁਰੱਖਿਆ ਬਲਾਂ ਨੂੰ ਵੀ ਪੈਨਸ਼ਨ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਤੋਂ ਇਨਕਾਰੀ ਹਾਕਮਾਂ ਨੂੰ ਸਬਕ ਸਿਖਾਉਣ ਲਈ ਹੁਣ ਤੋਂ ਹੀ ਕਮਰਕੱਸੇ ਕੱਸ ਲੈਣੇ ਚਾਹੀਦੇ ਹਨ। ਇਸ ਵਿਚਾਰ ਚਰਚਾ ਦੌਰਾਨ ਬਹਿਸ ਵਿੱਚ ਭਾਗ ਲੈਂਦੇ ਹੋਏ ਹਰਨਾਮ ਸਿੰਘ ਸੇਵਾ ਮੁਕਤ ਲੈਕਚਰਾਰ, ਗਿਆਨ ਚੰਦ ਸ਼ਰਮਾ, ਸ਼ਾਮ ਲਾਲ ਚਾਵਲਾ, ਵੇਦ ਪ੍ਰਕਾਸ਼ ਸ਼ਰਮਾ, ਹਰਦੀਪ ਸਿੰਘ ਕਟਾਰੀਆ, ਓਮਕਾਰ ਗੋਇਲ ਪ੍ਰਧਾਨ, ਸੋਮ ਨਾਥ ਅਰੋੜਾ, ਰਜਿੰਦਰ ਸਿੰਘ ਸਰਾਂ ਸੇਵਾ ਮੁਕਤ ਤਹਿਸੀਲਦਾਰ, ਅਮਰਜੀਤ ਕੌਰ ਛਾਬੜਾ ਤੇ ਗੁਰਵੀਰ ਸਿੰਘ ਵਾਂਦਰ ਜਟਾਣਾ ਨੇ ਕਿਹਾ ਕਿ ਸਮੇਂ ਦੀ ਮੁੱਖ ਲੋੜ ਹੈ ਕਿ ਸਾਰੀਆਂ ਮੁਲਾਜ਼ਮ ਤੇ ਪੈਨਸ਼ਨ ਧਿਰਾਂ ਲਾਮਬੰਦ ਹੋ ਕੇ ਹੁਕਮਰਾਨ ਸਰਕਾਰਾਂ ਖਿਲਾਫ ਸੰਘਰਸ਼ ਦਾ ਪਿੜ ਤਿਆਰ ਕਰਨ। ਸਮਾਗਮ ਦੌਰਾਨ 80 ਸਾਲ ਦੇ ਲਗਭਗ ਉਮਰ ਪੂਰੀ ਕਰ ਚੁੱਕੇ 22 ਸਹਿਯੋਗੀ ਪੈਨਸ਼ਨਰਾਂ ਨੂੰ ਯਾਦਗਾਰੀ ਚਿੰਨ, ਲੋਈ ਤੇ ਸ਼ਾਲ ਭੇਟ ਕਰਕੇ ਸਨਮਾਨਤ ਕੀਤਾ ਗਿਆ ਤੇ ਇਨ੍ਹਾਂ ਸਾਰਿਆਂ ਵੱਲੋਂ ਆਪਣੇ ਸੇਵਾ ਕਾਲ ਦੌਰਾਨ ਤੇ ਸੇਵਾ ਮੁਕਤ ਹੋਣ ਤੋਂ ਬਾਅਦ ਸਮਾਜ ਪ੍ਰਤੀ ਨਿਭਾਈਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਨਰੂਲਾ, ਮੁਖਤਿਆਰ ਸਿੰਘ ਮੱਤਾ, ਗੇਜ ਰਾਮ ਭੌਰਾ, ਨਛੱਤਰ ਸਿੰਘ ਭਾਣਾ, ਕੈਪਟਨ ਰੂਪ ਚੰਦ ਅਰੋੜਾ, ਮਦਨ ਲਾਲ ਸ਼ਰਮਾ, ਹਰਨੇਕ ਸਿੰਘ ਸਾਹੋਕੇ ਇੰਸਪੈਕਟਰ ਪੰਜਾਬ ਰੋਡਵੇਜ਼, ਪ੍ਰਿੰਸੀਪਲ ਦਰਸ਼ਨ ਸਿੰਘ, ਕੇਵਲ ਸਿੰਘ ਲੰਭਵਾਲੀ, ਦਰਸ਼ਨ ਸਿੰਘ ਫੌਜੀ, ਸੁਸ਼ੀਲ ਕੌਸ਼ਲ, ਹਰਨੇਕ ਸਿੰਘ ਸਰਾਂ, ਪੂਰਨ ਸਿੰਘ ਸੰਧਵਾਂ, ਹਰਵਿੰਦਰ ਸ਼ਰਮਾ, ਪ੍ਰੇਮ ਕੁਮਾਰੀ, ਸੰਤੋਸ਼ ਕੁਮਾਰੀ ਚਾਵਲਾ, ਹਰਦੀਪ ਸਿੰਘ ਫਿੱਡੂ ਭਲਵਾਨ, ਸੁਖਚਰਨ ਸਿੰਘ, ਗੁਰਦੀਪ ਭੋਲਾ, ਪੀ ਆਰ ਟੀ ਸੀ ਚੰਦ ਸਿੰਘ ਤੇ ਮਲਕੀਤ ਸਿੰਘ ਢਿਲਵਾਂ ਕਲਾਂ, ਪ੍ਰੀਤਮ ਸਿੰਘ, ਗੁਰਕੀਰਤ ਸਿੰਘ, ਮੇਘ ਰਾਜ ਸ਼ਰਮਾ, ਮੇਜਰ ਸਿੰਘ, ਪਰਮਿੰਦਰ ਸਿੰਘ ਜਟਾਣਾ, ਮਨਜਿੰਦਰ ਸਿੰਘ, ਅਮਰਜੀਤ ਸਿੰਘ, ਕਸ਼ਮੀਰਾ ਸਿੰਘ, ਜਗਵੰਤ ਸਿੰਘ ਬਰਾੜ ਮੁੱਖ ਅਧਿਆਪਕ, ਮਨਜੀਤ ਕੌਰ ਬਰਾੜ, ਬਿੱਕਰ ਸਿੰਘ ਗੰਦਾਰਾ, ਨਾਹਰ ਸਿੰਘ ਗਿੱਲ, ਸਤੀਸ਼ ਕੁਮਾਰ ਤੇ ਹਰਪਾਲ ਸਿੰਘ ਸਿਹਤ ਵਿਭਾਗ ਫਰੀਦਕੋਟ ਆਦਿ ਹਾਜ਼ਰ ਸਨ।

# ਬੀ ਕੇ ਯੂ ਏਕਤਾ ਡਕੌਂਦਾ ਦੀ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲ੍ਹਾ ਫਿਰੋਜ਼ਪੁਰ ਦੀ ਮੀਟਿੰਗ ਪਿੰਡ ਮਹਿਮਾ ਵਿਖੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਤੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਕੜਮਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਬਚਣ ਅਤੇ ਕਿਸਾਨੀ ਤੇ ਜਵਾਨੀ ਨੂੰ ਬਚਾਉਣ ਲਈ ਲੋਕਾਂ ਨੂੰ ਇਕੱਠੇ ਹੋ ਕੇ ਲੜਨ ਦੀ ਅਪੀਲ ਕੀਤੀ।ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਕੜਮਾ ਨੇ ਕਿਹਾ ਕਿ 19 ਦਸੰਬਰ 2023 ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਐੱਚ ਡੀ ਐੱਫ ਸੀ ਬੈਂਕ ਤਲਵੰਡੀ ਭਾਈ ਕਾ ਵਿਖੇ ਬੈਂਕ ਦਾ ਪੱਕੇ ਤੌਰ 'ਤੇ ਘਿਰਾਓ ਕੀਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਗੁਲਜ਼ਾਰ ਸਿੰਘ ਕੱਬਰਵੱਛਾ, ਜ਼ਿਲ੍ਹਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਡੋਡ, ਜ਼ਿਲ੍ਹਾ ਮੈਂਬਰ ਸ਼ਮਸ਼ੇਰ ਸਿੰਘ ਸ਼ਹਿਜ਼ਾਦੀ, ਜ਼ਿਲ੍ਹਾ ਮੈਂਬਰ ਬਗੀਚਾ ਸਿੰਘ, ਬਲਾਕ ਮਮਦੋਟ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਬਲਾਕ ਪ੍ਰਧਾਨ ਜ਼ੀਰਾ ਪ੍ਰਨੀਤ ਸਿੰਘ ਭੜਾਣਾ, ਹਰਜੀਤ ਸਿੰਘ ਗੱਟੀ, ਜੁਗਰਾਜ ਸਿੰਘ ਗੱਟੀ, ਜਗਤਾਰ ਸਿੰਘ ਭੱਟੀਆ, ਡਾਕਟਰ ਪਰਮਜੀਤ ਸਿੰਘ, ਬੂਟਾ ਸਿੰਘ ਮਿਰਜ਼ੇ ਕੇ, ਰੇਸ਼ਮ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### ਐਡਵੋਕੇਟ ਪ੍ਰਾਚੀ ਗੁਪਤਾ ਵੱਲੋਂ 'ਆਰਟੀਫ਼ੀਸ਼ੀਅਲ ਇੰਟੈਲੀਜੈਂਸ ਐਂਡ ਲਾਅ' ਕਿਤਾਬ ਜਾਰੀ



**ਸਮਾਣਾ (ਇਕਬਾਲ ਸਿੰਘ)**-ਐਡਵੋਕੇਟ ਪ੍ਰਾਚੀ ਗੁਪਤਾ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ, ਜੋ ਨਕਲੀ ਬੁੱਧੀ ਤੇ ਕਾਨੂੰਨ ਦੇ ਬਦਲਦੇ ਰੂਪ ਨੂੰ ਸਮਰਪਤ ਇੱਕ ਮਹੱਤਵਪੂਰਨ ਕਿਤਾਬ ਆਰਟੀਫੀਸ਼ੀਅਲ ਇੰਟੈਲੀਜੈਂਸੀ ਐਂਡ ਲਾਅ ਛਾਪੀ ਹੈ, ਜੋ ਕਾਨੂੰਨ ਦੇ ਖੇਤਰ ਦੇ ਵਿਚਕਾਰ ਗਤੀਸ਼ੀਲ ਸਬੰਧਾਂ ਦੀ ਖੋਜ ਪੇਸ਼ ਕਰਦੀ ਹੈ। ਇਹ ਕਿਤਾਬ ਦਿੱਲੀ ਦੀ ਮਸ਼ਹੂਰ ਸੱਤਿਅਮ ਲਾਅ ਇੰਟਰਨੈਸ਼ਨਲ ਏਜੰਸੀ ਨੇ ਪ੍ਰਕਾਸ਼ਤ ਕੀਤੀ ਹੈ। ਇਹ ਕਿਤਾਬ ਵਿਕਾਸਸ਼ੀਲ ਲੈਂਡਸਕੇਪ ਦੀ ਇੱਕ ਵਿਆਪਕ ਖੋਜ ਕਾਨੂੰਨੀ ਪ੍ਰਣਾਲੀਆਂ ਨੂੰ ਉਜਾਗਰ ਕਰਦੀ ਹੈ, ਜੋ ਪ੍ਰਵਰਤਨਸ਼ੀਲ ਪ੍ਰਭਾਵ ਤੇ ਚੁਣੌਤੀਆਂ ਇਸ ਕਨਵਰਜੈਂਸ ਤੋਂ ਪੈਦਾ ਹੁੰਦੀਆਂ ਹਨ। ਪ੍ਰਾਚੀ ਗੁਪਤਾ ਨੇ ਕਿਹਾ ਕਿ ਉਨ੍ਹਾਂ ਦੇ ਆਰਟੀਕਲ ਪਹਿਲਾਂ ਵੀ ਕਈ ਪਬਲਿਸ਼ਰਾਂ ਵੱਲੋਂ ਨਿਰੰਤਰ ਕਿਤਾਬਾਂ ਵਿੱਚ ਛਾਪੇ ਜਾ ਰਹੇ ਹਨ, ਪਰ ਹੁਣ ਉਨ੍ਹਾਂ ਨੇ ਆਪਣੀ ਖੁਦ ਦੀ ਕਿਤਾਬ ਲਿਖੀ ਹੈ, ਜੋ ਸੱਤਿਅਮ ਲਾਅ ਇੰਟਰਨੈਸ਼ਨਲ ਵੱਲੋਂ ਪ੍ਰਿੰਟ ਕਰਕੇ ਪ੍ਰਕਾਸ਼ਤ ਕੀਤੀ ਗਈ ਹੈ ਤੇ ਇਹ ਕਿਤਾਬ ਐਮਾਜ਼ਾਨ ਉੱਤੇ ਵੀ ਉਪਲਬਧ ਹੈ। ਉਨ੍ਹਾਂ ਕਿਹਾ ਕਿ ਉਹ ਹੋਰ ਵਧੀਆ ਕਿਤਾਬਾਂ ਲਿਖ ਕੇ ਆਪਣੇ ਪਿਤਾ ਸਵਰਗੀ ਮੁਕੇਸ਼ ਕੁਮਾਰ ਗਰਗ ਦਾ ਨਾਂਅ ਹਮੇਸ਼ਾ ਲਈ ਚਮਕਦਾ ਰੱਖੇਗੀ।

### ਅੱਜ ਬਿਜਲੀ ਬੰਦ ਰਹੇਗੀ

**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ. ਦੀ ਸਬ ਡਵੀਜ਼ਨ ਚੀਮਾ ਮੰਡੀ ਦੇ ਐੱਸ ਡੀ ਓ ਦਫਤਰ ਵੱਲੋਂ ਜਾਰੀ ਇੱਕ ਪਬਲਿਕ ਨੋਟਿਸ ਅਨੁਸਾਰ 66 ਕੇ ਵੀ ਗਰਿਡ ਕਨਕਵਾਲ ਤੋਂ ਮਿਲਦੀ ਬਿਜਲੀ ਸਪਲਾਈ ਪਿੰਡ ਦੌਲਾ ਸਿੰਘ ਵਾਲਾ, ਰਤਨਗੜ੍ਹ, ਕਨਕਵਾਲ ਵਿੱਚ 19 ਦਸੰਬਰ ਨੂੰ ਸਵੇਰੇ ਦਸ ਵਜੇ ਤੋਂ ਸ਼ਾਮ ਚਾਰ ਵਜੇ ਤੱਕ ਬੰਦ ਰਹੇਗੀ।

### ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ 'ਚ ਦੇਵੇਗੀ ਸਾਥ : ਕਮਾਲਪੁਰਾ/ਚੱਕ ਭਾਈਕਾ



**ਜਗਰਾਉਂ (ਸੰਜੀਵ ਅਰੋੜਾ)**-ਸਿੱਖ ਕੌਮ ਦੇ ਹੱਕਾਂ ਦੀ ਗੱਲ ਕਰਨ ਵਾਲੇ ਬੰਦੀ ਸਿੰਘ ਜੋ ਸਿੱਖ ਪੰਥ ਦੇ ਅਨਮੋਲ ਹੀਰੇ ਹਨ, ਜਿਨ੍ਹਾਂ ਨੇ ਪੰਜਾਬ ਦੀ ਹੋਂਦ ਨੂੰ ਢਾਹ ਲੱਗਣ ਤੋਂ ਬਚਾਇਆ ਹੈ ਅਤੇ ਉਹ ਪਿਛਲੇ ਲੰਬੇ ਸਮੇਂ ਤੋਂ ਭਾਰਤ ਦੀਆ ਵੱਖ-ਵੱਖ ਜੇਲ੍ਹਾਂ ਵਿੱਚ ਆਪਣੀਆ ਸਜ਼ਾਵਾਂ ਕੱਟਣ ਤੋਂ ਵੀ ਦੁੱਗਣਾ ਸਮਾਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਅੱਜ ਵੀ ਬੰਦ ਹਨ, ਨੂੰ ਕੇਂਦਰ ਸਰਕਾਰ ਵੱਲੋਂ ਬਿਨਾਂ ਸ਼ਰਤ ਰਿਹਾਅ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਹਿੰਦਰ ਸਿੰਘ ਕਮਾਲਪੁਰਾ ਤੇ ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ ਨੇ ਸਾਂਝੇ ਰੂਪ ਵਿੱਚ ਕੀਤਾ। ਉਨ੍ਹਾਂ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਤੱਕ ਹਮੇਸ਼ਾ ਪੰਜਾਬ ਤੇ ਖਾਸ ਕਰ ਸਿੱਖਾਂ ਨਾਲ ਕੇਂਦਰ ਦੀ ਹਰ ਸਰਕਾਰ ਜਾਣ-ਬੁੱਝ ਕੇ ਧੱਕਾ ਕਰਦੀ ਆ ਰਹੀ ਹੈ, ਜਦਕਿ ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਸਭ ਤੋਂ ਵੱਡਾ ਰੋਲ ਪੰਜਾਬ ਦੇ ਵਸਨੀਕਾਂ ਤੇ ਸਿੱਖ ਕੌਮ ਦਾ ਹੈ, ਪਰ ਬੰਦੀ ਸਿੰਘਾਂ ਨੂੰ ਜਾਣ-ਬੁੱਝ ਕੇ ਰਿਹਾਅ ਨਾ ਕਰਨ ਨਾਲ ਸਰਕਾਰਾਂ ਪੰਜਾਬ ਅਤੇ ਸਿੱਖਾਂ ਨੂੰ ਬੇਗਾਨਾਪਣ ਮਹਿਸੂਸ ਕਰਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖ ਕੌਮ ਦੀ ਸਿਰਮੌਰ ਧਾਰਮਿਕ ਸੰਸਥਾ ਹੈ ਅਤੇ ਸਿਰਮੌਰ ਸੰਸਥਾ ਵੱਲੋਂ ਬੰਦੀ ਸਿੰਘਾਂ ਲਈ ਉਲੀਕੇ ਪ੍ਰੋਗਰਾਮ ਨੂੰ ਮੰਨਣਾ ਹਰ ਇਕ ਸਿੱਖ ਦਾ ਫ਼ਰਜ਼ ਬਣਦਾ ਹੈ।

### ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਖ਼ੂਨਦਾਨ ਕੈਂਪ 23 ਨੂੰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪ੍ਰੈੱਸ ਕਲੱਬ ਮਹਿਲ ਕਲਾਂ, ਗ੍ਰਾਮ ਪੰਚਾਇਤ, ਨੌਜਵਾਨ ਸਭਾ ਗੁਰਮ ਵੱਲੋਂ ਸਰਬੰਸਦਾਨੀ ਦਸਮੇਸ਼ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਤ ਵਿਸ਼ਾਲ ਖ਼ੂਨਦਾਨ ਕੈਂਪ 23 ਦਸੰਬਰ ਨੂੰ ਸਵੇਰੇ 10 ਤੋਂ 2 ਵਜੇ ਤੱਕ ਮੁੱਖ ਸੇਵਾਦਾਰ ਬਾਬਾ ਚਤਰ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਛਾਉਣੀ ਨਹਿੰਗ ਸਿੰਘਾਂ ਬੁੱਢਾ ਦਲ ਪਿੰਡ ਗੁਰਮ (ਬਰਨਾਲਾ) ਵਿਖੇ ਲਗਵਾਇਆ ਜਾ ਰਿਹਾ ਹੈ, ਜਿਸ ਦਾ ਉਦਘਾਟਨ ਸੰਤ ਬਾਬਾ ਸੱਚ ਕਾ ਨੰਦ ਗੁਰਮਾਂ ਵਾਲੇ ਕਰਨਗੇ। ਇਸ ਮੌਕੇ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਦੀ ਟੀਮ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰੇਗੀ। ਪ੍ਰਬੰਧਕਾਂ ਵੱਲੋਂ ਖ਼ੂਨਦਾਨੀਆਂ ਤੋਂ ਇਲਾਵਾ ਵੱਖ ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

# ਰਿਸ਼ਵਤ ਮਾਮਲੇ 'ਚ ਬੀ ਡੀ ਪੀ ਓ ਦਫਤਰ ਦੇ ਕਰਮਚਾਰੀ ਨੂੰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਜੀਲੈਂਸ ਬਿਊਰੋ ਦੀ ਫ਼ਤਹਿਗੜ੍ਹ ਸਾਹਿਬ ਯੂਨਿਟ ਵੱਲੋਂ ਰਿਸ਼ਵਤ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਬੀ.ਡੀ.ਪੀ.ਓ. ਦਫ਼ਤਰ ਦੇ ਕਰਮਚਾਰੀ ਸੱਤ ਨਰਾਇਣ ਸਿੰਗਲਾ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਵਿਜੀਲੈਂਸ ਬਿਊਰੋ ਦੇ ਫ਼ਤਹਿਗੜ੍ਹ ਸਾਹਿਬ ਯੂਨਿਟ ਨੂੰ ਗੁਰਿੰਦਰਜੀਤ ਸਿੰਘ ਨਾਮਕ ਵਿਅਕਤੀ ਨੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦੇ ਕੱਚੇ ਮਕਾਨ ਨੂੰ ਪੱਕਾ ਕਰਨ ਲਈ ਸਰਕਾਰ ਵੱਲੋਂ ਆਈ ਗਰਾਂਟ ਦੀ ਕਿਸ਼ਤ ਜਾਰੀ ਕਰਨ ਬਦਲੇ ਬੀ.ਡੀ.ਪੀ.ਓ. ਦਫਤਰ ਬਸੀ ਪਠਾਨਾਂ ਦੇ ਟੈਕਨੀਕਲ ਅਸਿਟੈਂਟ ਸੱਤ ਨਰਾਇਣ ਸਿੰਗਲਾ ਵੱਲੋਂ ਉਸ ਤੋਂ ਰਿਸ਼ਵਤ ਮੰਗੀ ਜਾ ਰਹੀ ਹੈ, ਜਿਸ 'ਤੇ ਵਿਜੀਲੈਂਸ ਦੀ ਟੀਮ ਨੇ ਟਰੈਪ ਲਗਾਉਂਦਿਆਂ ਸਰਕਾਰੀ ਤੇ ਪ੍ਰਾਈਵੇਟ ਗਵਾਹਾਂ ਦੀ ਹਾਜ਼ਰੀ 'ਚ ਸ਼ਿਕਾਇਤਕਰਤਾ ਤੋਂ ਪੰਜ ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਸਮੇਂ ਸੱਤ ਨਰਾਇਣ ਸਿੰਗਲਾ ਨੂੰ ਰੰਗੇ ਹੱਥੀਂ ਕਾਬੂ ਕੀਤਾ ਸੀ, ਜਿਸ ਦੇ ਸਬੰਧ 'ਚ ਮਿਤੀ 8/1/18 ਨੂੰ ਵਿਜੀਲੈਂਸ ਥਾਣਾ ਪਟਿਆਲਾ ਵਿਖੇ ਅ/ਧ ਪ੍ਰੀਵੈਨਸ਼ਨ ਆਫ ਕੁਰੱਪਸ਼ਨ ਐਕਟ ਦੀ ਧਾਰਾ 7,13(2),88 ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ।ਮੁਕੱਦਮੇ ਦੀ ਸੁਣਵਾਈ ਪੂਰੀ ਹੋਣ 'ਤੇ ਫ਼ਤਹਿਗੜ੍ਹ ਸਾਹਿਬ ਦੀ ਸਪੈਸ਼ਲ ਅਦਾਲਤ ਨੇ ਸੱਤ ਨਰਾਇਣ ਸਿੰਗਲਾ ਨੂੰ ਮਾਮਲੇ 'ਚ ਅ/ਧ ਪ੍ਰੀਵੈਨਸ਼ਨ ਆਫ ਕਰੱਪਸ਼ਨ ਐਕਟ ਦੀ ਧਾਰਾ 7 ਤਹਿਤ ਦੋਸ਼ੀ ਮੰਨਦੇ ਹੋਏ 3 ਸਾਲ ਕੈਦ ਬਾਮੁਸ਼ੱਕਤ, 10,000 ਰੁਪਏ ਜੁਰਮਾਨਾ ਤੇ ਧਾਰਾ 13 (2) ਤਹਿਤ ਦੋਸ਼ੀ ਮੰਨਦੇ ਹੋਏ 4 ਸਾਲ ਕੈਦ ਤੇ 10,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਪਹਿਲਾ ਸੀਸ ਭੇਟਾ ਗੁਰਮਤਿ ਸਮਾਗਮ ਕਰਵਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਬਠਿੰਡਾ ਰੋਡ ਸਥਿਤ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ 96 ਕਰੋੜੀ ਤਰਨਾ ਦਲ ਵਿਖੇ ਪਹਿਲਾ ਮਹਾਨ ਸੀਸ ਭੇਟਾ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਦੌਰਾਨ ਵੱਖ-ਵੱਖ ਰਾਗੀ, ਢਾਡੀ ਤੇ ਪ੍ਰਚਾਰਕਾਂ ਵੱਲੋਂ ਧੰਨ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਸਿੱਖ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ, ਭਾਈ ਦਿਆਲਾ ਜੀ ਦੀਆਂ ਕੌਮ ਲਈ ਦਿੱਤੀਆਂ ਸ਼ਹੀਦੀਆਂ ਪ੍ਰਤੀ ਸੰਗਤਾਂ ਨੂੰ ਜਾਣੂੰ ਕਰਵਾਇਆ ਗਿਆ।ਇਨ੍ਹਾਂ ਸਮਾਗਮਾਂ ਵਿੱਚ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁਖੀ ਜਥੇਦਾਰ ਬਾਬਾ ਜਸਪਾਲ ਸਿੰਘ ਨੇ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਸਦਕਾ ਕਰਵਾਏ ਗਏ ਤਿੰਨ ਰੋਜ਼ਾ ਗੁਰਮਤਿ ਸਮਾਗਮ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਸ਼ਰਧਾਪੂਰਵਕ ਯੋਗਦਾਨ ਪਾਇਆ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸਾਬਕਾ ਚੇਅਰਮੈਨ ਮਨਜਿੰਦਰ ਸਿੰਘ ਬਿੱਟੂ ਨੂੰ ਸਨਮਾਨਤ ਕੀਤਾ ਗਿਆ।ਅੰਤ ਵਿੱਚ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਜਗਵੰਤ ਸਿੰਘ ਲੰਬੀ ਢਾਬ, ਹਰਪਾਲ ਸਿੰਘ ਕੋਟਲੀਸੰਘਰ, ਬਾਬਾ ਗੁਰਕਿਰਤਨ ਸਿੰਘ, ਛਿੰਦਰਪਾਲ ਕੌਰ ਪ੍ਰਧਾਨ, ਗੁਰਤੇਜ ਸਿੰਘ, ਅੰਗਰੇਜ ਸਿੰਘ, ਕ੍ਰਿਸ਼ਨ ਸਿੰਘ ਔਲਖ, ਜਸਵੰਤ ਸਿੰਘ ਰੋਡੇ, ਜਸਪਾਲ ਸਿੰਘ ਪੀ ਏ, ਡਾ. ਚਰਨਜੀਤ ਸਿੰਘ, ਸਵਰਨਜੀਤ ਸਿੰਘ ਆਦਿ ਹਾਜ਼ਰ ਸਨ।

# 50 ਲੋੜਵੰਦ ਪਰਵਾਰਾਂ ਨੂੰ ਆਰਥਕ ਸਹਾਇਤਾ ਦੇ ਚੈੱਕ ਦਿੱਤੇ



**ਮੱਖੂ (ਰਛਪਾਲ ਸਿੰਘ ਸੰਧੂ)**

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮੱਖੂ ਵਿਖੇ ਬਾਬਾ ਕਰਮ ਚੰਦ ਬਾਠਾਂ ਵਾਲਾ ਵਿੱਚ ਕਰਵਾਏ ਗਏ ਸਾਦੇ ਸਮਾਗਮ ਦੌਰਾਨ ਮੱਖੂ ਇਲਾਕੇ ਨਾਲ ਸਬੰਧਤ 50 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਮੈਡਮ ਅਮਰਜੀਤ ਕੌਰ ਛਾਬੜਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ, ਮੱਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਵੱਲੋਂ ਵੰਡੇ ਗਏ। ਸੰਸਥਾ ਦੀ ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਅਮਰਜੀਤ ਕੌਰ ਛਾਬੜਾ ਤੇ ਮੱਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੰਮੇ ਸਮੇਂ ਤੋਂ ਲੋੜਵੰਦਾਂ ਦੀ ਭਲਾਈ ਦੇ ਕਾਰਜ ਬਿਨਾਂ ਕਿਸੇ ਤੋਂ ਮੱਦਦ ਲਏ ਬਗੈਰ ਆਪਣੀ ਕਿਰਤ ਕਮਾਈ ਵਿੱਚੋਂ ਲਗਾਤਾਰ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਜ਼ਿਲ੍ਹੇ ਅੰਦਰ ਚਾਰ ਆਧੁਨਿਕ ਸਹੂਲਤਾਂ ਵਾਲੀਆਂ ਮੈਡੀਕਲ ਲੈਬੋਰਟਰੀਆਂ, ਇੱਕ ਡਾਇਲਸਿਸ ਸੈਂਟਰ, ਇੱਕ ਕੰਪਿਊਟਰ ਸੈਂਟਰ, ਸਿਲਾਈ ਸੈਂਟਰ ਤੇ ਦੋ ਸੌ ਦੇ ਕਰੀਬ ਲੋੜਵੰਦ ਪਰਿਵਾਰਾਂ ਦੀ ਮਹੀਨਾਵਾਰ ਆਰਥਿਕ ਸਹਾਇਤਾ ਕੀਤੀ ਜਾ ਰਹੀ ਹੈ ਅਤੇ ਅੱਗੇ ਹੋਰ ਵੀ ਕਈ ਲੋਕ ਭਲਾਈ ਦੇ ਕਾਰਜ ਸ਼ੁਰੂ ਕੀਤੇ ਜਾਣਗੇ।

# 7 ਰੋਜ਼ਾ ਐੱਨ ਐੱਸ ਐੱਸ ਕੈਂਪ ਅਮਿੱਟ ਯਾਦਾਂ ਛੱਡਦਾ ਸਫਲਤਾਪੂਰਵਕ ਸੰਪੰਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਰਾਜ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਰਘਵੀਰ ਸਿੰਘ ਮਾਨ ਤੇ ਪ੍ਰਿੰਸੀਪਲ ਗੀਤਾ ਅਰੋੜਾ ਦੀ ਅਗਵਾਈ ਹੇਠ ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਦੀ ਨਿਗਰਾਨੀ ਹੇਠ ਲਗਵਾਇਆ 7 ਰੋਜ਼ਾ ਐੱਨ ਐੱਸ ਐੱਸ ਕੈਂਪ ਅਮਿੱਟ ਯਾਦਾਂ ਛੱਡਦਾ ਸਫਲਤਾ ਪੂਰਵਕ ਸੰਪੂਰਨ ਹੋ ਗਿਆ। ਸਮਾਪਤੀ ਵਾਲੇ ਦਿਨ ਦਾ ਉਦਘਾਟਨ ਡਾ. ਗੁਰਪ੍ਰੀਤ ਸਿੰਘ ਮਾਹਲ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਉਨ੍ਹਾ ਬੱਚਿਆਂ ਨੂੰ ਆਪਣੇ ਜੀਵਨ 'ਚ ਉੱਚਾ ਮੁਕਾਮ ਹਾਸਲ ਕਰਨ ਲਈ ਉਤਸ਼ਾਹਤ ਕਰਦਿਆਂ ਪੜ੍ਹਾਈ ਲਗਨ ਤੇ ਮਿਹਨਤ ਨਾਲ ਮਨ ਲਗਾ ਕੇ ਕਰਨ ਦਾ ਸੰਦੇਸ਼ ਦਿੱਤਾ। ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਰਘਵੀਰ ਸਿੰਘ ਮਾਨ ਨੇ ਐੱਨ ਐੱਸ ਐੱਸ ਦੇ ਮਹੱਤਵ ਤੇ ਇਸ ਨਾਲ ਦੇਸ਼ ਨੂੰ ਹੋਣ ਵਾਲੇ ਲਾਭਾਂ ਬਾਰੇ ਚਾਨਣਾ ਪਾਇਆ ਅਤੇ ਇੱਕ ਚੰਗੇ ਨਾਗਰਿਕ ਬਣਨ, ਆਪਣੇ ਜੀਵਨ ਵਿੱਚ ਟੀਚੇ ਮਿੱਥਣ ਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ। ਪ੍ਰਿੰਸੀਪਲ ਗੀਤਾ ਅਰੋੜਾ ਨੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕੈਂਪ ਦੇ ਸਫਲਤਾਪੂਰਨ ਨੇਪਰੇ ਚੜ੍ਹਨ 'ਤੇ ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ, ਸਮੂਹ ਸਟਾਫ ਤੇ ਵਲੰਟੀਅਰਜ਼ ਨੂੰ ਵਧਾਈ ਦਿੱਤੀ। ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਨੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਬੱਚਿਆਂ ਨੂੰ ਆਪਣੇ ਜੀਵਨ ਵਿੱਚ ਬੁਲੰਦੀਆਂ ਸਰ ਕਰਨ ਦੀ ਕਾਮਨਾ ਕੀਤੀ ਤੇ ਕੈਂਪ ਦੌਰਾਨ ਕਰਵਾਏ ਸੈਸ਼ਨਾਂ ਨੂੰ ਆਪਣੇ ਜੀਵਨ ਵਿੱਚ ਯਾਦ ਰੱਖਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਬੱਚਿਆਂ ਨੂੰ ਕੈਂਪ ਦੇ ਪਹਿਲੇ ਦਿਨ ਜਾਰੀ ਕੀਤੀ ਕਿਤਾਬ 'ਚੋਂ ਫੀਡ ਬੈਕ ਲਈ ਗਈ। ਸਹਾਇਕ ਪ੍ਰੋਗਰਾਮ ਅਫਸਰ ਸੁਖਵੀਰ ਕੌਰ ਨੇ ਸਕੂਲ ਦੇ ਐੱਨ ਐੱਸ ਐੱਸ ਯੂਨਿਟ ਦੀ ਰਿਪੋਰਟ ਪੜ੍ਹੀ। ਖੁਸ਼ਪ੍ਰੀਤ ਕੌਰ ਕੈਂਪ ਕਮਾਂਡੈਂਟ ਨੂੰ ਕੈਂਪ ਵਿੱਚ ਵਧੀਆ ਸੇਵਾਵਾਂ ਦੇਣ ਲਈ ਸਨਮਾਨਤ ਕੀਤਾ ਗਿਆ। ਅਰਸ਼ਜੀਤ ਕੌਰ ਤੇ ਨਵਦੀਪ ਕੌਰ ਨੂੰ ਬੈਸਟ ਵਲੰਟੀਅਰ ਚੁਣਿਆ ਗਿਆ। ਬੱਚਿਆਂ ਨੂੰ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਕੈਂਪ ਵਿੱਚ ਵਿਜੈ ਮਹਿਰਾਜ, ਮੀਨਾ ਚੇਅਰਮੈਨ ਐੱਸ. ਐੱਮ. ਸੀ, ਤੋਤਾ ਸਿੰਘ ਐੱਮ. ਸੀ. ਸਮੇਤ ਕਮੇਟੀ ਮੈਂਬਰ ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਕੈਂਪ ਨੂੰ ਸਫਲ ਕਰਨ ਵਿੱਚ ਪ੍ਰਿੰਸੀਪਲ ਗੀਤਾ ਅਰੋੜਾ, ਕੁਲਵੰਤ ਕੌਰ, ਸਵਿਤਾ ਰਾਣੀ, ਸੁਮਨ ਰਾਣੀ, ਹਰਵਿੰਦਰ ਸਿੰਘ, ਸੁਨੀਤਾ ਰਾਣੀ, ਤਰੁਨ ਕੁਮਾਰ, ਤਰਨਜੀਤ ਕੌਰ, ਪਰਮਿੰਦਰਜੀਤ ਕੌਰ, ਮੋਨਿਕਾ ਗੁਪਤਾ, ਪ੍ਰਦੀਪ ਕੌਰ, ਸੁਖਵੀਰ ਕੌਰ ਤੇ ਨਿਰਮਲ ਸਿੰਘ ਸਮੇਤ ਸਮੁੱਚੇ ਸਟਾਫ ਦਾ ਅਹਿਮ ਯੋਗਦਾਨ ਰਿਹਾ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਧਾਰਮਿਕ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**

ਸਥਾਨਕ ਗੁਰਦੁਆਰਾ ਸਾਹਿਬ ਮਹਿਲ ਮੁਬਾਰਕ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾਕਟਰ ਭੁਪਿੰਦਰ ਸਿੰਘ ਪੂਨੀਆ ਤੇ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਏ ਗਏ। ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਕੇਹਰ ਸਿੰਘ ਢਿੱਲੋਂ ਤੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਬੀੜ ਸਾਹਿਬ ਵਾਲੇ, ਹਜ਼ੂਰੀ ਰਾਗੀ ਭਾਈ ਬਲਜੀਤ ਸਿੰਘ ਵੱਲੋਂ ਸ਼ਬਦ ਕੀਰਤਨ ਤੇ ਉੱਚ ਕੋਟੀ ਦੇ ਢਾਡੀ ਭਾਈ ਤਰਸੇਮ ਸਿੰਘ ਪ੍ਰੀਤ ਵੱਲੋਂ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਤੋਂ ਪਹਿਲਾਂ ਬੱਚਿਆਂ ਦੇ ਸ਼ਬਦ ਗਾਇਨ ਤੇ ਦਸਤਾਰ ਸਜਾਉਣ ਮੁਕਾਬਲੇ ਕਰਵਾਏ ਗਏ। ਇਸ ਮੌਕੇ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਰਾਗੀ, ਢਾਡੀ ਤੇ ਮੋਹਤਬਰ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਭੁਪਿੰਦਰ ਸਿੰਘ ਸੋਢੀ, ਅਮਰਜੀਤ ਸਿੰਘ ਕਾਂਝਲਾ, ਕੁਲਵੰਤ ਸਿੰਘ, ਜਾਗਰ ਸਿੰਘ ਭੱਠਲ, ਨਛੱਤਰ ਸਿੰਘ, ਜਗਰੂਪ ਸਿੰਘ ਸਿੱਧੂ, ਸਤਨਾਮ ਸਿੰਘ ਦਮਦਮੀ, ਡਾਕਟਰ ਜਸਪਾਲ ਸਿੰਘ ਜਸ, ਨਗਿੰਦਰ ਸਿੰਘ, ਭੁਪਿੰਦਰ ਸਿੰਘ ਗਰੇਵਾਲ, ਜਸਵਿੰਦਰ ਸਿੰਘ ਪ੍ਰਿੰਸ, ਦਲਬੀਰ ਸਿੰਘ, ਬਾਬਾ ਚਰਨਜੀਤ ਸਿੰਘ ਚੰਨੀ, ਮੁੱਖ ਗ੍ਰੰਥੀ ਹਰਚਰਨ ਸਿੰਘ, ਸੁਰਿੰਦਰਪਾਲ ਸਿੰਘ ਸਿਦਕੀ, ਗੁਰਤੇਜ ਸਿੰਘ, ਕਰਮ ਸਿੰਘ, ਬਾਬਾ ਪਿਆਰਾ ਸਿੰਘ, ਲਾਭ ਸਿੰਘ ਝੰਮਟ ਸਮੇਤ ਵੱਡੀ ਗਿਣਤੀ ਵਿੱਚ ਸ਼ਹਿਰ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ।

# ਸਮਾਰਟ ਸਕੂਲ ਦੇ ਨਾਂਅ 'ਤੇ ਛਲਾਵਾ?



ਖੁੱਲ੍ਹੇ ਅਸਮਾਨ ਥੱਲੇ ਬੈਠੇ ਵਿਦਿਆਰਥੀ।

**ਜੈਤੋ (ਸਤੀਸ਼ ਕੁਮਾਰ ਭੀਰੀ)**-ਜੈਤੋ ਵਿਖੇ ਗੌਰਮਿੰਟ ਐੱਚ ਐੱਸ ਐੱਨ ਸਰਕਾਰੀ ਸਮਾਰਟ ਹਾਇਰ ਸੈਕੰਡਰੀ ਸਕੂਲ ਦੇ ਨਾਮ 'ਤੇ ਵਿਦਿਆਰਥੀਆਂ ਦੀ ਸਿਹਤ ਤੇ ਪੜ੍ਹਾਈ ਨਾਲ ਸ਼ਰੇਆਮ ਖਿਲਵਾੜ ਕਰਨ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਨਾਲ ਬੱਚਿਆਂ ਦੇ ਮਾਪਿਆਂ ਨੂੰ ਕੰਬਣੀ ਛਿੜ ਗਈ ਹੈ। ਇਸ ਵੀਡੀਓ ਵਿੱਚ ਬੱਚੇ ਕੜਾਕੇ ਦੀ ਠੰਢ ਤੇ ਸੰਘਣੀ ਧੁੰਦ ਵਿੱਚ ਖੁੱਲ੍ਹੇ ਆਸਮਾਨ ਥੱਲੇ ਪੜ੍ਹਾਈ ਕਰਨ ਲਈ ਮਜਬੂਰ ਹਨ।ਇਸ ਸਬੰਧੀ ਜਾਣਕਾਰੀ ਲੈਣ ਲਈ ਸਕੂਲ ਦੇ ਪ੍ਰਿੰਸੀਪਲ ਜਸਵੰਤ ਸਿੰਘ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਕੂਲ ਵਿੱਚ ਕਮਰਿਆਂ ਦੀ ਘਾਟ ਕਾਰਨ ਵਰਾਂਡੇ ਵਿੱਚ ਕਲਾਸਾਂ ਲਗਾਉਣਾ ਉਨ੍ਹਾਂ ਦੀ ਮਜਬੂਰੀ ਹੈ।

# ਪੁਸਤਕ ਸੱਭਿਆਚਾਰ ਲਈ ਲੋਕ ਘਰਾਂ 'ਚ ਕਿਤਾਬਾਂ ਲਈ ਵਿਸ਼ੇਸ਼ ਅਲਮਾਰੀਆਂ ਬਣਾਉਣ : ਪ੍ਰੋ. ਗੁਰਭਜਨ ਗਿੱਲ



**ਸਮਰਾਲਾ (ਸੁਰਜੀਤ ਸਿੰਘ)**

ਪੰਜਾਬੀ ਭਵਨ ਲੁਧਿਆਣਾ ਦੇ ਸਾਈਂ ਮੀਆਂ ਮੀਰ ਪੁਸਤਕ ਬਾਜ਼ਾਰ ਵਿੱਚ ਨਵੇਂ ਖੁੱਲ੍ਹੇ "ਕਿਤਾਬ ਘਰ" (ਹਾਊਸ ਆਫ ਲਿਟਰੇਚਰ) ਦਾ ਉਦਘਾਟਨ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਪੁਸਤਕ ਸੱਭਿਆਚਾਰ ਦੀ ਉਸਾਰੀ ਲਈ ਸਭ ਪੰਜਾਬੀ ਆਪੋ ਆਪਣੇ ਘਰਾਂ ਵਿੱਚ ਕਿਤਾਬਾਂ ਲਈ ਵਿਸ਼ੇਸ਼ ਅਲਮਾਰੀਆਂ ਬਣਾਉਣ। ਉਨ੍ਹਾ ਕਿਹਾ ਕਿ ਸ਼ਬਦ ਗੁਰੂ ਦੀ ਧਰਤੀ ਪੰਜਾਬ ਵਿੱਚ ਕਿਤਾਬਾਂ ਦੀ ਸਰਦਾਰੀ ਕਾਇਮ ਕਰਨ ਲਈ ਹਰ ਪੰਜਾਬੀ ਹਿੰਮਤ ਕਰੇ। ਜਨਮ ਦਿਨ, ਵਿਆਹ ਸ਼ਾਦੀ ਤੇ ਹੋਰ ਸ਼ੁੱਭ ਮੌਕਿਆਂ 'ਤੇ ਸ਼ਗਨ ਰੂਪ ਵਿੱਚ ਕਿਤਾਬਾਂ ਦੇਣ ਦੀ ਵੀ ਪਿਰਤ ਪਾਉਣੀ ਚਾਹੀਦੀ ਹੈ। ਉਨ੍ਹਾਂ ਕਿਤਾਬ ਘਰ ਦੇ ਸੰਚਾਲਕ ਤੇ ਮਾਲਕ ਵਿਜੈ ਕੁਮਾਰ ਨੂੰ ਮੁਬਾਰਕ ਦਿੱਤੀ, ਜਿਸ ਨੇ ਲਗਪਗ ਡੇਢ ਦਹਾਕਾ ਲੰਮੇ ਪੁਸਤਕ ਵਿੱਕਰੀ ਦੇ ਤਜਰਬੇ ਉਪਰੰਤ ਆਪਣਾ ਕਾਰੋਬਾਰ ਆਰੰਭਿਆ ਹੈ। ਇਸ ਮੌਕੇ ਉਨ੍ਹਾਂ ਦੀਪ ਜਗਦੀਪ ਸਿੰਘ ਵੱਲੋਂ ਭਗਵਤੀ ਚਰਨ ਵਰਮਾ ਦੇ ਨਾਵਲ ਚਿੱਤਰਲੇਖਾ ਦਾ ਪੰਜਾਬੀ ਅਨੁਵਾਦ ਵੀ ਲੋਕ ਅਰਪਣ ਕੀਤਾ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਪੰਜਾਬੀ ਪੁਸਤਕਾਂ ਦੇ ਇਸ ਨਵੇਂ ਵਿਕਰੀ ਕੇਂਦਰ ਦੇ ਸ਼ੁਰੂ ਹੋਣ ਨਾਲ ਵੰਨ ਸੁਵੰਨਤੀ ਆਵੇਗੀ ਤੇ ਨਿੱਕੇ ਪ੍ਰਕਾਸ਼ਕਾਂ ਨੂੰ ਵੀ ਵਿਕਰੀ ਲਈ ਚੰਗਾ ਸਥਾਨ ਹਾਸਲ ਹੋਵੇਗਾ। ਉਨ੍ਹਾ ਇਸ ਮੌਕੇ ਰਸੂਲ ਹਮਜ਼ਾਤੋਵ ਦੀ ਜਗਤ ਪ੍ਰਸਿੱਧ ਪੁਸਤਕ "ਮੇਰਾ ਦਾਗਿਸਤਾਨ" ਦੇ ਦੋਵੇਂ ਭਾਗ ਇੱਕ ਜਿਲਦ ਵਿੱਚ ਖਰੀਦੇ। ਪੰਜਾਬੀ ਚਿੰਤਕ ਸਤਨਾਮ ਸਿੰਘ ਮਾਣਕ, ਨਾਵਲਕਾਰ ਕੁਲਦੀਪ ਸਿੰਘ ਬੇਦੀ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ, ਲੋਕ ਮੰਚ ਪੰਜਾਬ ਦੇ ਪ੍ਰਧਾਨ ਤੇ ਆਪਣੀ ਆਵਾਜ਼ ਮਾਸਿਕ ਮੈਗਜ਼ੀਨ ਦੇ ਸੰਪਾਦਕ ਸੁਰਿੰਦਰ ਸਿੰਘ ਸੁੰਨੜ, ਡਾ. ਗੁਰਇਕਬਾਲ ਸਿੰਘ, ਤ੍ਰੈਲੋਚਨ ਲੋਚੀ, ਪੰਜਾਬੀ ਕਵੀ ਤੇ ਪੱਤਰਕਾਰ ਦੀਪਕ ਚਨਾਰਥਲ, ਦੋਆਬਾ ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਮੁਖੀ ਡਾ. ਓਮਿੰਦਰ ਜੌਹਲ, ਸੁਰਿੰਦਰ ਦੀਪ, ਦੀਪ ਜਗਦੀਪ ਸਿੰਘ, ਤ੍ਰੈਮਾਸਿਕ ਮੈਗਜ਼ੀਨ ਕਹਾਣੀ ਧਾਰਾ ਦੇ ਸੰਪਾਦਕ ਭਗਵੰਤ ਰਸੂਲਪੁਰੀ ਵੀ ਇਸ ਮੌਕੇ ਵਿਜੈ ਕੁਮਾਰ ਨੂੰ ਆਸ਼ੀਰਵਾਦ ਦੇਣ ਪੁੱਜੇ।

# ਮੰਜੂ ਜਿੰਦਲ ਬਣੇ ਸਲੱਮ ਫਾਊਂਡੇਸ਼ਨ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ



**ਬੁਢਲਾਡਾ (ਅਸ਼ੋਕ ਲਾਕੜਾ)**

ਇਥੇ ਸਲੱਮ ਫਾਊਂਡੇਸ਼ਨ ਇੰਡੀਆ ਦੀ ਇੱਕ ਅਹਿਮ ਮੀਟਿੰਗ ਰੱਖੀ ਗਈ, ਜਿਸ ਨੂੰ ਇੰਡੀਆ ਦੇ ਜਨਰਲ ਸੈਕਟਰੀ ਸ੍ਰੀ ਆਰ ਕੇ ਅਟਵਾਲ ਨੇ ਸੰਬੋਧਨ ਕੀਤਾ। ਇਸ ਮੌਕੇ ਮਿਸਟਰ ਦੀਪਕ ਕੁਮਾਰ ਯੂਥ ਵਿੰਗ ਪੰਜਾਬ ਪ੍ਰਧਾਨ, ਵਿਨੈ ਅਟਵਾਲ, ਪੰਜਾਬ ਪ੍ਰਧਾਨ ਰੁਪਿੰਦਰ ਬਾਵਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਮਾਨਸਾ ਦੀ ਪੂਰੀ ਜ਼ਿਲ੍ਹਾ ਟੀਮ ਵੱਲੋਂ ਉਨ੍ਹਾਂ ਦੇ ਇੱਥੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ, ਨਾਲ ਹੀ ਆਰ ਕੇ ਅਟਵਾਲ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਸਾਰੇ ਹੀ ਮੈਂਬਰਾਂ ਨੂੰ ਉਨ੍ਹਾਂ ਦੇ ਜੁਆਇਨਿੰਗ ਲੈਟਰ ਦਿੱਤੇ। ਉਨ੍ਹਾ ਕਿਹਾ ਕਿ ਮੈਂ ਆਰ ਕੇ ਅਟਵਾਲ ਤੇ ਮੈਡਮ ਰੁਪਿੰਦਰ ਬਾਵਾ ਜੀ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਮੈਨੂੰ ਤੇ ਟਿੰਕੂ ਨੂੰ ਜ਼ਿਲ੍ਹੇ ਦੀ ਜ਼ਿੰਮੇਵਾਰੀ ਸੌਂਪੀ ਅਤੇ ਮੰਜੂ ਰਾਣੀ ਨੂੰ ਜ਼ਿਲ੍ਹੇ ਦਾ ਪ੍ਰਧਾਨ ਲਗਾਇਆ। ਮੰਜੂ ਰਾਣੀ ਨੇ ਕਿਹਾ ਕਿ ਮੈਂ ਪੂਰੀ ਟੀਮ ਨੂੰ ਵਿਸ਼ਵਾਸ ਦਿਵਾਉਂਦੀ ਹਾਂ ਕਿ ਜੋ ਉਮੀਦਾਂ ਉਨ੍ਹਾਂ ਨੇ ਮੇਰੇ ਤੋਂ ਲਾਈਆਂ ਹਨ, ਮੈਂ ਉਨ੍ਹਾਂ 'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗੀ। ਨਵੇਂ ਨਿਯੁਕਤ ਅਹੁਦੇਦਾਰਾਂ 'ਚ ਆਰਤੀ ਅਗਰਵਾਲ ਜ਼ਿਲ੍ਹਾ ਯੂਥ ਵਿੰਗ ਪ੍ਰਧਾਨ, ਰਾਜਵਿੰਦਰ ਕੌਰ ਸ਼ਹਿਰੀ ਪ੍ਰਧਾਨ ਮਾਨਸਾ, ਇਕਬਾਲ ਸਿੰਘ ਸ਼ਹਿਰੀ ਪ੍ਰਧਾਨ ਮਾਨਸਾ, ਸੋਨੀਆ ਗਰਗ ਹਲਕਾ ਕੋਆਰਡੀਨੇਟਰ ਮਾਨਸਾ, ਸੀਤਲ ਯੂਥ ਵਿੰਗ ਪ੍ਰਧਾਨ ਮਾਨਸਾ, ਕੰਚਨ ਮੈਦਾਨ ਜਰਨਲ ਸਕੱਤਰ ਬੁਢਲਾਡਾ, ਮਨਪ੍ਰੀਤ ਸ਼ਰਮਾ ਯੂਥ ਵਿੰਗ ਪ੍ਰਧਾਨ ਬੁਢਲਾਡਾ, ਮਿਨਾਕਸ਼ੀ ਸ਼ਰਮਾ ਸ਼ਹਿਰੀ ਪ੍ਰਧਾਨ ਸਰਦੂਲਗੜ੍ਹ ਆਦਿ ਹਾਜ਼ਰ ਸਨ।

# ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਨੂੰ ਜਲਦ ਪੂਰਾ ਕਰੇ : ਭੈਣੀ ਬਾਘਾ



**ਮਾਨਸਾ (ਆਤਮਾ ਸਿੰਘ ਪਮਾਰ)**

ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਪੈਨਸ਼ਨ ਭਵਨ ਵਿਖੇ ਸਾਲਾਨਾ ਪੈਨਸ਼ਨਰਜ਼ ਦਿਵਸ ਐਸੋਸੀਏਸ਼ਨ ਦੇ ਪ੍ਰਧਾਨ ਸਤਪਾਲ ਭੈਣੀ ਬਾਘਾ ਅਤੇ ਜਗਦੀਸ਼ ਰਾਏ ਜਨਰਲ ਸਕੱਤਰ ਦੀ ਅਗਵਾਈ ਵਿੱਚ ਮਨਾਇਆ ਗਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸਟੇਟ ਬੈਂਕ ਆਫ ਇੰਡੀਆ ਦੇ ਖੇਤਰੀ ਪ੍ਰਬੰਧਕ ਰਕੇਸ਼ ਗੁਪਤਾ ਨੇ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਇਸੇ ਬੈਂਕ ਦੇ ਖੇਤਰੀ ਪ੍ਰਬੰਧਕ ਸੁਰਿੰਦਰ ਪਾਲ ਸਿੰਘ ਚਹਿਲ ਤੇ ਬਾਲ ਭਵਨ ਬ੍ਰਾਂਚ ਦੇ ਮੈਨੇਜਰ ਰਕੇਸ਼ ਗੁਪਤਾ ਵੀ ਹਾਜ਼ਰ ਰਹੇ। ਰਕੇਸ਼ ਗੁਪਤਾ ਨੇ ਸਮੁੱਚੇ ਪੈਨਸ਼ਨਰਜ਼ ਵੱਲੋਂ ਵੱਖ-ਵੱਖ ਮਹਿਕਮਿਆਂ ਵਿੱਚ ਕੀਤੇ ਗਏ ਸ਼ਲਾਘਾਯੋਗ ਕਾਰਜ ਨੂੰ ਜਿੱਥੇ ਯਾਦ ਕੀਤਾ, ਉੱਥੇ ਨਾਲ ਹੀ ਕਿਹਾ ਕਿ ਤੁਹਾਡੇ ਕੋਲ ਜੀਵਨ ਦੇ ਤਜਰਬੇ ਦੇ ਰੂਪ ਵਿੱਚ ਅਨਮੋਲ ਖ਼ਜ਼ਾਨਾ ਹੈ, ਜਿਸ ਦੀ ਵਰਤੋਂ ਕਰਦਿਆਂ ਤੁਸੀਂ ਸਮਾਜ ਨੂੰ ਚੰਗੀ ਸੇਧ ਦੇ ਕੇ ਚੰਗੇ ਨਾਗਰਿਕ ਪੈਦਾ ਕਰ ਸਕਦੇ ਹੋ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਬੈਂਕ ਦੇ ਕਾਰਜ ਖੇਤਰ ਅਤੇ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਆਦਿ ਬਾਰੇ ਵਿਸਥਾਰਤ ਜਾਣਕਾਰੀ ਵੀ ਦਿੱਤੀ। ਇਸ ਸਮੇਂ ਉਨ੍ਹਾਂ ਨੇ ਬੈਂਕ ਦੀ ਤਰਫੋਂ ਐਸੋਸੀਏਸ਼ਨ ਨੂੰ ਦਾਨ ਵਜੋਂ 25 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਵੀ ਭੇਟ ਕੀਤੀ। ਇਸ ਤੋਂ ਇਲਾਵਾ ਵਾਟਰ ਵਰਕਸ ਰੋਡ ਸਥਿਤ ਏ.ਯੂ ਬੈਂਕ ਦੇ ਮੈਨੇਜਰ ਵਿਨੀਤ ਸਿੰਗਲਾ ਨੇ ਵੀ ਸਟਾਫ ਸਮੇਤ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਇਸ ਸਮੇਂ ਬੋਲਦਿਆਂ ਮੈਨੇਜਰ ਸਿੰਗਲਾ ਨੇ ਆਪਣੀ ਬੈਂਕ ਵੱਲੋਂ ਸੀਨੀਅਰ ਸਿਟੀਜਨਜ ਨੂੰ ਦਿੱਤੀਆਂ ਜਾ ਰਹੀਆਂ ਵਿਸ਼ੇਸ਼ ਸੁਵਿਧਾਵਾਂ, ਜਮ੍ਹਾਂ ਰਾਸ਼ੀ ਤੇ ਵਿਆਜ ਅਤੇ ਬਜ਼ੁਰਗਾਂ, ਮਰੀਜ਼ਾਂ ਆਦਿ ਨੂੰ ਘਰ ਦੀਆਂ ਬਰੂਹਾਂ 'ਤੇ ਦਿੱਤੀਆਂ ਜਾਣ ਵਾਲੀਆਂ ਹੋਰ ਸਹੂਲਤਾਂ ਬਾਰੇ ਵੀ ਦੱਸਿਆ। ਐਸੋਸੀਏਸ਼ਨ ਦੇ ਪ੍ਰਧਾਨ ਤੇ ਸਕੱਤਰ ਜਗਦੀਸ਼ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ, ਮੁਲਾਜ਼ਮਾਂ ਮਜ਼ਦੂਰਾਂ ਕਿਸਾਨਾਂ ਤੇ ਸਮਾਜ ਦੇ ਹਰ ਤਬਕੇ ਨਾਲ ਕੀਤੇ ਹੋਏ ਵਾਅਦਿਆਂ ਤੋਂ ਭੱਜਦੀ ਨਜ਼ਰ ਆ ਰਹੀ ਹੈ। ਆਗੂਆਂ ਨੇ ਕਿਹਾ ਕਿ ਮੁੱਖ ਮੰਗਾਂ ਵਿੱਚ, ਪੁਰਾਣੀ ਪੈਨਸ਼ਨ ਦੀ ਬਹਾਲੀ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ, 66ਵੇਂ ਤਨਖਾਹ ਕਮਿਸ਼ਨ ਦਾ ਬਕਾਇਆ ਦੇਣ, ਪੈਨਸ਼ਨਰਾਂ ਦੀ ਮੁੱਢਲੀ ਤਨਖਾਹ 2.89% ਨਾਲ ਫਿਕਸ ਕਰਨ ਤੋਂ ਇਲਾਵਾ ਸਿੱਖਿਆ ਵਿਭਾਗ ਵਿੱਚ ਮੈਡੀਕਲ ਰੀ ਇਨਵਰਸਮੈਂਟ ਦਾ ਬਜਟ ਤੁਰੰਤ ਜਾਰੀ ਕਰਨ ਅਤੇ ਮੌਜੂਦਾ ਸਰਵਿਸ ਕਰ ਰਹੇ ਮੁਲਾਜ਼ਮਾਂ ਦੇ ਪਹਿਲਾਂ ਮਿਲਦੇ ਕੱਟੇ-ਕੱਟੇ ਹੋਏ ਸਮੁੱਚੇ ਭੱਤੇ ਬਹਾਲ ਕਰਾਉਣਾ ਆਦਿ ਹਨ। ਇਸ ਸਮੇਂ ਐਸੋਸੀਏਸ਼ਨ ਵੱਲੋਂ 75 ਤੋਂ 85 ਸਾਲ ਉਮਰ ਪੂਰੀ ਕਰ ਚੁੱਕੇ ਪੈਨਸ਼ਨਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸੇਵਾਮੁਕਤ ਹੈੱਡ ਟੀਚਰ ਸਤਵੰਤ ਕੌਰ ਨੇ ਨਸ਼ਿਆਂ ਵਿਰੁੱਧ ਗੀਤ ਗਾ ਕੇ ਸਰੋਤਿਆਂ ਨੂੰ ਕੀਲ ਕੇ ਹੀ ਰੱਖ ਦਿੱਤਾ।

# ਸੀਨੀਅਰ ਪੈਨਸ਼ਨਰਾਂ ਨੂੰ ਕੀਤਾ ਸਨਮਾਨਤ



**ਦੋਰਾਹਾ (ਹਰਮਿੰਦਰ ਸੇਠ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਵੱਲੋਂ ਪੈਨਸ਼ਨਰ ਦਿਵਸ ਮੌਕੇ 75 ਸਾਲਾਂ ਦੇ ਪੈਨਸ਼ਨਰਜ਼ ਸਰਵਸ੍ਰੀ ਗੁਰਮੇਲ ਚੰਦ, ਸੁਖਦੇਵ ਸਿੰਘ, ਪਿਆਰਾ ਸਿੰਘ ਤੇ ਤਰਨਜੀਤ ਸਿੰਘ ਚੀਮਾ ਨੂੰ ਸਨਮਾਨਤ ਕੀਤਾ ਗਿਆ। ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪੈਨਸ਼ਨਰ ਦਿਵਸ ਮਨਾਉਣ ਬਾਰੇ ਦੱਸਿਆ ਗਿਆ। ਕਰਮ ਸਿੰਘ ਤੇ ਸੁਤਿੰਦਰਪਾਲ ਸਿੰਘ ਨੇ ਸਰਕਾਰ ਦੀਆਂ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਪੈਨਸ਼ਨਰਾਂ ਦੀਆਂ ਜਾਇਜ਼ ਤੇ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਪਿੱਛੇ ਹਟ ਰਹੀ ਹੈ। ਕਮਲਜੀਤ ਸਿੰਘ ਨੇ ਜਥੇਬੰਦੀ ਦੀ ਮਹੱਤਤਾ ਦੱਸਦੇ ਹੋਏ ਇਸ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਰਣਜੀਤ ਸਿੰਘ ਟਿਵਾਣਾ ਨੇ ਨਿਆ ਪ੍ਰਣਾਲੀ ਦੀ ਕਾਰਗੁਜ਼ਾਰੀ ਦੀ ਢਿੱਲ-ਮੱਠ ਦੀ ਨਿੰਦਾ ਕਰਦੇ ਹੋਏ ਇਸ ਨੂੰ ਪੈਨਸ਼ਨਰਾਂ ਦੇ ਕੇਸਾਂ 'ਚ ਪਹਿਲ ਦੇ ਅਧਾਰ 'ਤੇ ਨਿਰਣੇ ਕਰਨ ਦੀ ਅਪੀਲ ਕੀਤੀ।

# ਮਦਰ ਇੰਡੀਆ ਸਕੂਲ ਵੱਲੋਂ ਸਾਲਾਨਾ ਇਨਾਮ ਵੰਡ ਤੇ ਸੱਭਿਆਚਾਰਕ ਸਮਾਗਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਮਦਰ ਇੰਡੀਆ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ ਤੇ ਸੱਭਿਆਚਾਰਕ ਸਮਾਗਮ 'ਆਰੰਗਮ-2023' ਕਰਵਾਇਆ ਗਿਆ, ਜਿਸ ਵਿੱਚ ਬਤੌਰ ਮੁੱਖ ਮਹਿਮਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਡੀਸ਼ਨਲ ਕੰਟਰੋਲਰ (ਪ੍ਰੀਖਿਆਵਾਂ) ਡਾਕਟਰ ਧਰਮਪਾਲ ਗਰਗ ਤੇ ਡਾਕਟਰ ਜਸਰਾਜ ਕੌਰ ਡੀਨ ਫੈਕਲਟੀ ਆਫ ਐਜੂਕੇਸ਼ਨ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਸਿੱਖਿਆ, ਖੇਡਾਂ ਤੇ ਸੱਭਿਆਚਾਰਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਉੱਤੇ ਸਨਮਾਨਤ ਕੀਤਾ ਗਿਆ।

ਸਾਲਾਨਾ ਸੱਭਿਆਚਾਰ ਸਮਾਗਮ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਕਰਨ ਉਪਰੰਤ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਤੌਰ ਉੱਤੇ ਤਿਆਰ ਕੀਤੀਆਂ ਗਈਆਂ ਆਈਟਮਾਂ ਦੀ ਪੇਸ਼ਕਾਰੀ ਕੀਤੀ ਗਈ। ਇਸ ਦੌਰਾਨ ਗੀਤ, ਕਵਿਤਾਵਾਂ, ਨਾਟਕ, ਸੋਲੋ ਡਾਂਸ, ਗਰੁੱਪ ਡਾਂਸ ਤੇ ਕੋਰਿਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਗਣੇਸ਼ ਵੰਦਨਾ ਤੇ ਨੰਨ੍ਹੇ ਮੁੰਨੇ ਬੱਚਿਆਂ ਵੱਲੋਂ ਪੇਸ਼ ਗਰੁੱਪ ਡਾਂਸ 'ਮੈਂ ਨਿਕਲਾ ਗਾਡੀ ਲੈ ਕੇ' ਨੂੰ ਹਾਜ਼ਰ ਦਰਸ਼ਕਾਂ ਨੇ ਬੇਹੱਦ ਸਲਾਹਿਆ। ਪੰਜਾਬੀ ਮੁਟਿਆਰਾਂ ਵੱਲੋਂ ਪੇਸ਼ ਕੀਤੇ ਗਏ ਗਿੱਧੇ ਤੇ ਗੱਭਰੂਆਂ ਦੇ ਭੰਗੜੇ ਨੇ ਸਮਾਂ ਬੰਨ੍ਹ ਕੇ ਰੱਖ ਦਿੱਤਾ। ਸਕੂਲ ਦੀ ਪ੍ਰਿੰਸੀਪਲ ਨਤੀਕਾ ਗੁਪਤਾ ਨੇ ਸਾਲਾਨਾ ਰਿਪੋਰਟ ਪੇਸ਼ ਕੀਤੀ। ਡਾਇਰੈਕਟਰ ਵੀਨਾ ਗਰਗ ਨੇ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਜਾਣਕਾਰੀ ਦਿੱਤੀ। ਚੇਅਰਮੈਨ ਰਾਕੇਸ਼ ਕੁਮਾਰ ਗਰਗ ਨੇ ਆਏ ਮਹਿਮਾਨਾਂ ਤੇ ਬੱਚਿਆਂ ਦੇ ਮਾਪਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਮੈਨੇਜਮੈਂਟ ਕਮੇਟੀ ਵੱਲੋਂ ਆਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਤਿਨ ਕੁਮਾਰ ਗਰਗ, ਪ੍ਰੋ. ਰਵਿੰਦਰ ਸਿੰਘ, ਪ੍ਰੋ. ਗੁਰਜੀਤ ਸਿੰਘ, ਪ੍ਰੋ. ਜਸਕਰਨ ਸਿੰਘ, ਨਗਰ ਕੌਂਸਲ ਪਾਤੜਾਂ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ, ਅਮੇਸ਼ ਰੰਜਨ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ, ਸਰਪੰਚ ਰਮੇਸ਼ ਨਾਈਵਾਲਾ, ਰੋਟਰੀ ਕਲੱਬ ਰਾਇਲ ਪਾਤੜਾਂ ਦੇ ਪ੍ਰਧਾਨ ਅਮਨਦੀਪ ਸਿੰਘ, ਮਾਲਕ ਸਿੰਘ ਸਰਪੰਚ ਦੁਤਾਲ, ਨਰੈਣ ਦਾਸ ਗਰਗ, ਰੋਟਰੀ ਇੰਨਰਵ੍ਹੀਲ ਤੋਂ ਮੈਡਮ ਬਲਜੀਤ ਕੌਰ, ਅਸ਼ੋਕ ਕੁਮਾਰ ਦਿੜ੍ਹਬਾ ਤੇ ਸੁਖਵਿੰਦਰ ਸਿੰਘ ਪ੍ਰਿੰਸੀਪਲ ਅਕਾਲਜੋਤ ਸਕੂਲ ਹਾਜ਼ਰ ਸਨ।

19-Dec-PAGE-11-Majha-23.qxd 12/18/2023 10:52 PM Page 1



# ਮਜ਼ਦੂਰਾਂ ਨੇ ਰੋਸ ਰੈਲੀ ਕਰਕੇ ਤਹਿਸੀਲਦਾਰ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ ਦੇ ਸੱਦੇ ਤੇ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਗੁਰਦਾਸਪੁਰ ਵੱਲੋਂ ਤਹਿਸੀਲ ਕੰਪਲੈਕਸ ਦੀਨਾਨਗਰ ਵਿਖੇ ਸੁਖਦੇਵ ਰਾਜ ਬਹਿਰਾਮਪੁਰ, ਮੁਖਤਿਆਰ ਸਿੰਘ ਮੱਲ੍ਹੀਆਂ, ਰਾਧਾ ਰਾਣੀ ਅਤੇ ਕਮਲੇਸ਼ ਕੁਮਾਰੀ ਦੀ ਅਗਵਾਈ ਹੇਠ ਰੋਸ ਰੈਲੀ ਕੀਤੀ ਗਈ ਹੈ ਅਤੇ ਰੋਸ ਮਾਰਚ ਕਰਕੇ ਤਹਿਸੀਲਦਾਰ ਮਨਜੀਤ ਸਿੰਘ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ। ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਜੋਗਿੰਦਰ ਪਾਲ ਪਨਿਆੜ, ਸਤਿਬੀਰ ਸਿੰਘ ਸੁਲਤਾਨੀ, ਸੱਜਣ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਈਕਰੋ ਫਾਇਨਾਂਸ ਕੰਪਨੀਆਂ ਨੂੰ ਖੁੱਲ੍ਹੀ ਛੁੱਟੀ ਦੇ ਕੇ ਪੰਜਾਬ ਦੇ ਲੋਕਾਂ ਦੀ ਲੁੱਟ ਕਰਵਾਈ ਜਾ ਰਹੀ ਹੈ, ਜਿਸ ਕਰਕੇ ਪੰਜਾਬ ਦੀਆਂ ਔਰਤਾਂ ਨੂੰ ਭਾਰੀ ਵਿਆਜ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਕਰਜ਼ੇ ਦੀ ਕਿਸਤ ਵਾਪਸ ਕਰਨ ਲਈ ਉਨ੍ਹਾਂ ਨੂੰ ਕੰਪਨੀ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਜਿਸ ਕਰਕੇ ਕੰਪਨੀਆਂ ਦੀ ਸਖਤੀ ਕਾਰਨ ਬਹੁਤ ਸਾਰੇ ਲੋਕਾਂ ਨੂੰ ਖੁਦਕੁਸ਼ੀਆਂ ਲਈ ਮਜਬੂਰ ਹੋਣਾ ਪੈ ਰਿਹਾ ਹੈ। ਜਥੇਬੰਦੀ ਵੱਲੋਂ ਇਨਾਂ ਦਾ ਮੁੱਦਾ ਵੱਡੀ ਪੱਧਰ ਤੇ ਉਠਾਇਆ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਹਰ ਔਰਤ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਚੋਣਾਂ ਮੌਕੇ ਐਲਾਨ ਕੀਤਾ ਸੀ ਪਰ ਸਰਕਾਰ ਵੱਲੋਂ ਇਸ ਨੂੰ ਚੁਣਾਵੀ ਜੁਮਲਾ ਸਿੱਧ ਹੋਇਆ ਹੈ। ਬੁਲਾਰਿਆਂ ਵਲੋਂ ਦੋਸ਼ ਲਾਇਆ ਗਿਆ ਹੈ ਕਿ ਸਰਕਾਰ ਵੱਲੋਂ ਕਰੋੜਾਂ ਰੁਪਏ ਇਸ਼ਤਿਹਾਰ ਲਾ ਕੇ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਆਮ ਲੋਕਾਂ ਨੂੰ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਚਿੱਪ ਵਾਲੇ ਸਮਾਰਟ ਮੀਟਰ ਲਗਾ ਕੇ ਆਪਣੇ ਚੋਣ ਮੈਨੀਫੈਸਟੋ ਤੋਂ ਭੱਜ ਰਹੀ ਹੈ। ਜਥੇਬੰਦੀ ਵੱਲੋਂ ਇਨ੍ਹਾਂ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਪੰਜਾਬ ਸਰਕਾਰ ਦਾ ਕੱਚੇ ਘਰਾਂ ਦੀਆਂ ਛੱਤਾਂ ਬਣਾਉਣ ਲਈ ਕੋਈ ਵੀ ਆਰਥਿਕ ਸਹਾਇਤਾ ਨਹੀਂ ਦਿੱਤੀ। ਹੜ੍ਹਾਂ ਦੌਰਾਨ ਢੱਠੇ ਘਰਾਂ ਵਾਲੇ ਲੋਕਾਂ ਨੂੰ ਅਜੇ ਤੱਕ ਕੋਈ ਰਾਹਤ ਨਹੀਂ ਮਿਲੀ। ਜਥੇਬੰਦੀ ਵੱਲੋਂ ਚੇਤਾਵਨੀ ਦਿੱਤੀ ਗਈ ਹੈ ਕਿ ਜੇ ਮੰਗਾਂ ਦਾ ਢੁੱਕਵਾਂ ਹੱਲ ਨਾ ਹੋਇਆ ਤਾਂ ਆਉਣ ਵਾਲੇ ਸਮੇਂ ਵਿੱਚ ਪਿੰਡ ਪੱਧਰ 'ਤੇ ਲਾਮਬੰਦੀ ਕਰਕੇ ਸੰਘਰਸ਼ ਤਿੱਖਾ ਕੀਤਾ ਜਾਵੇਗਾ।

ਇਸ ਮੌਕੇ ਅਜੀਤ ਸਿੰਘ ਮੱਲ੍ਹੀਆਂ, ਵੱਸਣ ਸਿੰਘ ਚਿੱਟੀ, ਜਗਦੀਸ਼ ਮੱਲਵੀਆਂ, ਤਿਲਕ ਰਾਜ ਆਹਲੂਵਾਲ, ਪ੍ਰਦੀਪ ਚੂਹੜਚੱਕ, ਬਲਦੇਵ ਰਾਜ ਪਨਿਆੜ, ਵਿਜੇ ਕੁਮਾਰ, ਪ੍ਰੇਮ ਮਸੀਹ, ਮਮਤਾ, ਰਾਜੂ ਬਾਹਮਣੀ, ਰਾਮ ਮੂਰਤੀ, ਮੰਜੂ ਪਨਿਆੜ, ਪੁਰਸ਼ੋਤਮ ਲਾਲ, ਜਸਪਾਲ ਸਿੰਘ ਆਦਿ ਹਾਜ਼ਰ ਸਨ।

# 31 ਤੱਕ ਸਿਹਤ ਬੀਮਾ ਯੋਜਨਾ ਦਾ ਕਾਰਡ ਬਣਾਉਣ 'ਤੇ ਇੱਕ ਲੱਖ ਜਿੱਤਣ ਦਾ ਸੁਨਹਿਰੀ ਮੌਕਾ !

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਪੰਜਾਬ ਸਰਕਾਰ ਵੱਲੋਂ ਰਾਜ ਦੇ ਯੋਗ ਲਾਭਪਾਤਰੀਆਂ ਨੂੰ ਸਿਹਤ ਬੀਮਾ ਅਧੀਨ ਕਵਰ ਕਰਨ ਲਈ ਆਯੁਸ਼ਮਾਨ ਕਾਰਡ ਬਣਾ ਕੇ ਦਿੱਤੇ ਜਾ ਰਹੇ ਹਨ। ਇਨ੍ਹਾਂ ਲਾਭਪਾਤਰੀ ਪਰਿਵਾਰਾਂ ਵਿੱਚ ਐੱਨਐੱਫਐੱਸਏ ਰਾਸ਼ਨ ਕਾਰਡ ਧਾਰਕ, ਜੇ-ਫਾਰਮ ਧਾਰਕ ਕਿਸਾਨ, ਰਜਿਸਟਰਡ ਮਜ਼ਦੂਰ, ਰਜਿਸਟਰਡ ਛੋਟੇ ਵਪਾਰੀ, ਮਾਨਤਾ ਪ੍ਰਾਪਤ ਅਤੇ ਪੀਲੇ ਕਾਰਡ ਧਾਰਕ ਪੱਤਰਕਾਰ ਅਤੇ 2011 ਦੇ ਸਮਾਜਿਕ-ਆਰਥਿਕ ਜਾਤੀ ਜਨਗਣਨਾ ਡਾਟਾ ਤਹਿਤ ਕਵਰ ਕੀਤੇ ਗਏ ਪਰਿਵਾਰ ਸ਼ਾਮਲ ਹਨ। ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਜ਼ਿਲ੍ਹੇ ਭਰ ਵਿੱਚ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਵੀ ਲਗਾਏ ਜਾ ਰਹੇ ਹਨ। ਜਿਹੜੇ ਲਾਭਪਤਾਰੀ 31 ਦਸੰਬਰ, 2023 ਤੱਕ ਆਪਣੇ ਸਿਹਤ ਬੀਮਾ ਕਾਰਡ ਬਣਵਾਉਣਗੇ ਪੰਜਾਬ ਸਰਕਾਰ ਵੱਲੋਂ ਲੱਕੀ ਡਰਾਅ ਕੱਢ ਕੇ ਉਨ੍ਹਾਂ ਨੂੰ ਇੱਕ ਲੱਖ ਰੁਪਏ ਤੱਕ ਦਾ ਇਨਾਮ ਦਿੱਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਲੱਕੀ ਡਰਾਅ ਰਾਹੀਂ 10 ਜੇਤੂਆਂ ਦੀ ਚੋਣ ਕੀਤੀ ਜਾਵੇਗੀ ਅਤੇ ਪਹਿਲਾ ਇਨਾਮ 1 ਲੱਖ ਰੁਪਏ, ਦੂਜਾ ਇਨਾਮ 50000 ਰੁਪਏ ਅਤੇ ਤੀਜਾ ਇਨਾਮ 25000 ਰੁਪਏ ਦਿੱਤਾ ਜਾਵੇਗਾ। ਇਸੇ ਤਰਾਂ ਚੌਥਾ ਇਨਾਮ 10000 ਰੁਪਏ ਅਤੇ ਪੰਜਵਾਂ ਇਨਾਮ 8000 ਰੁਪਏ ਹੈ ਜਦਕਿ ਛੇਵਾਂ ਤੋਂ ਦਸਵਾਂ ਇਨਾਮ 5000 ਰੁਪਏ ਹੋਵੇਗਾ। ਉਨਾਂ ਕਿਹਾ ਕਿ ਹੁਣ ਡਰਾਅ ਜਨਵਰੀ 2024 ਵਿੱਚ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਵਿਸ਼ੇਸ਼ ਮੁਹਿੰਮ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਵਿੱਚ ਵੱਧ ਤੋਂ ਵੱਧ ਲੋਕਾਂ ਦਾ ਨਾਮ ਦਰਜ ਕਰਵਾਉਣ ਲਈ ਪੰਜਾਬ ਸਰਕਾਰ ਦੀ ਇੱਕ ਹੋਰ ਪਹਿਲਕਦਮੀ ਹੈ ਜਿਸ ਜ਼ਰੀਏ ਆਯੁਸ਼ਮਾਨ ਕਾਰਡ ਬਣਾਉਣ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਲਾਭਪਾਤਰੀ ਆਯੁਸ਼ਮਾਨ ਐਪ ਦੀ ਵਰਤੋਂ ਕਰਕੇ, ਵੈਬਸਾਈਟ 'ਤੇ ਜਾ ਕੇ ਜਾਂ ਆਪਣੇ ਨਜ਼ਦੀਕੀ ਆਸ਼ਾ ਵਰਕਰ ਜਾਂ ਸੂਚੀਬੱਧ ਹਸਪਤਾਲਾਂ ਤੱਕ ਪਹੁੰਚ ਕਰਕੇ ਆਸਾਨੀ ਨਾਲ ਆਪਣੇ ਕਾਰਡ ਪ੍ਰਾਪਤ ਕਰ ਸਕਦੇ ਹਨ। ਇਹ ਸਕੀਮ ਸੂਬੇ ਭਰ ਦੇ 800 ਤੋਂ ਵੱਧ ਸਰਕਾਰੀ ਅਤੇ ਨਿੱਜੀ ਸੂਚੀਬੱਧ ਹਸਪਤਾਲਾਂ ਵਿੱਚ ਹਰੇਕ ਪਰਿਵਾਰ ਲਈ ਪ੍ਰਤੀ ਸਾਲ 5 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਇਲਾਜ ਦੀ ਪੇਸ਼ਕਸ਼ ਕਰਦੀ ਹੈ। ਸੂਬੇ ਵਿੱਚ 44 ਲੱਖ ਤੋਂ ਵੱਧ ਪਰਿਵਾਰ ਇਸ ਸਕੀਮ ਦਾ ਲਾਭ ਲੈ ਰਹੇ ਹਨ, ਜਿਸ ਵਿੱਚ ਗੋਡੇ ਬਦਲਾਉਣ, ਦਿਲ ਦੀ ਸਰਜਰੀ, ਕੈਂਸਰ ਦੇ ਇਲਾਜ ਆਦਿ ਸਮੇਤ ਲਗਭਗ 1600 ਕਿਸਮਾਂ ਦੇ ਇਲਾਜ ਸ਼ਾਮਲ ਹਨ।

# ਕਾਰ-ਮੋਟਰਸਾਈਕਲ ਹਾਦਸੇ ਦੌਰਾਨ ਨੌਜਵਾਨ ਦੀ ਮੌਤ; ਕਾਰ ਦੇ ਡਰਾਈਵਰ ਵਿਰੁੱਧ ਕੇਸ ਦਰਜ





ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਥਾਣਾ ਘੁੰਮਣ ਕਲਾਂ ਅਧੀਨ ਪੈਂਦੇ ਪਿੰਡ ਛੀਨਾ ਰੇਲ ਵਾਲਾ ਨੇੜੇ ਮਾਸਟਰ ਨਰਸਰੀ ਕੋਲ ਇਕ ਕਾਰ ਅਤੇ ਮੋਟਰਸਾਈਕਲ ਵਿਚਾਲੇ ਹੋਏ ਹਾਦਸੇ ਦੌਰਾਨ ਮੋਟਰਸਾਈਕਲ ਸਵਾਰ ਇਕ 22 ਸਾਲਾ ਨੌਜਵਾਨ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਗੰਭੀਰ ਜ਼ਖਮੀ ਹਾਲਤ ਵਿੱਚ ਨੇੜਲੇ ਹਸਪਤਾਲ ਨੌਸ਼ਹਿਰਾ ਮੱਝਾ ਸਿੰਘ ਵਿਖੇ ਇਲਾਜ ਲਈ ਪਹੁੰਚਾਇਆ ਗਿਆ ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਕਰਾਰ ਦੇ ਦਿੱਤਾ ਤਾਂ ਕਾਰ ਸਵਾਰ ਉਥੋਂ ਫਰਾਰ ਹੋ ਗਏ। ਮ੍ਰਿਤਕ ਦੀ ਪਛਾਣ ਕੰਵਲਜੀਤ ਸਿੰਘ ਪੁੱਤਰ ਸੁੱਚਾ ਰਾਮ ਵਾਸੀ ਘੁੰਮਣ ਕਲਾਂ ਵਜੋਂ ਹੋਈ। ਦੱਸਣਯੋਗ ਹੈ ਕਿ ਮ੍ਰਿਤਕ ਹਾਕੀ ਦਾ ਖਿਡਾਰੀ ਸੀ। ਇਸ ਸਬੰਧੀ ਸੂਚਨਾ ਮਿਲਦੇ ਹੀ ਮੌਕੇ ਤੇ ਪਹੁੰਚੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਇਨਸਾਫ ਦੀ ਮੰਗ ਲਈ ਕੰਵਲਜੀਤ ਸਿੰਘ ਦੀ ਲਾਸ਼ ਨੂੰ ਨੌਸ਼ਹਿਰਾ ਮੱਝਾ ਸਿੰਘ ਵਿਖੇ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ ਉਪਰ ਰੱਖ ਕੇ ਧਰਨਾ ਲਾ ਕੇ ਆਵਾਜਾਈ ਠੱਪ ਕਰ ਦਿੱਤੀ। ਮੌਕੇ 'ਤੇ ਪਹੁੰਚੇ ਡੀਐੱਸਪੀ ਸੁਖਪਾਲ ਸਿੰਘ ਨੇ ਪਰਿਵਾਰਕ ਮੈਂਬਰਾਂ ਨੂੰ ਇਨਸਾਫ ਦਿਵਾਉਣ ਲਈ ਕਾਰ ਚਾਲਕ ਵਿਰੁੱਧ ਕਾਰਵਾਈ ਕਰਨ ਦਾ ਭਰੋਸਾ ਦਿਵਾ ਕੇ ਆਵਾਜਾਈ ਨੂੰ ਬਹਾਲ ਕਰਵਾਇਆ। ਮ੍ਰਿਤਕ ਲੜਕੇ ਦੀ ਮਾਤਾ ਦਲਬੀਰ ਕੌਰ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਦਾ ਲੜਕਾ ਕੰਵਲਜੀਤ ਸਿੰਘ ਆਪਣੇ ਡਿਸਕਵਰ ਮੋਟਰਸਾਈਕਲ ਨੰਬਰੀ ਪੀਬੀ 06 ਐਕਸ 0235 ਤੇ ਸਵਾਰ ਹੋ ਕੇ ਆਪਣੀ ਭੈਣ ਨੂੰ ਮਿਲਣ ਲਈ ਨੌਸ਼ਹਿਰਾ ਮੱਝਾ ਸਿੰਘ ਵਿਖੇ ਜਾ ਰਿਹਾ ਸੀ, ਜਾਂਦੇ ਸਮੇਂ ਰਸਤੇ ਵਿੱਚ ਜਦੋਂ ਉਹ ਮਾਸਟਰ ਨਰਸਰੀ ਤੋਂ ਥੋੜਾ ਅੱਗੇ ਪੁੱਜਾ ਤਾਂ ਛੀਨਾ ਰੇਲ ਵਾਲਾ ਸਾਈਡ ਤੋਂ ਆ ਰਹੀ ਤੇਜ਼ ਰਫਤਾਰ ਇੱਕ ਸੈਂਟਰੋ ਕਾਰ ਨੰਬਰੀ ਪੀਬੀ 06 ਪੀ 4507 ਜਿਸ ਨੂੰ ਸਤਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਬਾਹੀਆ (ਥਾਣਾ ਤਿੱਬੜ) ਚਲਾ ਰਿਹਾ ਸੀ ਨੇ ਆਪਣੀ ਕਾਰ ਗਲਤ ਸਾਈਡ ਤੋਂ ਲਾਪ੍ਰਵਾਹੀ ਨਾਲ ਚਲਾ ਕੇ ਕੰਵਲਜੀਤ ਸਿੰਘ ਦੇ ਮੋਟਰਸਾਈਕੀਲ ਵਿੱਚ ਮਾਰ ਦਿੱਤੀ ਤਾਂ ਕੰਵਲਜੀਤ ਸਿੰਘ ਦਾ ਮੋਟਰਸਾਈਕਲ ਸੈਂਟਰੋ ਕਾਰ ਨਾਲ ਵੱਜ ਕੇ ਇੱਕ ਹੋਰ ਸਵਿਫਟ ਕਾਰ ਵਿੱਚ ਵੱਜ ਕੇ ਸੜਕ ਤੇ ਡਿੱਗ ਜਾਣ ਨਾਲ ਗੰਭੀਰ ਸੱਟਾਂ ਲੱਗਣ ਕਰਕੇ ਉਸਦੀ ਮੌਤ ਹੋ ਗਈ ਹੈ।

ਪੁਲਸ ਥਾਣਾ ਘੁੰਮਣ ਕਲਾਂ ਦੇ ਐੱਸਐੱਚਓ ਜਸਬੀਰ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਸਤਨਾਮ ਸਿੰਘ ਨੇ ਮ੍ਰਿਤਕ ਦੀ ਮਾਤਾ ਦਲਬੀਰ ਕੌਰ ਦੇ ਬਿਆਨਾਂ ਅਨੁਸਾਰ ਕਾਰ ਚਾਲਕ ਸਤਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਬਾਹੀਆ ਵਿਰੁੱਧ ਧਾਰਾ 304-ਏ, 279, 427 ਭ. ਦ. ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਗੁਰਦਾਸਪੁਰ ਭੇਜ ਦਿੱਤੀ ਹੈ।

# ਸੰਤ ਨਿਰੰਕਾਰੀ ਮਿਸ਼ਨ ਵੱਲੋਂ ਖੂਨਦਾਨ ਕੈਂਪ ਆਯੋਜਿਤ, 340 ਸ਼ਰਧਾਲੂਆਂ ਨੇ ਕੀਤਾ ਖੂਨ ਦਾਨ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਦੀ ਪਾਵਨ ਬਖਸ਼ਿਸ਼ ਅਤੇ ਇਲਾਹੀ ਰਹਿਨੁਮਾਈ ਨਾਲ ਮਨੁੱਖਤਾ ਦੀ ਭਲਾਈ ਲਈ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਬ੍ਰਾਂਚ ਦੀਨਾਨਗਰ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਮਿਸ਼ਨ ਦੇ 340 ਸ਼ਰਧਾਲੂਆਂ ਨੇ ਨਿਰਸਵਾਰਥ ਖੂਨਦਾਨ ਕੀਤਾ। ਪੰਜਾਬ ਹੈਲਥ ਸਿਸਟਮ ਕਾਰਪੋਰੇਸਨ ਦੇ ਚੇਅਰਮੈਨ ਰਮਨ ਬਹਿਲ ਅਤੇ ਜ਼ਿਲ੍ਹਾ ਤੇ ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਂਪ ਵਿੱਚ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਅਤੇ ਸਿਵਲ ਹਸਪਤਾਲ ਪਠਾਨਕੋਟ ਦੀਆਂ ਟੀਮਾਂ ਖੂਨ ਇਕੱਤਰ ਕਰਨ ਲਈ ਪਹੁੰਚੀਆਂ। ਦੀਨਾਨਗਰ ਕੈਂਪ ਦਾ ਉਦਘਾਟਨ ਸੰਤ ਨਿਰੰਕਾਰੀ ਮਿਸ਼ਨ ਅੰਮ੍ਰਿਤਸਰ ਜ਼ੋਨ 13ਏ ਦੇ ਜ਼ੋਨਲ ਇੰਚਾਰਜ ਰਾਕੇਸ਼ ਸੇਠੀ ਨੇ ਆਪਣੇ ਕਰ ਕਮਲਾਂ ਨੇ ਕੀਤਾ। ਉਨ੍ਹਾਂ ਖੂਨਦਾਨ ਕੈਂਪ ਵਿੱਚ ਭਾਗ ਲੈਣ ਵਾਲੇ ਸਾਰੇ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਲੋਕ ਭਲਾਈ ਨੂੰ ਸਮਰਪਿਤ ਉਨ੍ਹਾਂ ਦੀ ਨਿਰਸਵਾਰਥ ਸੇਵਾ ਅਤੇ ਵੱਡਮੁੱਲੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕੈਂਪ ਵਿੱਚ ਹਾਜ਼ਰ ਸਮੂਹ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈ। ਸਾਨੂੰ ਮਨੁੱਖਤਾ ਦੀ ਭਲਾਈ ਲਈ ਖੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਨ੍ਹਾਂ ਕੈਂਪਾਂ ਵਿੱਚ ਡਾ: ਪੂਜਾ ਸਿਵਲ ਹਸਪਤਾਲ ਗੁਰਦਾਸਪੁਰ, ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ, ਡਾ: ਨੀਰਜ ਸ਼ਰਮਾ ਅਤੇ ਸਟਾਫ ਵੀ ਹਾਜ਼ਰ ਸੀ। ਮੁੱਖ ਮਹਿਮਾਨਾਂ ਨੇ ਦੱਸਿਆ ਕਿ ਇਹ ਕੈਂਪ ਸੰਤ ਨਿਰੰਕਾਰੀ ਮਿਸ਼ਨ ਦੀ ਸਮਾਜਿਕ ਸੰਸਥਾ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸਨ ਦੇ ਬੈਨਰ ਹੇਠ ਲਗਾਇਆ ਗਿਆ ਹੈ। ਉਨ੍ਹਾਂ ਨੇ ਸਾਰੇ ਖੂਨਦਾਨੀਆਂ, ਡਾਕਟਰਾਂ ਅਤੇ ਉਨ੍ਹਾਂ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਉਨ੍ਹਾਂ ਇਹ ਵੀ ਕਿਹਾ ਕਿ ਸੰਤ ਨਿਰੰਕਾਰੀ ਮਿਸ਼ਨ ਖੂਨਦਾਨ ਕਰਨ ਵਿੱਚ ਪੂਰੇ ਦੇਸ਼ ਵਿੱਚ ਮੋਹਰੀ ਰਿਹਾ ਹੈ। ਮਿਸ਼ਨ ਵੱਲੋਂ ਹੁਣ ਤੱਕ 7927 ਖੂਨਦਾਨ ਕੈਂਪ ਲਗਾ ਕੇ 12,98,971 ਯੂਨਿਟ ਖੂਨ ਇਕੱਤਰ ਕੀਤਾ ਜਾ ਚੁੱਕਾ ਹੈ। ਸੰਤ ਨਿਰੰਕਾਰੀ ਮਿਸ਼ਨ ਅਧਿਆਤਮਿਕ ਉੱਨਤੀ ਦੇ ਨਾਲ-ਨਾਲ ਸਮਾਜ ਭਲਾਈ ਦੀਆਂ ਗਤੀਵਿਧੀਆਂ ਪ੍ਰਦਾਨ ਕਰਦਾ ਹੈ ਜਿਸ ਵਿੱਚ ਮੁੱਖ ਤੌਰ 'ਤੇ ਖੂਨਦਾਨ ਕੈਂਪ, ਸਫਾਈ ਮੁਹਿੰਮ, ਰੁੱਖ ਲਗਾਉਣਾ, ਔਰਤਾਂ ਅਤੇ ਬਾਲ ਵਿਕਾਸ ਸਸ਼ਕਤੀਕਰਨ ਲਈ ਸੁਚਾਰੂ ਢੰਗ ਨਾਲ ਚੱਲ ਰਹੀਆਂ ਸਕੀਮਾਂ, ਅੱਖਾਂ ਦੇ ਮੁਫ਼ਤ ਜਾਂਚ ਕੈਂਪ ਅਤੇ ਕੁਦਰਤੀ ਆਫਤਾਂ ਵਿੱਚ ਲੋੜਵੰਦਾਂ ਦੀ ਸਹਾਇਤਾ ਆਦਿ ਸ਼ਾਮਲ ਹਨ। ਇਸ ਮੌਕੇ ਦੀਨਾਨਗਰ ਦੇ ਪ੍ਰਸਿੱਧ ਸਮਾਜ ਸੇਵੀ ਬਾਬਾ ਪ੍ਰਵੀਨ ਵੀ ਹਾਜ਼ਰ ਸਨ।

# ਮਾਰੂਤੀ ਸੁਜ਼ੂਕੀ ਇੰਡੀਆ ਲਿਮਟਿਡ ਦੀ ਲਗਭਗ 800 ਏਕੜ ਭੂਮੀ ਅਲਾਟ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਨੇ ਅਲਟਰਾ ਮੈਗਾ ਪ੍ਰੋਜੈਕਟ ਦੇ ਤਹਿਤ ਮੈਸਰਸ ਮਾਰੂਤੀ ਸੁਜ਼ੂਕੀ ਇੰਡੀਆ ਲਿਮਿਟੇਡ ਦੀ ਲਗਭਗ 800 ਏਕੜ ਭੂਮੀ ਅਲਾਟ ਕੀਤੀ ਹੈ।

ਹਰਿਆਣਾ ਵਿਧਾਨਸਭਾ ਦੇ ਸਰਦੀ ਰੁੱਤ ਸੈਸ਼ਨ ਦੌਰਾਨ ਡਿਪਟੀ ਮੁੱਖ ਮੰਤਰੀ ਸ੍ਰੀ ਦੁਸ਼ਯੰਤ ਚੌਟਾਲਾ ਨੇ ਸਦਨ ਦੇ ਇਕ ਮੈਂਬਰ ਵੱਲੋਂ ਪੁੱਛੇ ਗਏ ਸੁਆਲ ਦਾ ਜਵਾਬ ਦਿੰਦੇ ਹੋਏ ਦੱਸਿਆ ਕਿ ਖਰਖੌਦਾ ਵਿਚ ਉਦਯੋਗਿਕ ਮਾਡਲ ਟਾਊਨਸ਼ਿਪ ਦੇ ਵਿਕਾਸ ਲਈ ਪਬਲਿਕ ਉਦੇਸ਼ ਲਈ ਸਾਲ 2013 ਵਿਚ ਲਗਭਗ 3200 ਏਕੜ ਭੂਮੀ ਦਾ ਰਾਖਵਾਂ ਕੀਤਾ ਗਿਆ ਸੀ।

ਇਸ ਤੋਂ ਇਲਾਵਾ, ਭੂਮੀ ਦੇ ਛੁਟੇ ਹੋਏ ਟੁਕੜੇ ਜੋ ਕਿ ਲਗਭਗ 18 ਏਕੜ ਜ਼ਮੀਨ ਦਾ ਰਾਖਵਾਂ 2016 ਵਿੱਚ ਕੀਤਾ ਗਿਆ ਸੀ।

# ਵਰਦਾਨ ਸਿੱਧ ਹੋ ਰਹੀ ਹੈ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ

## * ਇਸ ਸਾਲ ਜ਼ਿਲੇ ਦੀਆਂ 5188 ਔਰਤਾਂ ਨੇ ਯੋਜਨਾ ਦਾ ਲਾਭ ਉਠਾਇਆ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਗਰਭਵਤੀ ਔਰਤਾਂ ਨੂੰ ਅੰਸ਼ਿਕ ਵਿੱਤੀ ਸਹਾਇਤਾ ਦੇਣ ਲਈ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਚਲਾਈ ਜਾ ਰਹੀ ਹੈ। ਪ੍ਰਧਾਨ ਮੰਤਰੀ ਮਾਤਰੂ ਵੰਦਨਾ ਇੱਕ ਜਣੇਪਾ ਲਾਭ ਯੋਜਨਾ ਹੈ ਜਿਸ ਦੇ ਤਹਿਤ ਗਰਭਵਤੀ ਔਰਤਾਂ ਨੂੰ ਅੰਸ਼ਿਕ ਵਿੱਤੀ ਸਹਾਇਤਾ ਮਾਂ ਅਤੇ ਬੱਚੇ ਦੀਆਂ ਸਿਹਤ ਅਤੇ ਖੁਰਾਕ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਦਿੱਤੀ ਜਾਂਦੀ ਹੈ। ਇਸ ਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਚਾਲੂ ਵਿੱਤੀ ਸਾਲ ਦੌਰਾਨ ਜ਼ਿਲੇ ਦੀਆਂ ਹੁਣ ਤੱਕ ਕੁੱਲ 6590 ਲਾਭਪਾਤਰੀ ਔਰਤਾਂ ਨੂੰ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਤਹਿਤ ਰਜਿਸਟਰ ਕੀਤਾ ਗਿਆ ਹੈ ਜਿਨ੍ਹਾਂ ਵਿੱਚੋਂ 5188 ਔਰਤਾਂ ਨੂੰ ਇਸ ਸਕੀਮ ਦਾ ਲਾਭ ਦਿੱਤਾ ਜਾ ਚੁੱਕਾ ਹੈ। ਉਨਾਂ ਕਿਹਾ ਕਿ ਸਹਾਇਤਾ ਰਾਸ਼ੀ ਸਿੱਧਾ ਤੌਰ 'ਤੇ ਉਨਾਂ ਦੇ ਬੈਂਕ ਵਿੱਚ ਟਰਾਂਸਫਰ ਕੀਤੀ ਗਈ ਹੈ। ਇਸ ਸਕੀਮ ਦਾ ਬਿਓਰਾ ਸਾਂਝਾ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਦਾ ਲਾਭ ਇੱਕ ਔਰਤ ਨੂੰ ਪਹਿਲੇ ਦੋ ਜੀਵਤ ਬੱਚਿਆਂ ਲਈ ਉਪਲਬਧ ਹੈ ਬਸਰਤੇ ਕਿ ਦੂਜਾ ਬੱਚਾ ਇੱਕ ਲੜਕੀ ਹੋਵੇ। ਉਨਾਂ ਦੱਸਿਆ ਕਿ ਪਹਿਲੇ ਬੱਚੇ ਦੇ ਮਾਮਲੇ ਵਿੱਚ ਦੋ ਕਿਸਤਾਂ ਵਿੱਚ ਕੁੱਲ 5000 ਰੁਪਏ ਦੀ ਰਕਮ ਅਤੇ ਦੂਜੇ ਬੱਚੇ ਲਈ, ਕੁੱਲ 6000 ਰੁਪਏ ਦਾ ਲਾਭ ਜਨਮ ਤੋਂ ਬਾਅਦ ਇੱਕ ਕਿਸ਼ਤ ਵਿੱਚ ਦੂਜਾ ਬੱਚਾ ਲੜਕੀ ਹੋਣ ਤੇ ਦਿੱਤਾ ਜਾਂਦਾ ਹੈ। ਸਕੀਮ ਦਾ ਲਾਭ ਲੈਣ ਲਈ ਗਰਭ ਅਵਸਥਾ ਦੌਰਾਨ ਰਜਿਸਟਰੇਸ਼ਨ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਸਿਹਤ ਸੰਸਥਾ ਵਿੱਚ ਇਸ ਸਕੀਮ ਤਹਿਤ ਲਾਭ ਰਾਸ਼ੀ ਸਿੱਧੀ ਲਾਭਪਾਤਰੀ ਦੇ ਖਾਤੇ ਵਿੱਚ ਟ੍ਰਾਂਸਫਰ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਲਈ ਜੋ ਸ਼ਰਤਾਂ ਨਿਰਧਾਰਤ ਕੀਤੀਆਂ ਹਨ ਉਸ ਅਨੁਸਾਰ ਉਹ ਔਰਤਾਂ ਜੋ ਅੰਸਕ ਤੌਰ 'ਤੇ (40 ਫੀਸਦੀ) ਜਾਂ ਪੂਰੀ ਤਰਾਂ ਦਿਵਿਯਾਂਗਜਨ ਹਨ। ਬੀ.ਪੀ.ਐਲ. ਰਾਸ਼ਨ ਕਾਰਡ ਦੀ ਮਹਿਲਾ ਧਾਰਕ। ਆਯੁਸ਼ਮਾਨ ਭਾਰਤ ਦੇ ਤਹਿਤ ਪ੍ਰਧਾਨ ਮੰਤਰੀ ਜਨ ਆਰੋਗਯ ਯੋਜਨਾ ਅਧੀਨ ਮਹਿਲਾ ਲਾਭਪਾਤਰੀ। ਈ-ਸ਼ਰਮ ਕਾਰਡ ਰੱਖਦੀਆਂ ਔਰਤਾਂ। ਕਿਸਾਨ ਸਨਮਾਨ ਨਿਧੀ ਦੇ ਤਹਿਤ ਲਾਭਪਾਤਰੀ ਮਹਿਲਾ ਕਿਸਾਨ। ਮਗਨਰੇਗਾ ਜੌਬ ਕਾਰਡ ਹੋਲਡਰ ਔਰਤਾਂ। ਉਹ ਔਰਤਾਂ ਜਿਨ੍ਹਾਂ ਦੀ ਕੁੱਲ ਪਰਿਵਾਰਕ ਆਮਦਨ 8 ਲੱਖ ਰੁਪਏ ਪ੍ਰਤੀ ਸਾਲ ਤੋਂ ਘੱਟ ਹੈ। ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਏ.ਡਬਲਿਊ.ਡਬਲਿਊ, ਏ.ਡਬਲਿਊ.ਐੱਚ ਅਤੇ ਆਸ਼ਾ ਵਰਕਰ ਸ਼ਾਮਲ ਹਨ। ਇਸ ਤੋਂ ਇਲਾਵਾ, ਸਾਰੀਆਂ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਜਾਂ ਜਨਤਕ ਖੇਤਰ ਦੇ ਅਦਾਰਿਆਂ ਵਿੱਚ ਨਿਯਮਤ ਰੁਜ਼ਗਾਰ ਵਿੱਚ ਹਨ ਜਾਂ ਜੋ ਕਿ ਮੌਜੂਦਾ ਸਮੇਂ ਲਈ ਲਾਗੂ ਕਿਸੇ ਕਾਨੂੰਨ ਦੇ ਤਹਿਤ ਸਮਾਨ ਲਾਭ ਪ੍ਰਾਪਤ ਕਰ ਰਹੀਆਂ ਹਨ, ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਦੇ ਅਧੀਨ ਲਾਭਾਂ ਦੇ ਹੱਕਦਾਰ ਨਹੀਂ ਹੋਣਗੀਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਬਾਰੇ ਵਧੇਰੇ ਜਾਣਕਾਰੀ ਲਈ ਆਪਣੇ ਨੇੜੇ ਦੇ ਆਂਗਨਵਾੜੀ ਕੇਂਦਰ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਰਾਬ, ਮੀਟ ਤੇ ਤੰਬਾਕੂ ਦੀਆਂ ਦੁਕਾਨਾਂ ਬੰਦ ਕਰਵਾਉਣ ਲਈ ਸਿੱਖ ਆਗੂਆਂ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ 'ਤੇ ਸਮੁੱਚੇ ਜ਼ਿਲ੍ਹੇ ਅੰਦਰ ਸ਼ਰਾਬ, ਮੀਟ ਅਤੇ ਤੰਬਾਕੂ ਦੀਆਂ ਦੁਕਾਨਾਂ ਬੰਦ ਕਰਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਉਧੋਕੇ ਵੱਲੋਂ ਆਪਣੇ ਸਾਥੀ ਆਗੂਆਂ ਨੂੰ ਨਾਲ ਲੈ ਕੇ ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਰਣਜੀਤ ਸਿੰਘ ਉਧੋਕੇ ਨੇ ਕਿਹਾ ਕਿ ਸਿੱਖ ਕੌਮ ਲਈ ਗੁਰੂਆਂ ਦੀਆਂ ਕੁਰਬਾਨੀਆਂ ਲਾਮਿਸਾਲ ਹਨ। ਉਨ੍ਹਾਂ ਕਿਹਾ ਕਿ ਸਿੱਖੀ ਨੂੰ ਪ੍ਰਫੁੱਲਿਤ ਕਰਨ ਲਈ ਸਾਹਿਬ ਏ ਕਮਾਲ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੂਰੇ ਪਰਿਵਾਰ ਨੇ ਸ਼ਹਾਦਤਾਂ ਦਾ ਜਾਮ ਪੀਤਾ ਸੀ। ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੇ ਸਾਥੀ ਆਗੂਆਂ ਨੂੰ ਨਾਲ ਲੈ ਕੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਤੇ ਸਮੁੱਚੇ ਜ਼ਿਲ੍ਹੇ ਅੰਦਰ ਸ਼ਰਾਬ, ਮੀਟ ਅਤੇ ਤੰਬਾਕੂ ਦੀਆਂ ਦੁਕਾਨਾਂ ਨੂੰ ਬੰਦ ਕਰਵਾਉਣ ਲਈ ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਨੂੰ ਮੰਗ ਪੱਤਰ ਸੌਂਪਿਆ ਗਿਆ ਹੈ। ਉਨ੍ਹਾਂ ਕਿਹਾ ਕਿਹਾ ਕਿ ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦਿਆਂ ਅਤੇ ਸਮੁੱਚੇ ਸਿੰਘਾਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਾਨੂੰ ਸਭ ਨੂੰ ਰੋਜ਼ਾਨਾ ਗੁਰਬਾਣੀ ਦਾ ਜਾਪ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਗੁਰੂਆਂ ਦੀ ਸ਼ਹਾਦਤ ਸਦਕਾ ਸੁਖੀ ਜੀਵਨ ਬਤੀਤ ਕਰ ਰਹੇ ਹਾਂ। ਇਸ ਮੌਕੇ ਉਨ੍ਹਾਂ ਜ਼ਿਲ੍ਹੇ ਅੰਦਰ ਮੀਟ, ਸ਼ਰਾਬ ਅਤੇ ਤੰਬਾਕੂ ਵੇਚਣ ਵਾਲਿਆਂ ਨੂੰ ਸ਼ਹੀਦੀ ਦਿਹਾੜੇ ਮੌਕੇ ਆਪਣੀਆਂ ਦੁਕਾਨਾਂ ਬੰਦ ਰੱਖਣ ਦੀ ਅਪੀਲ ਕੀਤੀ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਸ਼ਰਾਬ ਦੇ ਠੇਕਿਆਂ ਅਤੇ ਮੀਟ-ਮੱਛੀ ਵੇਚਣ ਵਾਲਿਆਂ ਦੁਕਾਨਾਂ ਬੰਦ ਕਰਨ ਦੇ ਹੁਕਮ ਜਾਰੀ ਨਾ ਕੀਤੇ ਗਏ ਤਾਂ ਉਹ ਇਨ੍ਹਾਂ ਦੁਕਾਨਾਂ ਨੂੰ ਬੰਦ ਕਰਵਾਉਣ ਲਈ ਖੁਦ ਸਖਤ ਐਕਸ਼ਨ ਲੈਣਗੇ, ਜਿਸ ਦਾ ਜ਼ਿੰਮੇਵਾਰ ਜ਼ਿਲ੍ਹਾ ਪ੍ਰਸ਼ਾਸਨ ਹੋਵੇਗਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਥੇਬੰਦੀ ਦੇ ਹਲਕਾ ਖੇਮਕਰਨ ਤੋਂ ਇੰਚਾਰਜ ਭਾਈ ਸਤਿੰਦਰ ਪਾਲ ਸਿੰਘ ਮਿੰਟੂ ਮਾੜੀਮੇਘਾ, ਇੰਟਰਨੈਸ਼ਨਲ ਪੰਥਕ ਦਲ ਮੁੱਖ ਸਲਾਹਕਾਰ ਪੰਜਾਬ ਸੱਜਣ ਸਿੰਘ, ਨਿਊ ਗੰਥੀ ਸਿੰਘ ਫੈਡਰੇਸ਼ਨ ਭਾਈ ਸਤਨਾਮ ਸਿੰਘ, ਸ਼੍ਰੋਮਣੀ ਜਰਨੈਲ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਇੰਦਰਜੀਤ ਸਿੰਘ ਢੋਲਣ, ਭਾਈ ਜੁਗਰਾਜ ਸਿੰਘ, ਸਹਿਬਾਜ ਸਿੰਘ ਪੂਨੀਆ, ਭਾਈ ਗੁਰਲਾਲ ਸਿੰਘ ਵਲਟੋਹਾ, ਭਾਈ ਚਰਨਜੀਤ ਸਿੰਘ ਮੁਗਲ ਚੱਕ, ਭਾਈ ਸੁਖਪਾਲ ਸਿੰਘ ਅਲਗੋਂ, ਭਾਈ ਪਲਵਿੰਦਰ ਸਿੰਘ ਭੁੱਲਰ ਅਲਗੋਂ ਕੋਠੀ, ਭਾਈ ਬਲਵੰਤ ਸਿੰਘ ਪਹੂਵਿੰਡ, ਬੁੱਢਾ ਸਿੰਘ ਮੱਲ੍ਹੀ, ਭਾਈ ਹਰਨੇਕ ਸਿੰਘ ਪੂਨੀਆ, ਗੁਰਦੇਵ ਸਿੰਘ ਪੂਨੀਆ, ਬਹਾਦਰ ਸਿੰਘ ਭੰਗਾਲਾ, ਨਵਦੀਪ ਸਿੰਘ ਡੱਲ, ਅਮਨਦੀਪ ਸਿੰਘ ਧੁੰਨ, ਭਾਈ ਬਲਵੀਰ ਸਿੰਘ ਮਾੜੀਮੇਘਾ ਅਤੇ ਭਾਈ ਹਰਪ੍ਰੀਤ ਸਿੰਘ ਵਾਂ ਹਾਜ਼ਰ ਸਨ।

# ਵੱਖ-ਵੱਖ ਸੜਕ ਹਾਦਸਿਆਂ 'ਚ ਜ਼ਖਮੀ 2 ਵਿਅਕਤੀਆਂ ਦੀ ਮੌਤ, ਮਾਮਲੇ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਧਾਰੀਵਾਲ ਪੁਲਸ ਨੇ ਸੜਕ ਹਾਦਸੇ ਵਿਚ ਜ਼ਖਮੀ ਵਿਅਕਤੀ ਦੀ ਮੌਤ ਹੋਣ 'ਤੇ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਪੁਲਸ ਦੇ ਏਐੱਸਆਈ ਸਤਨਾਮ ਸਿੰਘ ਨੇ ਦੱਸਿਆ ਕਿ ਦਲਬੀਰ ਕੌਰ ਪਤਨੀ ਸੁੱਚਾ ਰਾਮ ਵਾਸੀ ਘੁੰਮਣ ਕਲਾਂ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਮਿਤੀ 17.12.23 ਨੂੰ ਮੇਰਾ ਲੜਕਾ ਕੰਵਲਜੀਤ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਨੌਸ਼ਹਿਰਾ ਮੱਝਾ ਸਿੰਘ ਆਪਣੀ ਭੈਣ ਨੂੰ ਮਿਲਣ ਲਈ ਜਾ ਰਿਹਾ ਸੀ। ਜਦ ਉਹ ਮਾਸਟਰ ਨਰਸਰੀ ਤੋਂ ਥੋੜਾ ਅੱਗੇ ਪੁੱਜਾ ਤਾਂ ਛੀਨਾ ਰੇਲ ਵਾਲੀ ਸਾਈਡ ਤੋਂ ਇੱਕ ਸੈਂਟਰੋ ਕਾਰ ਤੇਜ਼ ਰਫਤਾਰ ਨਾਲ ਆਈ ਜਿਸ ਨੂੰ ਸਤਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਬਾਹੀਆ ਥਾਣਾ ਤਿੱਬੜ ਚਲਾ ਰਿਹਾ ਸੀ, ਜਿਸ ਨੇ ਆਪਣੀ ਕਾਰ ਗਲਤ ਸਾਈਡ ਤੋਂ ਲਾਪ੍ਰਵਾਹੀ ਨਾਲ ਚਲਾ ਕੇ ਕੰਵਲਜੀਤ ਸਿੰਘ ਦੇ ਮੋਟਰਸਾਇਕਲ ਵਿੱਚ ਮਾਰ ਦਿੱਤੀ ਤਾਂ ਕੰਵਲੀਜੀਤ ਸਿੰਘ ਸੜਕ 'ਤੇ ਡਿੱਗ ਪਿਆ ਜਿਸ ਨਾਲ ਉਸਦੇ ਗੰਭੀਰ ਸੱਟਾਂ ਲੱਗਣ ਕਰਕੇ ਉਸ ਦੀ ਮੌਤ ਹੋ ਗਈ ਹੈ। ਥਾਣਾ ਧਾਰੀਵਾਲ ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਧਾਰਾ 304 ਏ, 279, 427 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਧਾਰੀਵਾਲ ਪੁਲਸ ਦੇ ਏਐੱਸਆਈ ਪਲਵਿੰਦਰ ਸਿੰਘ ਨੇ ਦੱਸਿਆ ਕਿ ਅਮਨ ਕੁਮਾਰ ਪੁੱਤਰ ਰੋਸ਼ਨ ਲਾਲ ਵਾਸੀ ਪ੍ਰੇਮ ਨਗਰ ਗੁਰਦਾਸਪੁਰ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਮੇਰਾ ਭਰਾ ਅਮਿਤ ਕੁਮਾਰ ਉਮਰ 39 ਸਾਲ ਆਪਣੇ ਮੋਟਰਸਾਈਕਲ ਪਲਟੀਨਾ 'ਤੇ ਸਵਾਰ ਹੋ ਕੇ ਧਾਰੀਵਾਲ ਤੋਂ ਗੁਰਦਾਸਪੁਰ ਸਾਈਡ ਨੂੰ ਜਾ ਰਿਹਾ ਸੀ। ਜਦੋਂ ਉਹ ਅੱਡਾ ਜਾਪੂਵਾਲ ਸਾਹਮਣੇ ਅੱਤਰੀ ਫਰਨੀਚਰ ਹਾਊਸ ਪੁੱਜਾ ਤਾਂ ਸਾਹਮਣੇ ਤੋਂ ਕਿਸੇ ਨਾ-ਮਲੂਮ ਵਹੀਕਲ ਨਾਲ ਟਕਰਾਉਣ ਕਰਕੇ ਸੜਕ 'ਤੇ ਡਿੱਗ ਪਿਆ ਜਿਸ ਦੀ ਗੰਭੀਰ ਸੱਟਾਂ ਲੱਗਣ ਕਰਕੇ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਉਕਤ ਬਿਆਨਾਂ 'ਤੇ ਕਾਰਵਾਈ ਕਰਦਿਆਂ ਨਾ-ਮਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਕਾਰੀ ਸਕੂਲ 'ਚ ਮਾਪੇ-ਅਧਿਆਪਕ ਮਿਲਣੀ ਸਫਲ ਰਹੀ



ਮਜੀਠਾ (ਸੋਇਮ ਆਨੰਦ)-ਸਿੱਖਿਆ ਵਿਭਾਗ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਸ਼ਹੀਦ ਕੈਪਟਨ ਅਮਰਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਜੀਠਾ ਵਿਖੇ ਮਾਪੇ-ਅਧਿਆਪਕ ਮਿਲਣੀ ਸਫਲਤਾਪੂਰਵਕ ਸੰਪੰਨ ਹੋਈ। ਪ੍ਰਿੰਸੀਪਲ ਮੋਨਾ ਕੌਰ ਦੀ ਸੁਯੋਗ ਅਗਵਾਈ ਹੇਠ ਅੱਜ ਦੀ ਮਾਪੇ-ਅਧਿਆਪਕ ਮਿਲਣੀ ਬਹੁਤ ਹੀ ਸੁਚੱਜੇ ਤਰੀਕੇ ਨਾਲ ਉਲੀਕੀ ਅਤੇ ਨੇਪਰੇ ਚਾੜ੍ਹੀ ਗਈ। ਸਕੂਲ ਦੇ ਮੁੱਖ ਦਰਵਾਜ਼ੇ ਅੰਦਰ ਦਾਖਲ ਹੁੰਦਿਆਂ ਹੀ ਸੋਹਣੇ ਅੰਦਾਜ਼ ਵਿੱਚ ਰੰਗਦਾਰ ਬੋਰਡਾਂ ਉੱਪਰ, ਢੁੱਕਵੇਂ ਸ਼ਬਦਾਂ ਨਾਲ ਮਾਪੇ-ਅਧਿਆਪਕ ਮਿਲਣੀ ਬਾਰੇ ਜਾਣਕਾਰੀ ਅਤੇ ਸਟਾਫ ਮੈਂਬਰਜ਼ ਵੱਲੋਂ ਸਕੂਲ ਵਿੱਚ ਆਉਣ ਵਾਲੇ ਮਾਪਿਆਂ ਦਾ ਸਵਾਗਤ ਮਾਹੌਲ ਨੂੰ ਸੁਹਾਵਣਾ ਬਣਾ ਰਿਹਾ ਸੀ। ਵੱਖ-ਵੱਖ ਥਾਵਾਂ ਤੇ ਆਪਣੀਆਂ-ਆਪਣੀਆਂ ਥਾਵਾਂ 'ਤੇ ਬਿਰਾਜਮਾਨ ਅਧਿਆਪਕ ਕਲਾਸ ਅਤੇ ਸਬਜੈਕਟ ਅਨੁਸਾਰ ਮਾਪਿਆਂ ਨਾਲ ਉਨ੍ਹਾਂ ਦੇ ਬੱਚਿਆਂ ਦੀ ਸਮੁੱਚੀ ਕਾਰਗੁਜ਼ਾਰੀ ਬਾਰੇ ਗੱਲਬਾਤ ਕਰ ਰਹੇ ਸਨ ਅਤੇ ਮਾਪਿਆਂ ਨਾਲ ਸਲਾਹ ਮਸ਼ਵਰੇ ਦੁਆਰਾ ਵਿਦਿਆਰਥੀਆਂ ਦੀ ਕਾਬਲੀਅਤ ਵਿੱਚ ਹੋਰ ਨਿਖਾਰ ਲਿਆਉਣ ਲਈ ਵਿਚਾਰ ਚਰਚਾ ਚੱਲ ਰਹੀ ਸੀ। ਮਾਪਿਆਂ ਲਈ ਨਾਲ-ਨਾਲ ਹੀ ਚਾਹ-ਪਾਣੀ ਦਾ ਪ੍ਰਬੰਧ ਵੀ ਵਧੀਆ ਸੀ ਅਤੇ ਇੱਕ ਪਾਸੇ ਪਏ ਸੁਝਾਓ ਬਾਕਸ ਵਿੱਚ ਕਈ ਮਾਪਿਆਂ ਦੁਆਰਾ ਆਪਣੇ ਸੁਝਾਅ ਵੀ ਲਿਖਤੀ ਰੂਪ ਵਿੱਚ ਦਿੱਤੇ ਜਾ ਰਹੇ ਸਨ। ਇਸ ਦਿਲਕਸ਼ ਮਾਹੌਲ ਵਿੱਚ ਕਈ ਹੋਰ ਚੀਜ਼ਾਂ ਵੀ ਧਿਆਨ ਖਿੱਚਣ ਦਾ ਕਾਰਨ ਬਣ ਰਹੀਆਂ ਸਨ, ਜਿਵੇਂ ਵੇਸਟ ਮਟੀਰੀਅਲ ਤੋਂ ਬਣੀਆਂ ਉਪਯੋਗੀ ਅਤੇ ਸਜਾਵਟੀ ਵਸਤਾਂ ਦੀ ਪ੍ਰਦਰਸ਼ਨੀ ਆਦਿ। ਦੂਜੇ ਪਾਸੇ ਲਾਇਬਰੇਰੀਅਨ ਵੱਲੋਂ ਸਾਹਿਤਕ ਕਿਤਾਬਾਂ ਦੀ ਲਗਾਈ ਗਈ ਪ੍ਰਦਰਸ਼ਨੀ ਖ਼ਾਸ ਪ੍ਰਭਾਵ ਪੈਦਾ ਕਰ ਰਹੀ ਸੀ। ਇੱਥੋਂ ਵਿਦਿਆਰਥੀਆਂ ਨੇ ਸਾਹਿਤਕ ਕਿਤਾਬਾਂ ਹਾਸਲ ਕੀਤੀਆਂ ਜਿਸ ਨਾਲ ਉਨ੍ਹਾਂ ਦੀ ਪੜ੍ਹਨ ਦੀ ਚੇਟਕ ਚ ਵਾਧਾ ਹੋਣ ਦੀਆਂ ਸੰਭਾਵਨਾਵਾਂ ਹਨ।

ਇਸੇ ਤਰ੍ਹਾਂ ਇੱਕ ਪਾਸੇ ਨਵੇਂ ਦਾਖ਼ਲੇ ਲਈ ਉਤਸ਼ਾਹਿਤ ਕਰਨ ਲਈ ਇੱਕ ਕੈਬਿਨ ਬਣਾਇਆ ਗਿਆ ਸੀ, ਜਿੱਥੇ ਸਕੂਲ ਵਿੱਚ ਆਉਣ ਵਾਲੇ ਲੋਕਾਂ ਨੇ ਜਾਣਕਾਰੀ ਲਈ ਅਤੇ ਸਕੂਲ ਪ੍ਰਬੰਧ ਦੀ ਸ਼ਲਾਘਾ ਕਰਦੇ ਹੋਏ ਨਵੇਂ ਸੈਸ਼ਨ ਲਈ ਦਾਖਲਾ ਵਧਾਉਣ ਵਿੱਚ ਸਹਿਯੋਗੀ ਹੋਣ ਲਈ ਯਕੀਨ ਦੁਆਇਆ। ਕੁੱਲ ਮਿਲਾ ਕੇ ਅੱਜ ਦੀ ਮਾਪੇ-ਅਧਿਆਪਕ ਮਿਲਣੀ ਜਿੱਥੇ ਸਫਲਤਾਪੂਰਵਕ ਸੰਪੰਨ ਹੋਈ ਅਤੇ ਯਾਦਗਾਰੀ ਹੋ ਨਿੱਬੜੀ।

# ਸਰਕਾਰੀ ਸਕੂਲ ਮਰਹਾਨਾ ਵਿਖੇ ਮਾਪੇ-ਅਧਿਆਪਕ ਮਿਲਣੀ ਹੋਈ



ਪੱਟੀ, (ਬਲਦੇਵ ਸਿੰਘ ਸੰਧੂ)-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੀ ਯੋਗ ਅਗਵਾਈ ਵਿੱਚ ਬਾਬਾ ਈਸ਼ਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਰਹਾਨਾ ਵਿਖੇ ਅਧਿਆਪਕ ਮਾਪੇ ਮਿਲਣੀ ਦਾ ਆਯੋਜਨ ਕੀਤਾ ਗਿਆ ਜਿਸ ਦੀ ਦੇਖਰੇਖ ਸਕੂਲ ਇੰਚਾਰਜ ਮਨਦੀਪ ਕੌਰ ਨੇ ਕੀਤੀ। ਮਿਲਣੀ 'ਚ ਸ਼ਮੂਲੀਅਤ ਕਰਨ ਲਈ ਸਕੂਲ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਇਲਾਕੇ ਭਰ ਦੇ ਮੋਹਤਬਰ ਸੱਜਣਾਂ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ। ਇਨ੍ਹਾਂ ਨੇ ਸਕੂਲ ਸਟਾਫ ਦੀ ਕਾਰਗੁਜ਼ਾਰੀ 'ਤੇ ਸੰਤੁਸ਼ਟੀ ਜ਼ਾਹਰ ਕਰਨ ਦੇ ਨਾਲ ਨਾਲ ਇੰਚਾਰਜ ਮਨਦੀਪ ਕੌਰ ਵੱਲੋਂ ਸਕੂਲ ਦੀ ਬਿਹਤਰੀ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਮਨਦੀਪ ਕੌਰ ਦੱਸਿਆ ਕਿ ਜਿਥੇ ਮਾਪਿਆਂ ਨੂੰ ਬੱਚਿਆਂ ਦੀ ਕਾਰਜਕੁਸ਼ਲਤਾ ਤੋਂ ਮਾਪਿਆਂ ਨੂੰ ਜਾਣੂੰ ਕਰਾਇਆ ਗਿਆ ਉਥੇ ਹੀ ਬੱਚਿਆਂ ਦੇ ਰੌਸ਼ਨ ਭਵਿੱਖ ਲਈ ਸੁਝਾਅ ਵੀ ਲਏ ਗਏ। ਛੇਵੀ ਤੋਂ ਬਾਰ੍ਹਵੀ ਜਮਾਤ ਦੇ ਮੁਖੀਆਂ ਪਰਵਿੰਦਰ ਕੌਰ, ਹਰਸਿਮਰਨ ਕੌਰ, ਰਿਤੂ ਰਾਣੀ, ਕੁਸਮ ਰਾਣੀ, ਆਸ਼ਿਮਾ ਕੰਬੋਜ, ਦਵਿੰਦਰ ਸਿੰਘ, ਸੁਖਦੀਪ ਕੌਰ ਅਤੇ ਹਰਪ੍ਰੀਤ ਸਿੰਘ ਨੇ ਮਾਪਿਆਂ ਨਾਲ ਮਿਸ਼ਨ ਸਮਰੱਥ, ਮਿਸ਼ਨ ਸੌ ਫੀਸਦੀ ਅਤੇ ਬੋਰਡ ਪ੍ਰੀਖਿਆਵਾਂ ਲਈ ਵੱਖਰੀਆਂ ਜਮਾਤਾਂ ਬਾਰੇ ਵਿਚਾਰ ਚਰਚਾ ਕੀਤੀ। ਮਾਪਿਆਂ ਲਈ ਰਿਫਰੈਸ਼ਮੈਂਟ ਦੇ ਨਾਲ ਨਾਲ ਪੁਸਤਕ ਪ੍ਰਦਰਸ਼ਨੀ ਲਗਾ ਕੇ ਮਿਆਰੀ ਪੁਸਤਕਾਂ ਵੰਡੀਆਂ ਗਈਆਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨਦੀਪ ਕੌਰ ਨੇ ਦੱਸਿਆ ਕਿ ਮਾਪਿਆਂ ਨੂੰ ਅਪੀਲ ਕਰਕੇ ਬੱਚਿਆਂ ਦੀ ਹਾਜ਼ਰੀ ਯਕੀਨੀ ਬਣਾਉਣ ਅਤੇ ਸਕੂਲ ਦੇ ਵਿਕਾਸ ਕੰਮਾਂ 'ਚ ਸਹਿਯੋਗ ਦੇਣ ਬਾਰੇ ਕਿਹਾ ਗਿਆ। ਉਨ੍ਹਾਂ ਕਿਹਾ ਕਿ ਵਿੱਦਿਆ ਦੇ ਮਿਆਰ ਨੂੰ ਬਰਕਰਾਰ ਰੱਖਣ ਲਈ ਸਰਕਾਰੀ ਸਹੂਲਤਾਂ ਇੰਨ-ਬਿੰਨ ਮੁਹੱਈਆ ਕਰਾਈਆਂ ਜਾ ਰਹੀਆਂ ਹਨ। ਇਥੇ ਹੀ ਬੱਸ ਨਹੀ ਮੈਰਿਟ 'ਚ ਆਉਣ ਵਾਲੇ ਬੱਚਿਆਂ ਦੇ ਸਨਮਾਨ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣ ਦੀ ਤਜਵੀਜ਼ ਵੀ ਵਿਚਾਰ ਅਧੀਨ ਹੈ। ਉਨ੍ਹਾਂ ਸਕੂਲ ਦੀ ਵਧੀਆ ਕਾਰਗੁਜ਼ਾਰੀ ਦਾ ਸਿਹਰਾ ਸਟਾਫ ਦੀ ਮਿਹਨਤ ਸਿਰ ਬੰਨ੍ਹਿਆ। ਇਸ ਮੌਕੇ ਸਿਮਰਜੀਤ ਕੌਰ, ਹਰਜੀਤ ਸਿੰਘ, ਰਾਜਵਿੰਦਰ ਕੌਰ, ਜੋਬਨਜੀਤ ਸਿੰਘ, ਰੇਨੂ, ਨਰਿੰਦਰ ਕੌਰ, ਪ੍ਰੋਮਿਲਾ ਰਾਣੀ, ਸੰਦੀਪ ਕੌਰ, ਹਰਸ਼ਰਨ ਕੌਰ, ਕਮਲਦੀਪ ਕੌਰ, ਮਨਪ੍ਰੀਤ ਕੌਰ, ਅਰੁਣਾ ਰਾਣੀ ਅਤੇ ਦੀਪਿਕਾ ਗਰਗ ਆਦਿ ਹਾਜ਼ਰ ਸਨ।

# ਪੱਟੀ ਬਾਰ ਐਸੋਸੀਏਸ਼ਨ ਦੀਆਂ ਚੋਣਾਂ 'ਚ ਐਡ. ਕੰਵਲਜੀਤ ਸਿੰਘ ਬਾਠ ਗਰੁੱਪ ਜੇਤੂ



ਪੱਟੀ, (ਬਲਦੇਵ ਸਿੰਘ ਸੰਧੂ)-ਬਾਰ ਐਸੋਸੀਏਸ਼ਨ ਪੱਟੀ ਦੀਆਂ ਚੋਣਾਂ ਨੂੰ ਲੈ ਕੇ 10 ਉਮੀਦਵਾਰ ਮੈਦਾਨ 'ਚ ਆਏ ਸਨ। ਇਸ ਦੌਰਾਨ ਨਿਯੁਕਤ ਕੀਤੇ ਚੋਣ ਰਿਟਰਨਿੰਗ ਅਫਸਰ ਐਡਵੋਕੇਟ ਬਲਜਿੰਦਰ ਸਿੰਘ ਬਾਠ ਅਤੇ ਆਬਜ਼ਰਵਰ ਅੰਮ੍ਰਿਤਬੀਰ ਸਿੰਘ ਖਹਿਰਾ ਦੀ ਦੇਖ-ਰੇਖ ਹੇਠ ਵੋਟਾਂ ਅਮਨ-ਅਮਾਨ ਨਾਲ ਪਈਆਂ। ਬਾਰ ਐਸੋਸੀਏਸ਼ਨ ਦੀ ਪ੍ਰਧਾਨਗੀ ਦੀ ਚੋਣ ਲਈ ਐਡਵੋਕੇਟ ਕੰਵਲਜੀਤ ਸਿੰਘ ਬਾਠ ਅਤੇ ਐਡਵੋਕੇਟ ਸ਼ਿਵਦੀਪ ਮਹਿਤਾ ਮੈਦਾਨ ਵਿਚ ਸਨ। ਇਸ ਦੌਰਾਨ ਐਡਵੋਕੇਟ ਸ਼ਿਵਦੀਪ ਮਹਿਤਾ ਨੂੰ 61 ਵੋਟਾਂ ਅਤੇ ਐਡਵੋਕੇਟ ਕੰਵਲਜੀਤ ਸਿੰਘ ਬਾਠ ਨੂੰ 89 ਵੋਟਾਂ ਮਿਲੀਆਂ। ਕੰਵਲਜੀਤ ਸਿੰਘ ਬਾਠ 28 ਵੋਟਾਂ ਨਾਲ ਬਾਰ ਐਸੋਸੀਏਸ਼ਨ ਪੱਟੀ ਦੇ ਪ੍ਰਧਾਨ ਚੁਣੇ ਗਏ।

ਇਸੇ ਤਰ੍ਹਾਂ ਵਾਈਸ ਪ੍ਰਧਾਨ ਦੇ ਅਹੁਦੇ ਲਈ ਐਡਵੋਕੇਟ ਹਰਗੁਰਲਾਲ ਸਿੰਘ ਤੇ ਐਡਵੋਕੇਟ ਮਨਿੰਦਰ ਸਿੰਘ ਮੈਦਾਨ 'ਚ ਸਨ ਐਡਵੋਕੇਟ ਮਨਿੰਦਰ ਸਿੰਘ ਨੂੰ 91 ਵੋਟਾਂ ਤੇ ਐਡਵੋਕੇਟ ਹਰਗੁਰਲਾਲ ਨੂੰ 56 ਵੋਟਾਂ ਵੋਟਾਂ ਮਿਲੀਆਂ। ਐਡਵੋਕੇਟ ਮਨਿੰਦਰ ਸਿੰਘ 35 ਵੋਟਾਂ ਨਾਲ ਜੇਤੂ ਰਹੇ। ਸੈਕਟਰੀ ਦੇ ਅਹੁਦੇ ਲਈ ਐਡਵੋਕੇਟ ਨਕੁਲ ਦੇਵਗਨ ਨੂੰ 69 ਤੇ ਐਡਵੋਕੇਟ ਹਰਕੀਰਤ ਸਿੰਘ ਨੂੰ 80 ਵੋਟਾਂ ਮਿਲੀਆਂ।

ਐਡਵੋਕੇਟ ਹਰਕੀਰਤ ਸਿੰਘ 11 ਵੋਟਾਂ ਨਾਲ ਜੇਤੂ ਰਹੇ। ਜੁਆਇੰਟ ਸੈਕਟਰੀ ਲਈ ਐਡਵੋਕੇਟ ਜਸਵਿੰਦਰ ਸਿੰਘ ਬੇਦੀ ਨੂੰ 73 ਤੇ ਐਡਵੋਕੇਟ ਸੁਖਭੇਜ ਸਿੰਘ ਨੂੰ 76 ਵੋਟਾਂ ਮਿਲੀਆਂ ਤੇ 3 ਵੋਟਾਂ ਨਾਲ ਐਡਵੋਕੇਟ ਸੁਖਭੇਜ ਸਿੰਘ ਜੇਤੂ ਰਹੇ। ਖਜ਼ਾਨਚੀ ਦੇ ਅਹੁਦੇ ਲਈ ਐਡਵੋਕੇਟ ਗੁਰਪ੍ਰੀਤ ਸਿੰਘ ਲਵ ਨੂੰ 60 ਅਤੇ ਐਡਵੋਕੇਟ ਉਮਨਪ੍ਰੀਤ ਸਿੰਘ ਨੂੰ 88 ਵੋਟਾਂ ਮਿਲੀਆਂ ਤੇ 29 ਵੋਟਾਂ ਨਾਲ ਅਮਨ ਜੇਤੂ ਰਹੇ। ਜੇਤੂਆਂ ਨੂੰ ਵਧਾਈ ਦਿੱਤੀ ਗਈ।

# ਜੱਜ ਸਾਹਿਬਾਨ ਵੱਲੋਂ ਆਦਰਸ਼ ਬਿਰਧ ਆਸ਼ਰਮ ਝਾਖੋਲਾਹੜੀ ਦਾ ਦੌਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਅੱਜ ਮਾਣਯੋਗ ਸੈਸ਼ਨ ਜੱਜ ਸਰਦਾਰ ਜਤਿੰਦਰ ਪਾਲ ਸਿੰਘ ਖੁਰਮੀ ਤੇ ਸੀਜੀਐੱਮ ਜੱਜ ਸਰਦਾਰ ਰਾਜੀਵ ਪਾਲ ਸਿੰਘ ਚੀਮਾ (ਪਠਾਨਕੋਟ) ਵੱਲੋਂ ਆਦਰਸ਼ ਬਿਰਧ ਆਸ਼ਰਮ ਝਾਖੋਲਾਹੜੀ ਦਾ ਦੌਰਾ ਕੀਤਾ ਗਿਆ ਅਤੇ ਬਜ਼ੁਰਗਾਂ ਦਾ ਹਾਲ-ਚਾਲ ਪੁੱਛਿਆ ਗਿਆ। ਉਨ੍ਹਾਂ ਨੇ ਬਜ਼ੁਰਗਾਂ ਨਾਲ ਦੁੱਖ ਸਾਂਝੇ ਕੀਤੇ ਤੇ ਨਾਲ ਹੀ ਉਨ੍ਹਾਂ ਦੇ ਰਹਿਣ ਸਹਿਣ ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਬਜ਼ੁਰਗਾਂ ਨੂੰ ਪੁੱਛਿਆ ਕਿ ਤੁਹਾਨੂੰ ਇੱਥੇ ਕਿਸੇ ਤਰ੍ਹਾਂ ਦੀ ਕੋਈ ਤਕਲੀਫ ਤਾਂ ਨਹੀਂ ਆ ਰਹੀ, ਜੇ ਆ ਰਹੀ ਹੈ ਤਾਂ ਦੱਸਿਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਪੂਰੇ ਬਿਰਧ ਘਰ ਦਾ ਦੌਰਾ ਵੀ ਕੀਤਾ। ਜੱਜ ਸਾਹਿਬਾਨ ਨੇ ਬਜ਼ੁਰਗਾਂ ਨੂੰ ਹਿੰਮਤ ਦਿੰਦੇ ਹੋਏ ਕਿਹਾ ਕਿ ਜਦੋਂ ਵੀ ਤੁਹਾਨੂੰ ਸਾਡੀ ਜ਼ਰੂਰਤ ਪੈਂਦੀ ਹੈ ਤਾਂ ਪਹਿਲ ਦੇ ਆਧਾਰ 'ਤੇ ਸਾਡੇ ਵੱਲੋਂ ਤੁਹਾਡੀ ਸਹਾਇਤਾ ਕੀਤੀ ਜਾਵੇਗੀ। ਅਸੀਂ ਹਰ ਤਿਉਹਾਰ ਮੌਕੇ ਤੁਹਾਡੇ ਕੋਲ ਆਵਾਂਗੇ ਤੇ ਆਉਂਦੇ ਹੀ ਰਹਾਂਗੇ। ਅਸੀਂ ਪ੍ਰਮਾਤਮਾਂ ਅੱਗੇ ਇਹ ਹੀ ਪ੍ਰਾਰਥਨਾ ਕਰਦੇ ਹਾਂ ਕਿ ਪ੍ਰਮਾਤਮਾਂ ਤੁਹਾਡੇ 'ਤੇ ਇਸੇ ਤਰ੍ਹਾਂ ਹਿੰਮਤ ਬਣਾਈ ਰੱਖੇ। ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਨੇ ਆਏ ਹੋਏ ਸਾਰੇ ਮੁੱਖ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਆਸ਼ਰਮ ਦੇ ਸਮੂਹ ਸਟਾਫ ਮੈਂਬਰ ਸਵਿਤਾ, ਆਰਤੀ, ਸੁਖਵਿੰਦਰ ਕੌਰ, ਅੰਜੂ, ਤਰਸੇਮ ਲਾਲ ਅਤੇ ਅਨਿਲ ਕੁਮਾਰ ਆਦਿ ਮੌਜੂਦ ਸਨ।

# ਪੰਜਾਬ ਸਰਕਾਰ ਨਸ਼ੇ ਦੇ ਖਾਤਮੇ ਲਈ ਨਿਰੰਤਰ ਸਰਗਰਮ: ਈ ਟੀ ਓ

## * ਲੋਕ ਪੁਲਸ ਦਾ ਸਾਥ ਦੇਣ ਤਾਂ ਨਸ਼ੇ ਦਾ ਖਾਤਮਾ ਯਕੀਨੀ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪੰਜਾਬ ਪੁਲਸ ਅੰਮ੍ਰਿਤਸਰ ਦਿਹਾਤੀ ਨੇ ਨੌਜਵਾਨਾਂ ਤੇ ਬੱਚਿਆਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂੰ ਕਰਵਾਉਣ ਲਈ ਨਿਵੇਕਲੀ ਕਿਸਮ ਦਾ ਜਾਗਰੂਕਤਾ ਪ੍ਰੋਗਰਾਮ ਮਾਨਾਵਾਂਲਾ ਦੇ ਖੇਡ ਸਟੇਡੀਅਮ ਵਿਚ ਕਰਵਾਇਆ। ਇਸ ਵਿਚ ਜਿੱਥੇ ਬੁਲਾਰਿਆਂ ਨੇ ਆਪਣੀ ਦਲੀਲਾਂ ਦੇ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ। ਉਥੇ ਨਾਟਕ ਮੰਡਲੀਆਂ ਨੇ ਨਸ਼ਿਆਂ ਨਾਲ ਉਜੜਦੇ ਘਰਾਂ ਦਾ ਬਿਰਤਾਂਤ ਸਿਰਜ ਕੇ ਕੋਮਲ ਮਨਾਂ ਨੂੰ ਝੰਜੋੜਿਆ। ਹਾਕੀ ਦੇ ਵੱਡੇ ਖਿਡਾਰੀ ਐੱਸ ਪੀ ਜੁਗਰਾਜ ਸਿੰਘ, ਉਲੰਪੀਅਨ ਰੁਪਿੰਦਰਪਾਲ ਸਿੰਘ ਅਤੇ ਅਥਲੀਟ ਐੱਸਪੀ ਜਸਵੰਤ ਕੌਰ ਦੀ ਸ਼ਾਨਮਤੀ ਦਿੱਖ ਨੇ ਬੱਚਿਆਂ ਨੂੰ ਖੇਡ ਮੈਦਾਨਾਂ ਵੱਲ ਖਿੱਚਿਆ। ਨਸ਼ਾ ਛੱਡ ਕੇ ਮੁੱਖ ਧਾਰਾ ਵਿਚ ਆਏ ਨੌਜਵਾਨਾਂ ਨੂੰ ਵੀ ਬੱਚਿਆਂ ਦੇ ਰੂ-ਬ-ਰੂ ਕੀਤਾ ਗਿਆ ਤਾਂ ਜੋ ਮੋਹਤਬਰ ਲੋਕ ਆਪਣੇ ਆਲੇ-ਦੁਆਲੇ ਰਹਿੰਦੇ ਨਸ਼ੇ ਦੇ ਇਨ੍ਹਾਂ ਮਰੀਜ਼ਾਂ ਦਾ ਇਲਾਜ ਕਰਵਾਉਣ ਲਈ ਅੱਗੇ ਆ ਸਕਣ। ਪੰਜਾਬ ਦੇ ਪ੍ਰਸਿੱਧ ਗਾਇਕ ਜਾਰਡਨ ਸੰਧੂ ਨੇ ਪ੍ਰੋਗਰਾਮ ਵਿਚ ਆਪਣੇ ਗੀਤਾਂ ਦੇ ਮੁਖੜੇ ਸੁਣਾ ਕੇ ਬੱਚਿਆਂ ਦਾ ਮਨੋਰੰਜਨ ਕਰਨ ਦੇ ਨਾਲ-ਨਾਲ ਪੰਜਾਬ ਪੁਲਸ ਵੱਲੋਂ ਕੀਤੀ ਇਸ ਕੋਸ਼ਿਸ਼ ਦੀ ਰੱਜਵੀਂ ਸਰਾਹਨਾ ਕੀਤੀ। ਉਨ੍ਹਾਂ ਬੱਚਿਆਂ ਨੂੰ ਚੰਗੇ ਦੋਸਤ ਬਣਾਉਣ ਦਾ ਸੱਦਾ ਦਿੰਦੇ ਕਿਹਾ ਕਿ ਜਿਸ ਬੱਚੇ ਦੀ ਸੰਗਤ ਚੰਗੀ ਹੈ, ਉਸ ਬੱਚੇ ਨੂੰ ਸਫਲਤਾ ਮਿਲਣੀ ਯਕੀਨੀ ਹੈ। ਜ਼ਿਲ੍ਹਾ ਪੁਲਸ ਮੁਖੀ ਸਤਿੰਦਰ ਸਿੰਘ, ਜਿਨ੍ਹਾਂ ਦੀ ਅਗਵਾਈ ਹੇਠ ਇਹ ਪ੍ਰੋਗਰਾਮ ਬੜੀ ਸਫਲਤਾ ਨਾਲ ਸੰਪੂਰਨ ਹੋਇਆ, ਨੇ ਸਟੇਜ ਤੋਂ ਸੰਬੋਧਨ ਹੁੰਦੇ ਸੱਦਾ ਦਿੱਤਾ ਕਿ ਜੇਕਰ ਲੋਕ ਨਸ਼ੇ ਦੇ ਗੰਭੀਰ ਮੁੱਦੇ ਉਤੇ ਪੁਲਸ ਪ੍ਰਸ਼ਾਸਨ ਦਾ ਸਾਥ ਦੇਣ ਲਈ ਅੱਗੇ ਆ ਜਾਣ ਤਾਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਕੋਈ ਵੱਡੀ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਲਗਾਤਾਰ ਨਸ਼ੇ ਵਿਰੁੱਧ ਕੰਮ ਕਰ ਰਹੀ ਹੈ, ਪਰ ਲੋਕਾਂ ਦੀ ਚੁੱਪ ਨਾਲ ਕਈ ਲੋਕ ਕਾਨੂੰਨ ਤੋਂ ਕੁੱਝ ਚਿਰ ਲਈ ਬਚ ਜਾਂਦੇ ਹਨ ਅਤੇ ਜਿੰਨਾ ਚਿਰ ਤੱਕ ਪੁਲਸ ਉਨਾਂ ਨੂੰ ਆਪਣੀ ਗ੍ਰਿਫਤ ਵਿਚ ਲੈਂਦੀ ਹੈ, ਤਦ ਤੱਕ ਉਹ ਕਈ ਲੋਕਾਂ ਨੂੰ ਨਸ਼ੇ ਉਤੇ ਲਗਾ ਚੁੱਕੇ ਹੁੰਦੇ ਹਨ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ, ਜੋ ਕਿ ਚੰਡੀਗੜ੍ਹ ਹੋਣ ਕਾਰਨ ਪ੍ਰੋਗਰਾਮ ਵਿਚ ਨਹੀਂ ਆ ਸਕੇ, ਨੇ ਸੰਚਾਰ ਸਾਧਨ ਨਾਲ ਲੋਕਾਂ ਦੇ ਰੂ-ਬ-ਰੂ ਹੁੰਦੇ ਪੁਲਸ ਵੱਲੋਂ ਕੀਤੇ ਇਸ ਪ੍ਰੋਗਰਾਮ ਦੀ ਸਿਫ਼ਤ ਕਰਦੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਯਤਨਸ਼ੀਲ ਹਨ ਅਤੇ ਅਸੀਂ ਸਾਰੇ ਉਨ੍ਹਾਂ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਕੰਮ ਕਰ ਰਹੇ ਹਾਂ, ਪਰ ਇਹ ਸੁਪਨਾ ਲੋਕਾਂ ਦੀ ਮਦਦ ਬਿਨਾਂ ਸੱਚ ਨਹੀਂ ਹੋ ਸਕਦਾ, ਸੋ ਆਉ ਸਾਰੇ ਮਿਲ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਰਕਾਰ ਦਾ ਸਾਥ ਦਈਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਸਪੀ ਗੁਰਪ੍ਰਤਾਪ ਸਿੰਘ ਸਹੋਤਾ, ਸਰਪੰਚ ਸੁਖਰਾਜ ਸਿੰਘ ਮਾਨਾਂਵਾਲਾ ਅਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ। ਸਟੇਜ ਸੈਕਟਰੀ ਅਰਵਿੰਦਰ ਸਿੰਘ ਭੱਟੀ ਬਾਖੂਬੀ ਮੰਚ ਸੰਚਾਲਨ ਕਰਦੇ ਹੋਏ ਨਸ਼ਿਆਂ ਖਿਲਾਫ ਲਹਿਰ ਖੜੀ ਕਰਨ ਲਈ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਲਗਾਤਾਰ ਸਟੇਜ ਤੋਂ ਦਿੰਦੇ ਰਹੇ।

# ਰੰਧਾਵਾ ਵੱਲੋਂ ਧਰਮਕੋਟ ਰੰਧਾਵਾ 'ਚ ਰੱਖੀ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਧਰਮਕੋਟ ਰੰਧਾਵਾ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਮਸੀਹ ਆਗੂ ਬੋਨੀ ਰੰਧਾਵਾ ਵੱਲੋਂ ਰੱਖੀ ਗਈ ਛੋਟੀ ਜਿਹੀ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ। ਬੋਨੀ ਰੰਧਾਵਾ ਦੀ ਪ੍ਰੇਰਨਾ ਸਦਕਾ ਕਾਂਗਰਸ ਪਾਰਟੀ ਦੇ ਕੱਟੜ ਕਰੀਬ 50 ਪਰਿਵਾਰਾਂ ਨੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਗੁਰਦੀਪ ਸਿੰਘ ਰੰਧਾਵਾ ਨੇ ਆਪਣੀ ਪਾਰਟੀ ਦੀਆਂ ਹੁਣ ਤੱਕ ਦੀਆਂ ਉਪਲਬਧੀਆਂ ਗਿਣਾਈਆਂ ਤੇ ਉੱਥੇ ਹੀ ਰਵਾਇਤੀ ਪਾਰਟੀਆਂ 'ਤੇ ਤਿੱਖੇ ਨਿਸ਼ਾਨੇ ਸਾਧਦੇ ਹੋਏ ਕਿਹਾ ਕਿ ਪਿਛਲੇ 75 ਸਾਲਾਂ ਤੋਂ ਇਨ੍ਹਾਂ ਰਵਾਇਤੀ ਪਾਰਟੀ ਦੇ ਲੀਡਰਾਂ ਨੇ ਪੰਜਾਬ ਦੇ ਭਲੇ ਲਈ ਕੁਛ ਨਹੀਂ ਕੀਤਾ ਸਗੋਂ ਪੰਜਾਬ ਵਾਸੀਆਂ ਨੂੰ ਲੁੱਟਿਆ ਅਤੇ ਕੁੱਟਿਆ ਗਿਆ। ਉਨ੍ਹਾਂ ਆਪਣੇ ਹਲਕੇ ਦੇ ਵੱਡੇ ਕਾਂਗਰਸੀ ਆਗੂ ਦਾ ਬਿਨਾਂ ਨਾਮ ਲੈਂਦੇ ਹੋਏ ਕਿਹਾ ਕਿ ਉਨ੍ਹਾਂ 2022 ਦੀਆਂ ਵਿਧਾਨ ਸਭਾ ਚੋਣਾਂ ਪੈਸੇ ਦੇ ਬਲ ਤੇ ਮੁਸ਼ਕਿਲ ਨਾਲ ਆਪਣੀ ਸੀਟ ਬਚਾਈ ਹੈ। ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਹਲਕੇ ਦੇ ਇਨ੍ਹਾਂ ਰਵਾਇਤੀ ਪਾਰਟੀਆਂ ਤੋਂ ਅੱਕੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ ਉਸ ਤੋਂ ਲੱਗਦਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਨ੍ਹਾਂ ਪਾਰਟੀਆਂ ਦੀਆਂ ਜ਼ਮਾਨਤਾਂ ਜ਼ਬਤ ਹੋਣਗੀਆਂ। ਉਨ੍ਹਾਂ ਪਿੰਡ ਧਰਮਕੋਟ ਰੰਧਾਵਾ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਪਿੰਡ ਦੇ ਲੋਕਾਂ ਨੂੰ ਵਿਕਾਸ ਸਬੰਧੀ ਆ ਰਹੀਆਂ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਪਾਰਟੀ ਵਿੱਚ ਸ਼ਾਮਿਲ ਹੋਏ ਜੋਗਾ ਮਸੀਹ, ਯਕੂਬ ਮਸੀਹ, ਕੇਵਲ ਮਸੀਹ, ਮੰਗਾ ਮਸੀਹ, ਸੱਤਾ ਮਸੀਹ, ਬਾਜ ਮਸੀਹ, ਜੁਗਿੰਦਰ ਮਸੀਹ, ਮਨਦੀਪ ਸਿੰਘ ਹੀਰਾ ਮਸੀਹ, ਬਿਕਰਮ ਮਸੀਹ, ਬਿੱਲਾ ਮਸੀਹ, ਨਿਸ਼ਾਨ ਮਸੀਹ, ਮਨੀਸ਼ ਮਸੀਹ, ਦੀਪਕ ਮਸੀਹ, ਅਜੇ ਮਸੀਹ, ਸਲਮਾਨ ਮਸੀਹ, ਰਮੇਸ਼ ਮਸੀਹ, ਅਜ਼ੀਜ਼ ਮਸੀਹ, ਪਾਸਟਰ ਮਾਈਕਲ ਮਸੀਹ, ਪਵਨ ਕੁਮਾਰ ਸ਼ਰਮਾ, ਗੋਰਾ ਮਸੀਹ, ਡਾ. ਲਲਿਤ ਵਾਲੇ ਸਾਰੇ ਵਰਕਰਾਂ ਨੂੰ ਸਰੋਪੇ ਪਾ ਕੇ ਪਾਰਟੀ ਵਿੱਚ ਸ਼ਾਮਿਲ ਕੀਤਾ ਗਿਆ। ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਹਰੇਕ ਵਰਕਰ ਦਾ ਬਣਦਾ ਮਾਨ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਮਨਪ੍ਰੀਤ ਸਿੰਘ ਮੰਨਾ ਧਰਮਕੋਟ ਰੰਧਾਵਾ ਬਲਾਕ ਪ੍ਰਧਾਨ, ਸਰਪੰਚ ਅਵਤਾਰ ਸਿੰਘ ਮੰਗੀਆਂ, ਸੀਨੀਅਰ ਆਗੂ ਹਰਜੀਤ ਸਿੰਘ ਠੇਠਰਕੇ,ਕਰਨੈਲ ਸਿੰਘ ਹਵੇਲੀਆਂ, ਗੁਲਜਾਰ ਮਸੀਹ ਮੇਘਾ, ਗੁਰਦੇਵ ਸਿੰਘ ਘਣੀਆ, ਸੰਨੀ ਮੰਗੀਆਂ, ਭਗਵਾਨ ਸਿੰਘ ਠੇਠਰਕੇ, ਜਗਮੋਹਨ ਸਿੰਘ ਮੇਘਾ, ਯੁਵਰਾਜ ਸਿੰਘ ਰੱਤੜ ਛੱਤੜ, ਕੁੱਕੂ ਮੇਗਾ ਪੰਮਾ ਭਲਵਾਨ ਮੇਘਾ, ਸਤਿਨਾਮ ਸਿੰਘ ਦੋਧੀ, ਰਣਜੀਤ ਸਿੰਘ, ਨਰਿੰਦਰ ਸਿੰਘ, ਸਤਿੰਦਰ ਸਿੰਘ, ਸਹਿਬਾਜ ਸਿੰਘ ਆਦਿ ਹਾਜ਼ਰ ਸਨ।

# ਮੁਲਤਾਨੀ ਨੇ ਤਲਵੰਡੀ ਸਾਬੋ ਤੇ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਬੱਸ ਕੀਤੀ ਰਵਾਨਾ



**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਹਲਕਾ ਮੁਕੇਰੀਆਂ ਦੇ ਹਲਕਾ ਇੰਚਾਰਜ ਪ੍ਰੋ. ਜੀ.ਐਸ ਮੁਲਤਾਨੀ ਵੱਲੋਂ ਤਲਵੰਡੀ ਸਾਬੋ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨਾਂ ਲਈ ਜਾਣ ਵਾਲੀ ਬੱਸ ਨੂੰ ਲੋਕ ਨਿਰਮਾਣ ਵਿਭਾਗ ਦੇ ਰੈਸਟ ਹਾਊਸ ਮੁਕੇਰੀਆਂ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਦੌਰਾਨ ਉਨ੍ਹਾਂ ਦੇ ਨਾਲ ਚੇਅਰਮੈਨ ਮਾਰਕੀਟ ਕਮੇਟੀ ਹਰਜੀਤ ਸਿੰਘ ਸਹੋਤਾ, ਤਹਿਸੀਲਦਾਰ ਮੁਕੇਰੀਆਂ ਅੰਮ੍ਰਿਤਬੀਰ ਸਿੰਘ ਵੀ ਹਾਜ਼ਰ ਸਨ। ਹਲਕਾ ਇੰਚਾਰਜ ਨੇ ਕਿਹਾ ਕਿ ਅੱਜ ਬਹੁਤ ਹੀ ਖੁਸ਼ੀ ਦਾ ਦਿਨ ਹੈ ਕਿ ਮੁਕੇਰੀਆਂ ਵਿਧਾਨ ਸਭਾ ਹਲਕੇ ਦੇ ਲੋਕ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਲੋਕਾਂ ਨਾਲ ਜੋ ਵੀ ਵਾਅਦਾ ਕੀਤਾ ਹੈ, ਉਸ ਨੂੰ ਪੂਰਾ ਕੀਤਾ ਹੈ। ਮੁਲਤਾਨੀ ਨੇ ਕਿਹਾ ਕਿ ਇਸ ਯੋਜਨਾ ਦੇ ਸ਼ੁਰੂ ਹੋਣ ਨਾਲ ਪੰਜਾਬ ਵਾਸੀਆਂ ਨੂੰ ਦੇਸ ਭਰ ਵਿਚਲੇ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਦਾ ਮੌਕਾ ਮਿਲੇਗਾ। । ਉਨ੍ਹਾਂ ਕਿਹਾ ਕਿ ਤੀਰਥ ਸਥਾਨਾਂ ਦੀ ਯਾਤਰਾ ਕਰਨ ਲਈ ਮੁਫਤ ਯਾਤਰਾ ਦੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਯਾਤਰਾ ਕਰਨ ਵਾਲੇ ਯਾਤਰੀਆਂ ਦਾ ਖਰਚਾ ਪੰਜਾਬ ਸਰਕਾਰ ਸਹਿਣ ਕਰੇਗੀ, ਜਿਸ ਵਿਚ ਉਨ੍ਹਾਂ ਦੇ ਸਫਰ, ਰਿਹਾਇਸ਼ ਅਤੇ ਖਾਣ-ਪੀਣ ਦੇ ਸਾਰੇ ਖਰਚੇ ਸ਼ਾਮਿਲ ਹਨ। ਇਸ ਸਕੀਮ ਤਹਿਤ ਪਵਿੱਤਰ ਅਸਥਾਨ ਸ੍ਰੀ ਹਜ਼ੂਰ ਸਾਹਿਬ (ਨਾਂਦੇੜ), ਤਖਤ ਸ੍ਰੀ ਪਟਨਾ ਸਾਹਿਬ (ਬਿਹਾਰ), ਵਾਰਾਨਸੀ, ਅਯੁੱਧਿਆ ਅਤੇ ਵਰਿੰਦਾਵਨ (ਉੱਤਰ ਪ੍ਰਦੇਸ਼), ਸ੍ਰੀ ਅਜਮੇਰ ਸਰੀਫ (ਰਾਜਸਥਾਨ) ਦੀ ਯਾਤਰਾ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਸਾਲਾਸਰ ਧਾਮ, ਸ੍ਰੀ ਖਾਟੂ ਸਿਆਮ ਜੀ, ਮਾਤਾ ਚਿੰਤਪੂਰਨੀ ਜੀ, ਮਾਤਾ ਵੈਸ਼ਨੋ ਦੇਵੀ ਜੀ, ਮਾਤਾ ਜਵਾਲਾ ਜੀ ਆਦਿ ਅਸਥਾਨਾਂ ਦੀਆਂ ਯਾਤਰਾਵਾਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਲੰਬੀ ਦੂਰੀ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਦਾ ਸਾਧਨ ਰੇਲ ਗੱਡੀ ਅਤੇ ਛੋਟੀ ਦੂਰੀ ਲਈ ਸੜਕ ਮਾਰਗ ਰਾਹੀਂ ਏ.ਸੀ ਬੱਸਾਂ ਰਾਹੀਂ ਯਾਤਰਾ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਉਨ੍ਹਾਂ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਹੈ ਜੋ ਬੁਢਾਪੇ ਜਾਂ ਆਰਥਿਕ ਤੰਗੀ ਕਾਰਨ ਪੰਜਾਬ ਅਤੇ ਭਾਰਤ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਮੌਕੇ ਗੁਲਸ਼ਨ ਕੁਮਾਰ, ਕੌਂਸਲਰ ਮਾਸਟਰ ਸੇਵਾ ਸਿੰਘ, ਸੰਦੀਪ ਟੀਮਾ, ਬਲਵਿੰਦਰ ਸਿੰਘ ਸੋਨੀ, ਰਿਕੂ ਬਾਜਵਾ, ਅਮਿਤ ਕੁਮਾਰ, ਗੁਰਪ੍ਰੀਤ ਗੋਪੀ, ਗੁਰਮੀਤ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਗੁਰਦਾਸਪੁਰ ਦਾ ਸਾਲਾਨਾ ਸਮਾਗਮ ਅੱਜ

**ਗੁਰਦਾਸਪੁਰ (ਜਨਕ ਮਹਾਜਨ)**-ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਗੁਰਦਾਸਪੁਰ ਦਾ ਜ਼ਿਲ੍ਹਾ ਪੱਧਰੀ ਸਾਲਾਨਾ ਸਮਾਗਮ 19 ਦਸੰਬਰ ਮੰਗਲਵਾਰ ਨੂੰ ਹਰ ਸਾਲ ਦੀ ਤਰ੍ਹਾਂ ਸਥਾਨਕ ਚੰਦਨ ਪੈਲੇਸ ਕਾਹਨੂੰਵਾਨ ਰੋਡ ਗੁਰਦਾਸਪੁਰ ਵਿਖੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਸਮੂਹ ਪੈਨਸ਼ਨਰ ਸਾਥੀਆਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਪੰਜਾਬ ਪੱਧਰੀ ਲੀਡਰਸ਼ਿਪ ਵੀ ਸ਼ਿਰਕਤ ਕਰ ਰਹੀ ਹੈ ਜੋ ਕਿ ਪੈਨਸ਼ਨਰਜ਼ ਦੇ ਮਸਲਿਆਂ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਵੇਗੀ। ਇਹ ਜਾਣਕਾਰੀ ਮੰਗਤ ਚੰਚਲ ਜ਼ਿਲ੍ਹਾ ਪ੍ਰੈੱਸ ਸਕੱਤਰ ਨੇ ਦਿੱਤੀ।

## 60 ਕਰੋੜ ਗਰੀਬਾਂ ਦੇ ਜੀਵਨ ਪੱਧਰ 'ਚ ਸੁਧਾਰ ਕਰਨਾ ਮੋਦੀ ਸਰਕਾਰ ਦੀ ਸਭ ਤੋਂ ਵੱਡੀ ਉਪਲੱਬਧੀ : ਸ਼ਾਹ

**ਲੁਧਿਆਣਾ/ਜਲੰਧਰ** : ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਅਹਿਮਦਾਬਾਦ ਜ਼ਿਲੇ ਦੇ ਸਾਨੰਦ 'ਚ ਆਯੋਜਿਤ ਵਿਕਾਸ ਭਾਰਤ ਸੰਕਲਪ ਯਾਤਰਾ ਨੂੰ ਸੰਬੋਧਨ ਕਰਦੇ ਹੋਏ ਸਪੱਸ਼ਟ ਕੀਤਾ ਕਿ ਦੇਸ਼ ਦੇ 60 ਕਰੋੜ ਗਰੀਬ ਲੋਕਾਂ ਦੇ ਜੀਵਨ ਪੱਧਰ 'ਚ ਸੁਧਾਰ ਕਰਨਾ ਨਰਿੰਦਰ ਮੋਦੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇਸ ਮੌਕੇ ਸ਼ਾਹ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਨੂੰ ਇੱਕ ਵਿਕਸਤ ਦੇਸ਼ ਬਣਾਉਣ ਦਾ ਪ੍ਰਣ ਲੈਣ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰਨ। ਪਿਛਲੇ 9 ਸਾਲਾਂ 'ਚ ਮੋਦੀ-ਸ਼ਾਹ ਦੀ ਜੋੜੀ ਨੇ ਕਰੋੜਾਂ ਗਰੀਬ ਔਰਤਾਂ ਦੇ ਘਰ ਗੈਸ ਸਿਲੰਡਰ ਪਹੁੰਚਾਉਣ ਨੂੰ ਯਕੀਨੀ ਬਣਾਇਆ, ਜਿਸ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ ਸੀ। ਚਾਰ ਕਰੋੜ ਤੋਂ ਵੱਧ ਗਰੀਬ ਲੋਕਾਂ ਨੂੰ ਘਰ ਮੁਹੱਈਆ ਕਰਵਾਏ ਗਏ ਅਤੇ ਹਰ ਘਰ ਵਿੱਚ ਨਲਕੇ ਦਾ ਪਾਣੀ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ।

# ਸੀਟੀ ਗਰੁੱਪ ਵੱਲੋਂ ਐਕਸੀਲੈਂਸ ਐਵਾਰਡ ਦੀ ਮੇਜ਼ਬਾਨੀ



**ਜਲੰਧਰ (ਸ਼ੈਲੀ ਐਲਬਰਟ)**-ਸੀਟੀ ਗਰੁੱਪ ਨੇ ਮਾਣ ਨਾਲ ਐਕਸੀਲੈਂਸ ਐਵਾਰਡ 2023 ਦੀ ਮੇਜ਼ਬਾਨੀ ਕੀਤੀ, ਜੋ ਕਿ ਵਿਭਿੰਨ ਖੇਤਰਾਂ ਵਿੱਚ ਨੇਕੀ, ਜਿੱਤ ਅਤੇ ਪਰਉਪਕਾਰ ਦਾ ਜਸ਼ਨ ਮਨਾਉਣ ਲਈ ਸਮਰਪਿਤ ਇੱਕ ਆਦਰਯੋਗ ਸਮਾਰੋਹ ਸੀ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸ਼੍ਰੀਮਤੀ ਮਨਪ੍ਰੀਤ ਕੌਰ ਪੰਜਾਬ ਦੇ ਮੁੱਖ ਮੰਤਰੀ ਦੀ ਭੈਣ ,ਹਰਭਜਨ ਸਿੰਘ, ਈ.ਟੀ.ਓ., ਕੈਬਨਿਟ ਮੰਤਰੀ, ਬਿਜਲੀ ਮੰਤਰਾਲੇ ਨੇ ਸ਼ਿਰਕਤ ਕੀਤੀ । ਸਮਾਗਮ ਵਿੱਚ ਮਹਿਮਾਨ ਰਮਨ ਅਰੋੜਾ, ਕੇਂਦਰੀ ਜਲੰਧਰ ਦੇ ਵਿਧਾਇਕ; ਸਵਪਨ ਸ਼ਰਮਾ, ਜਲੰਧਰ ਦੇ ਪੁਲਿਸ ਕਮਿਸ਼ਨਰ ; ਦੀਪਕ ਬਾਲੀ, ਦਿੱਲੀ ਸਰਕਾਰ ਕਲਾ, ਸੱਭਿਆਚਾਰ ਅਤੇ ਭਾਸ਼ਾਵਾਂ, ਰਾਜਵਿੰਦਰ ਕੌਰ ਥਿਆੜਾ, ਆਪ ਪੰਜਾਬ ਦੇ ਬੁਲਾਰੇ ਅਮਿਤ ਸ਼ਰਮਾ, ਡਿਪਟੀ ਕਮਿਸ਼ਨਰ ਤੋਂ ਪੀ.ਐਸ. ਅਨੁਰਾਗ ਪਾਲ, ਆਪ ਦੇ ਸੂਬਾ ਸੰਯੁਕਤ ਸਕੱਤਰ , ਅਤੇ ਸੁਰਿੰਦਰ ਸਿੰਘ ਸੋਢੀ, ਹਲਕਾ ਇੰਚਾਰਜ ਜਲੰਧਰ ਛਾਉਣੀ, ਇਹ ਸਮਾਗਮ ਬਹੁਤ ਹੀ ਸ਼ਲਾਘਾ ਯੋਗ ਅਤੇ ਪ੍ਰੇਰਨਾ ਦੇਣ ਵਾਲਾ ਸੀ । ਖੇਡਾਂ, ਮਾਨਵਤਾਵਾਦੀ ਯਤਨਾਂ, ਸਟਾਰਟਅੱਪ ਅਤੇ ਰਾਸ਼ਟਰ ਨਿਰਮਾਣ ਵਰਗੇ ਵੱਖ-ਵੱਖ ਖੇਤਰਾਂ ਦੀ ਨੁਮਾਇੰਦਗੀ ਕਰਨ ਵਾਲੇ ਪੁਰਸਕਾਰ ਜੇਤੂਆਂ ਵਿੱਚ ਸ਼ਾਮਲ ਸਨ। ਨੂਰ ਜ਼ੋਰਾ ਪਹਿਲੇ ਪੁਰਸ਼ ਗਿੱਧਾ ਕਲਾਕਾਰ, ਅਨਮੋਲ ਕਵਾਤਰਾ ਸਮਾਜ ਸੇਵਕ , ਜਸਕਰਨ ਸਿੰਘਅੰਤਰਰਾਸ਼ਟਰੀ ਹਾਕੀ ਚੈਂਪੀਅਨ, ਹਰਪ੍ਰੀਤ ਸੰਧੂ ਸੇਵਾ ਸੰਕਲਪ ਸੁਸਾਇਟੀ, ਇਰਵਿਨ ਕੌਰ ਪੀ.ਸੀ.ਐਸ., ਏ.ਸੀ.ਪੀ. ਦਮਨਬੀਰ ਸਿੰਘ ਪੀ.ਪੀ.ਐਸ., ਏ.ਸੀ.ਪੀ. ਹਰਸ਼ਪ੍ਰੀਤ ਸਿੰਘ ਪੀ.ਪੀ.ਐਸ., ਏ.ਸੀ.ਪੀ ਜਸਪ੍ਰੀਤ ਸਿੰਘ ਪੀ.ਪੀ.ਐਸ., ਇੰਸਪੈਕਟਰ ਸੁਰਿੰਦਰ ਕੁਮਾਰ ਸੀ.ਆਈ.ਏ., ਜਤਿੰਦਰ ਪੰਨੂ ਪੱਤਰਕਾਰੀ ਟ੍ਰੇਲਬਲੇਜ਼ਰ, ਕੁਵਰ ਅੰਮ੍ਰਿਤਬੀਰ ਪੁਸ਼-ਅੱਪਸ ਵਿੱਚ ਗਲੋਬਲ ਰੈਂਕਰ; ਹਰਮਿੰਦਰ ਦੂਲੋਵਾਲ, ਵੀਗਨ ਬਾਡੀ ਬਿਲਡਰ; ਡਾ.ਵਿਨੀਤ ਚੱਢਾ, ਪ੍ਰਧਾਨ, ਵੀਸੀਐਲ ਮੈਡੀਕਲ ਡਾਇਗਨੌਸਟਿਕਸ (ਯੂਐਸਏ) ਅਤੇ ਹੋਰ ਬਹੁਤ ਸਾਰੇ ਲੋਕ ਸ਼ਾਮਿਲ ਸਨ । ਇਸ ਮੌਕੇ ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ: ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਸਟੂਡੈਂਟ ਵੈਲਫੇਅਰ ਸੀਟੀ ਯੂਨੀਵਰਸਿਟੀ ਦੇ ਡਾਇਰੈਕਟਰ ਦਵਿੰਦਰ ਸਿੰਘ ਅਤੇ ਸਟੂਡੈਂਟ ਵੈਲਫੇਅਰ ਦੇ ਡੀਨ ਡਾ.ਅਰਜਨ ਵੀ ਸ਼ਾਮਲ ਸਨ। ।ਸ਼੍ਰੀਮਤੀ ਮਨਪ੍ਰੀਤ ਕੌਰ ਨੇ ਆਪਣੀ ਗਿਆਨ ਭਰਪੂਰ ਟਿੱਪਣੀ ਵਿੱਚ, ਸੀਟੀ ਗਰੁੱਪ ਵਿੱਚ ਮਾਨਤਾ ਪ੍ਰਾਪਤ ਬੇਮਿਸਾਲ ਪ੍ਰਤਿਭਾਵਾਂ ਦੀ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਨ ਲਈ ਅਜਿਹੇ ਪਲੇਟਫਾਰਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।।

# ਪੈਨਸ਼ਨਰ ਸਾਥੀਆਂ ਨੂੰ ਪਹਿਲਾਂ ਨਾਲੋਂ ਵੱਧ ਘੋਲਾਂ ਦੀ ਲੋੜ : ਭੁੰਗਰਨੀ



**ਰਾਜੇਸ਼ ਥਾਪਾ (ਜਲੰਧਰ)** ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਬ੍ਰਾਂਚ ਦੀ ਮਹੀਨਾ ਵਾਈਜ ਮੀਟਿੰਗ ਨੂੰ ਪੈਨਸ਼ਨਰਜ਼ ਡੇ ਨੂੰ ਸਮਰਪਿਤ ਦਿਨ ਮਨਾਇਆ ਗਿਆ ! ਇਸ ਦੀ ਪ੍ਰਧਾਨਗੀ ਸਾਥੀ ਐਨ ਆਰ ਆਈ ਦਿਲਵੀਰ ਸਿੰਘ ਅਤੇ ਬਾਬਾ ਮਲਕੀਤ ਸਿੰਘ ਨੇ ਕੀਤੀ । ਸਭ ਤੋਂ ਪਹਿਲਾਂ ਦੇਸ਼ ਵਿਦੇਸ਼ ਵਿੱਚ ਵਿਛੜੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਨੇ ਹਾਜ਼ਰ ਸਾਥੀਆਂ ਨੂੰ ਜਾਣਕਾਰੀ ਦਿੱਤੀ ਕਿ ਕਿਵੇਂ ਮਾਨਯੋਗ ਸੁਪਰੀਮ ਕੋਰਟ ਤੋਂ ਮਾਨਤਾ ਦਿਵਾਈ ਗਈ ! ਅੱਜ ਕੱਲ੍ਹ ਕੇਂਦਰ ਤੇ ਸੂਬਾ ਸਰਕਾਰ ਵਰਕਰਾਂ ਅਤੇ ਪੈਂਸ਼ਨਰਾਂ ਦੇ ਹੱਕਾ ਨੂੰ ਕਿਵੇਂ ਖੋਰਾ ਲਗਾ ਰਹੀਆਂ ਹਨ । ਪੈਨਸ਼ਨਰ ਸਾਥੀਆਂ ਨੂੰ ਮੰਗਾਂ ਦੀ ਪ੍ਰਾਪਤੀ ਲਈ ਪਹਿਲਾਂ ਨਾਲੋਂ ਵੱਧ ਘੋਲਾਂ ਵਿੱਚ ਸਮਾਂ ਦੇਣ ਦੀ ਲੋੜ ਹੈ। ਪੰਜਾਬ ਸਰਕਾਰ ਵੱਲੋਂ ਵਰਕਰਾਂ ਅਤੇ ਪੈਨਸ਼ਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਟਾਲ ਮਟੋਲ ਕੀਤੀ ਜਾ ਰਹੀ ਹੈ । ਪੰਜਾਬ ਦੇ ਦਫਤਰੀ ਕਾਮਿਆਂ ਦੀ ਮਹੀਨੇ ਤੋਂ ਵੀ ਵੱਧ ਚਲੀ ਆ ਰਹੀ ਹੜਤਾਲ ਦਾ ਸਮਰਥਨ ਕਰਦੇ ਹੋਏ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਬਕਾਇਆ ਕਿਸ਼ਤਾਂ ਦਾ ਭੁਗਤਾਨ ਕਰੇ । ਪੇ ਕਮਿਸ਼ਨ ਦੀ ਰਿਪੋਰਟ ਦਾ ਬਣਦਾ ਬਕਾਇਆ ਦਿੱਤਾ ਜਾਵੇ, ਕੱਚੇ ਕਾਮੇ ਪੱਕੇ ਕੀਤੇ ਜਾਣ, ਠੇਕਦਾਰੀ ਸਿਸਟਮ ਬੰਦ ਕੀਤਾ ਜਾਵੇ, ਮਹਿਕਮੇ ਅੰਦਰ ਖਾਲੀ ਪਈਆਂ ਅਸਾਮੀਆਂ ਪੱਕੇ ਤੌਰ 'ਤੇ ਭਰੀਆ ਜਾਣ । ਮੀਟਿੰਗ ਵਿਚ ਸਾਥੀ ਦਵਿੰਦਰ ਪਾਲ ਸਿੰਘ ਸੀਨੀਮੀਤ ਪ੍ਰਧਾਨ, ਹਰਿੰਦਰ ਸਿੰਘ ਮੁੱਖ ਸਲਾਹਕਾਰ ,ਚੇਅਰਮੈਨ ਉੱਤਮ ਚੰਦ ,ਜਨ ਵਿਜੇ ਸ਼ਰਮਾ ,ਸੰਤੋਖ ਸਿੰਘ ਕੈਸ਼ੀਅਰ , ਸੁਭਾਸ਼ ਮੱਟੂ , ਗੁਰਦਿਅਲ ਸਿੰਘ ਜਲਵੇਹੜਾ, ਜਗਦੇਵ ਸਿੰਘ ਕੁਕੋਵਾਲ,ਹਰਿੰਦਰ ਸਿੰਘ ਚੀਮਾ,ਬਲਵਿੰਦਰ ਸਿੰਘ ਮੁਲਤਾਨੀ, ਗੁਰਮੁੱਖ ਸਿੰਘ ,ਮਦਨ ਲਾਲ ਚੀਮਾ, ਬਾਬਾ ਮਲਕੀਤ ਸਿੰਘ ਨੇ ਵੀ ਸੰਬੋਧਨ ਕੀਤਾ ।

# ਮਹਿੰਦਰਾ ਪਬਲਿਕ ਸਕੂਲ ਵਿਖੇ ਸਾਇੰਸ ਪ੍ਰਦਰਸ਼ਨੀ ਲਗਾਈ



**ਕਰਤਾਰਪੁਰ (ਹਰਮੇਸ਼ ਦੱਤ)** ਮਹਿੰਦਰਾ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਦਿਆਲਪੁਰ ਵਿਖੇ ਅਧਿਆਪਕ ਮਾਪੇ ਮਿਲਣੀ ਸਮੇਂ ਸਾਇੰਸ ਅਧਿਆਪਕਾ ਮੈਡਮ ਰਮਨਦੀਪ ਯੋਗ ਅਗਵਾਈ ਹੇਠ ਸਾਇੰਸ ਪ੍ਰਦਰਸ਼ਨੀ ਲਗਾਈ ਗਈ ਵਿਦਿਆਰਥੀਆਂ ਨੇ ਸਾਇੰਸ ਵਿਸੇ ਨਾਲ ਸੰਬੰਧਿਤ ਵੱਖ ਵੱਖ ਵਰਕਿੰਗ ਮਾਡਲ ਬਣਾਏ।

ਹਰਮੀਤ ਕੌਰ ,ਦਮਨਪ੍ਰੀਤ ਕੌਰ, ਨੇ ਮੌਡੀਲਾਇਸਸ ਮਨਪ੍ਰੀਤ ਕੌਰ ਤੇ ਦੀਪਾ ਨੇ ਰਿਲੇਸ਼ਨ ਇੰਨ ਹਿਊਮਨ,ਦਲੇਰ ਤੇ ਪ੍ਰਭਨੋਰ ਨੇ ਵਾਟਰ ਹਾਰਵੇਸਟਿੰਗ,ਪੰਕਜ ਤੇ ਧੀਰਜ ਨੇ ਸਵੱਛਤਾ ਅਭਿਆਨ,ਮੁਸਕਾਨ ਤੇ ਸ਼ਰਨਪ੍ਰੀਤ ਕੌਰ ਨੇ ਰੇਨ ਵਾਟਰ ਹਾਰਵੈਸਟਿੰਗ,ਜਸਮੀਨ ਤ੍ਰਿਸ਼ਾ ਤੇ ਸਿਮਰਨਜੀਤ ਕੌਰ ਨੇ ਐਸਿਡ ਰੇਨ,ਅਨਮੋਲ ਗੁਰਲੀਨ ਤੇ ਸਨੇਹਾ ਨੇ ਸਟੇਟਸ ਐਡ ਮੈਟਰ, ਸੁਮਿਤ, ਰਵਲੀਨ ਕੌਰ ਤੇ ਵੈਸ਼ਨਵੀ ਸੇਠੀ ਨੇ ਸੋਲਰ ਪੈਨਲ ਐਂਡ ਇਰੀਗੇਸ਼ਨ ਤੇ ਹਿਊਮਨ ਹਾਰਟ ਮਾਡਲ ਬਣਾ ਕੇ ਸਾਰਿਆਂ ਨੂੰ ਪ੍ਰਭਾਵਿਤ ਕੀਤਾ। ਸਕੂਲ ਸੰਚਾਲਕ ਮੈਡਮ ਮਹਿੰਦਰ ਕੌਰ ਪੱਡਾ,ਚੇਅਰਪਰਸਨ ਹਰਮਨ ਸਿੰਘ ਪੱਡਾ,ਜਰਮਨ ਸਿੰਘ ਪੱਡਾ ਤੇ ਮੈਡਮ ਸੰਦੀਪ ਕੌਰ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਉਨਾਂ ਨੇ ਸਾਰੇ ਵਿਦਿਆਰਥੀਆ ਨਾਲ ਵਿਚਾਰ ਸਾਝੇ ਕਰਦੇ ਹੋਏ ਕਿਹਾ ਅਜਿਹੀਆਂ ਗਤੀਵਿਧੀਆਂ ਨਾਲ ਵਿਦਿਆਰਥੀਆ ਦਾ ਬੌਧਿਕ ਮਾਨਸਿਕ ਵਿਕਾਸ ਦੇ ਨਾਲ ਨਾਲ ਸੋਚਣ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਸਾਇੰਸ ਪ੍ਰਦਰਸ਼ਨੀ ਦੇ ਨਾਲ ਨਾਲ ਵਿਦਿਆਰਥੀਆਂ ਦੇ ਮਾਤਾ ਪਿਤਾ ਤੇ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਪੜ੍ਹਾਈ ਬਾਰੇ ਆਪਸ ਵਿੱਚ ਵਿਚਾਰ ਸਾਂਝੇ ਕੀਤ। ਵਧੀਆ ਕਾਰਜਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਸਕੂਲ ਮੈਨਜਮੈਂਟ ਵੱਲੋਂ ਸਨਮਾਨਿਤ ਕੀਤਾ ਗਿਆ।

# ਅਕੈਡਮਿਕ ਹਾਈਟਸ ਪਬਲਿਕ ਸਕੂਲ ਚੱਗਰਾਂ ਵਿਖੇ ਕਰਵਾਇਆ ਸਾਲਾਨਾ ਸਮਾਰੋਹ





**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ )**-ਅਕੈਡਮਿਕ ਹਾਈਟਸ ਪਬਲਿਕ ਸਕੂਲ ਚੱਗਰਾਂ ਵਿਖੇ ਸਾਲਾਨਾ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਬਚਪਨ ਤੇ ਅਕੈਡਮਿਕ ਹਾਈਟਸ ਪਬਲਿਕ ਸਕੂਲ ਨਵੀਂ ਦਿੱਲੀ ਵਾਈਸ ਪ੍ਰਧਾਨ ਕ੍ਰਿਸ਼ਨ ਸ਼ਰਮਾ ਨੇ ਸ਼ਿਰਕਤ ਕੀਤੀ। ਸਮਾਗਮ ਦਾ ਆਗਾਜ਼ ਮੁੱਖ ਮਹਿਮਨ ਨੇ ਸ਼ਮਾ ਰੌਸ਼ਨ ਕਰਕੇ ਕੀਤਾ। ਇਸ ਉਪਰੰਤ ਬੱਚਿਆਂ ਨੇ ਡਾਂਸ, ਕੋਰੀਓਗ੍ਰਾਫੀ, ਨੁੱਕੜ ਨਾਟਕ, ਗਿੱਧੇ ਅਤੇ ਭੰਗੜੇ ਨਾਲ ਦਰਸ਼ਕ ਝੂਮਣ ਲਾ ਦਿੱਤੇ। ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਵਾਈਸ ਪ੍ਰਧਾਨ ਕ੍ਰਿਸ਼ਨ ਸ਼ਰਮਾ ਨੇ ਬੱਚਿਆਂ ਦਾ ਵਧੀਆ ਪ੍ਰਦਸ਼ਨ ਦੇਖ ਕੇ ਕਿਹਾ ਕਿ ਇਹ ਸਭ ਅਧਿਆਪਕਾਂ ਦੀ ਸਖਤ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਉਜਵਲ ਭਵਿੱਖ ਵਿੱਚ ਅਧਿਆਪਕ ਮੁੱਖ ਭੂਮਿਕਾ ਨਿਭਾਉਂਦੇ ਹਨ ਅਤੇ ਇਹ ਬੜੇ ਮਾਨ ਦੀ ਗੱਲ ਹੈ ਕਿ ਇਸ ਸਕੂਲ ਦੇ ਵਿਦਿਆਰਥੀ ਕੌਮੀ ਪੱਧਰ 'ਤੇ ਖੇਡਾਂ ਅਤੇ ਹੋਰ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਮੱਲਾਂ ਮਾਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਧਿਆਪਕ ਅਤੇ ਬੱਚਿਆਂ ਦੇ ਮਾਤਾ ਪਿਤਾ ਬੱਚਿਆਂ ਦੇ ਮੁਢਲੇ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜਦ ਬੱਚਾ ਸਕੂਲ ਦੇ ਵਿੱਚ ਪੜ੍ਹਦਾ ਹੈ, ਤਾਂ ਉਹ ਸਭ ਤੋਂ ਪਹਿਲਾਂ ਅਧਿਆਪਕਾਂ ਦੇ ਸੰਪਰਕ ਦੇ ਵਿੱਚ ਆਉਂਦਾ ਹੈ ਅਤੇ ਅਧਿਆਪਕ ਬੱਚੇ ਨੂੰ ਸਮਾਜ ਵਿੱਚ ਰਹਿਣ ਦੇ ਯੋਗ ਬਣਾਉਂਦੇ ਹਨ ਅਤੇ ਬੱਚਿਆਂ ਦੇ ਲਈ ਕੀ ਮਾੜਾ ਅਤੇ ਚੰਗਾ ਹੈ ਸਬੰਧੀ ਜਾਣਕਾਰੀ ਦਿੰਦੇ ਹਨ ਉਨ੍ਹਾਂ ਕਿਹਾ ਕਿ ਅਧਿਆਪਕਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਨੂੰ ਸਹੀ ਨਾਗਰਿਕ ਬਣਨ ਦੇ ਲਈ ਚੰਗੀ ਸਿੱਖਿਆ ਦੇਣ ਅਤੇ ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਬੱਚਾ ਕਿਸੇ ਮਾੜੀ ਸੰਗਤ ਵਿੱਚ ਫੱਸ ਰਿਹਾ ਹੈ ਤਾਂ ਤੁਰੰਤ ਮਾਤਾ ਪਿਤਾ ਨੂੰ ਸੂਚਿਤ ਕਰਨ।

ਇਸ ਤੋਂ ਬਾਅਦ ਮਾਤਾ ਪਿਤਾ ਰਾਹੀਂ ਬੱਚਾ ਸਮਾਜ ਦੇ ਵਿੱਚ ਕਦਮ ਰੱਖਦਾ ਹੈ। ਪ੍ਰੋਗਰਾਮ ਦੇ ਅਖੀਰ ਵਿੱਚ ਸਕੂਲ ਵਲੋਂ ਮੁੱਖ ਮਹਿਮਾਨ ਨੂੰ ਯਾਦਗਿਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ 'ਤੇ ਸਕੂਲ ਦੇ ਚੇਅਰਮੈਨ ਅਮਿਤ ਮਹਿਤਾ, ਪ੍ਰਧਾਨ ਜੇ.ਐਲ ਮਹਿਤਾ, ਡੀਨ ਗੀਤੀਕਾ ਮਹਿਤਾ, ਵੱਖ-ਵੱਖ ਵਿਸ਼ਿਆਂ ਦੇ ਅਧਿਆਪਕ, ਮਾਪੇ ਅਤੇ ਭਾਰੀ ਗਿਣਤੀ ਵਿੱਚ ਬੱਚੇ ਮੌਜੂਦ ਸਨ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਸ਼ਰਧਾ ਨਾਲ ਮਨਾਇਆ ਪ੍ਰਕਾਸ਼ ਪੁਰਬ



**ਜਲੰਧਰ (ਸ਼ੈਲੀ ਐਲਬਰਟ)**-ਸਿੱਖ ਧਰਮ ਦੇ ਬਾਨੀ ਤੇ ਦੁਨੀਆਂ ਨੂੰ ਸਰਬ-ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼ ਪੁਰਬ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਸਵੇਰੇ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਸਾਹਿਜ ਪਾਠ ਦੇ ਭੋਗ ਪਾਏ ਗਏ।। ਇਸ ਉਪਰੰਤ ਭਾਈ ਵਰੁਣਜੀਤ ਸਿੰਘ ਜੰਡੂਸਿੰਘਾ ਵਾਲੇ ਤੇ ਉਨ੍ਹਾਂ ਦੇ ਰਾਗੀ ਜੱਥੇ ਦੁਆਰਾ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ । ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਬਲਬੀਰ ਕੌਰ, ਸੰਯੁਕਤ ਸਕੱਤਰ ਜਸਪਾਲ ਸਿੰਘ ਵੜੈਚ, ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਰਾਗੀ ਜੱਥੇ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।ਬਲਬੀਰ ਕੌਰ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਸਮੂਹ ਮਾਨਵਤਾ ਲਈ ਸਾਂਝੀ ਹੈ। ਉਨ੍ਹਾਂ ਦੇ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੇ ਸਿਧਾਂਤ ਨੂੰ ਸਾਨੂੰ ਜੀਵਨ ਵਿਚ ਅਪਨਾਉਣਾ ਚਾਹੀਦਾ ਹੈ।। ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਸਾਨੂੰ ਜਿੱਥੇ ਸਰਬ-ਸਾਂਝੀਵਾਲਤਾ, ਹੱਕ-ਸੱਚ ਦੀ ਕਮਾਈ, ਇਨਸਾਨੀਅਤ ਦਾ ਭਲਾ, ਜਾਤ-ਪਾਤ ਦਾ ਵਿਰੋਧ ਤੇ ਚੰਗੇ ਕੰਮ ਕਰਨ ਦਾ ਸੁਨੇਹਾ ਦਿੱਤਾ। ਉੱਥੇ ਨਾਲ ਹੀ ਹੱਥੀ ਕਿਰਤ ਕਰਨ ਦਾ ਵੀ ਸਿਧਾਂਤ ਦਿੱਤਾ। ਉਨ੍ਹਾਂ ਦੇ ਇਸ ਸਿਧਾਂਤ 'ਤੇ ਚੱਲ ਕੇ ਮਨੁੱਖ ਆਪਣੇ ਜੀਵਨ ਨੂੰ ਸਫਲ ਬਣਾ ਸਕਦਾ ਹੈ । ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਨਾਲ ਨਾਲ ਸਮਾਜਿਕ ਪੱਧਰ 'ਤੇ ਆਈ ਗਿਰਾਵਟ ਦੇ ਵਿਰੁੱਧ ਡੱਟ ਕੇ ਪਹਿਰਾ ਦਿੱਤਾ ਤੇ ਲੋਕਾਂ ਨੂੰ ਸੱਚ ਉਪਰ ਚੱਲਣ ਦਾ ਉਪਦੇਸ਼, ਅੰਧਵਿਸ਼ਵਾਸ ਦਾ ਖੰਡਨ ਤੇ ਔਰਤ-ਮਰਦ ਦੀ ਬਰਾਬਰਤਾ ਦਾ ਸੰਦੇਸ਼ ਵੀ ਦਿੱਤਾ । ਇਸ ਲਈ ਸਾਨੂੰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ । ਇਸ ਮੌਕੇ ਸਟੇਜ ਦੀ ਕਾਰਵਾਈ ਡਾ. ਹਰਜਿੰਦਰ ਸਿੰਘ ਸੇਖੋਂ ਨੇ ਨਿਭਾਈ। ਅੰਤ ਵਿਚ ਚਾਹ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ।

# ਪੇਰੈਂਟਸ ਮੀਟਿੰਗ ਦੌਰਾਨ ਬਿਜ਼ਨਸ ਬਲਾਸਟਰ ਦੀ ਟੀਮ ਵੱਲੋਂ ਲਗਾਏ ਗਏ ਸਟਾਲ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)** ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਕੂਲ ਮੁੱਖੀ ਹਰਮਨੋਜ ਕੁਮਾਰ ਭੱਟੀ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਪਰਸਨ ਸ੍ਰੀਮਤੀ ਸੁਨੀਤਾ ਰਾਣੀ ਦੀ ਸਰਪ੍ਰਸਤੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਵਿਖੇ ਮਾਪੇ ਅਧਿਆਪਕ ਮਿਲਣੀ ਕੀਤੀ ਗਈ। ਜਿਸ ਵਿੱਚ ਬੱਚਿਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਬੱਚਿਆਂ ਦੇ ਮਾਤਾ ਪਿਤਾ ਨਾਲ ਸਾਂਝੀ ਕੀਤੀ ਗਈ ਅਤੇ ਨਾਲ ਹੀ ਮਿਸ਼ਨ ਸਮਰੱਥ ਅਤੇ ਮਿਸ਼ਨ 100 ਪ੍ਰਤੀਸ਼ਤ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਇਸ ਅਧਿਆਪਕ ਮਾਪੇ ਮਿਲਣੀ ਦੌਰਾਨ ਬੱਚਿਆਂ ਦੇ ਮਾਤਾ ਪਿਤਾ ਵਿੱਚ ਕਾਫੀ ਉਤਸ਼ਾਹ ਪਾਇਆ ਗਿਆ ਅਤੇ ਗਿਆਰਵੀਂ ਜਮਾਤ ਦੇ ਬਿਜ਼ਨਸ ਬਲਾਸਟਰ ਦੀ ਟੀਮ ਦੇ ਵਿਦਿਆਰਥੀਆਂ ਦੁਆਰਾ ਆਪਣੇ ਦੁਆਰਾ ਬਣਾਈਆਂ ਗਈਆਂ ਵੱਖਰੀਆਂ ਵੱਖਰੀਆਂ ਆਈਟਮਾਂ ਦੇ ਸਟਾਲ ਲਗਾ ਕੇ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ। ਇਹਨਾਂ ਸਟਾਲਾਂ ਵਿੱਚ ਵਿਦਿਆਰਥੀਆਂ ਵੱਲੋਂ ਸੁਪਰ ਫੂਡ ਸਟਾਲ, ਵਿਟਾਮਿਨ ਸੀ ਸੋਪ, ਹੇਅਰ ਬੈਂਡ, ਸਟੂਡੈਂਟ ਸਟੇਸ਼ਨਰੀ ਅਤੇ ਹੋਰ ਸਟਾਲ ਲਗਾ ਕੇ ਆਪਣੀਆਂ ਆਈਟਮਾਂ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਰਾਜਵਿੰਦਰ ਕੌਰ, ਜਤਿੰਦਰ ਸਿੰਘ, ਸਰਬਜੀਤ ਕੌਰ, ਬਲਵੀਰ ਕੌਰ, ਨਰਿੰਦਰ ਅਜਨੋਹਾ, ਲਵਦੀਪ ਕੌਰ, ਧਰਮਿੰਦਰ ਸਿੰਘ, ਅਵਿਨਾਸ਼ ਔਰ, ਹਾਫਿਜ ਪਦਮ, ਉਂਕਾਰ ਸਿੰਘ,ਅਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਅਮਨਜੀਤ ਕੌਰ,ਦੀਪਕ ਕੁਮਾਰ, ਬਲਵਿੰਦਰ ਸਿੰਘ, ਸੋਹਣ ਸਿੰਘ ਅਤੇ ਗੁਰਮੀਤ ਸਿੰਘ ਮੌਜੂਦ ਸਨ।

# ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਰਵਿਦਾਸ ਸਭਾ ਕੰਧਾਲਾ ਜੱਟਾਂ ਦੀ ਸਰਬ-ਸੰਮਤੀ ਨਾਲ ਚੋਣ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸ੍ਰੀ ਗੁਰੂ ਰਵਿਦਾਸ ਜੀ ਪਿੰਡ ਕੰਧਾਲਾ ਜੱਟਾਂ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਰਵਿਦਾਸ ਸਭਾ (ਰਜਿ.) ਦੀ ਚੋਣ ਹੋਈ। ਸਰਬ ਸੰਮਤੀ ਨਾਲ ਹੋਈ ਇਸ ਚੋਣ ਦੌਰਾਨ ਕੈਪਟਨ ਹਰੀ ਓਮ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਉਪ ਪ੍ਰਧਾਨ ਸੂਬੇਦਾਰ ਬਖਸ਼ੀਸ਼ ਸਿੰਘ ਨੂੰ ਉਪ ਪ੍ਰਧਾਨ, ਹਰਭਜਨ ਸਿੰਘ ਨੂੰ ਖਜ਼ਾਨਚੀ, ਮਨਦੀਪ ਸਿੰਘ ਨੂੰ ਸਹਾਇਕ ਖਜ਼ਾਨਚੀ, ਅਮਰੀਕ ਸਿੰਘ ਨੂੰ ਸੈਕਟਰੀ, ਅਰਜਿੰਦਰ ਸਿੰਘ ਨੂੰ ਉਪ ਸੈਕਟਰੀ, ਸਰਪੰਚ ਜੋਗਿੰਦਰ ਸਿੰਘ ਹੀਰ ਨੂੰ ਮੁੱਖ ਸਲਾਹਕਾਰ, ਗਿਆਨੀ ਕੁਲਵਿੰਦਰ ਸਿੰਘ ਨੂੰ ਹੈਡ ਗ੍ਰੰਥੀ, ਥਾਣੇਦਾਰ ਹਰਦੀਪ ਸਿੰਘ ਸਲਾਹਕਾਰ, ਸੂਬੇਦਾਰ ਸੋਹਣ ਸਿੰਘ ਨੂੰ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਹੀ ਜਸਬੀਰ ਲੱਕੀ, ਗੁਰਦੇਵ ਸਿੰਘ, ਰਾਮ ਸਿੰਘ, ਗੁਰਮੇਲ ਸਿੰਘ, ਬਲਵਿੰਦਰ ਸਿੰਘ ਲਾਡੀ, ਮਹਿੰਦਰਜੀਤ ਸਿੰਘ ਗ੍ਰੰਥੀ, ਦਾਨ ਸਿੰਘ ਗ੍ਰੰਥੀ, ਕੈਪਟਨ ਗੁਰਦਿੱਤ ਸਿੰਘ, ਦੇਸ ਰਾਜ ਸਿੰਘ, ਸਿਮਰਨਜੋਤ ਸਿੰਘ, ਧਰਮ ਸਿੰਘ ਫੌਜੀ, ਤਰਸੇਮ ਸਿੰਘ, ਜਗਪ੍ਰੀਤ ਸਿੰਘ ਜੱਗਾ, ਗੁਰਪ੍ਰੀਤ ਸਿੰਘ, ਸੁੱਚਾ ਸਿੰਘ, ਪਵਿੱਤਰ ਸਿੰਘ, ਹਰਪ੍ਰੀਤ ਸਿੰਘ ,ਦਵਿੰਦਰ ਸਿੰਘ, ਅਮਰਜੀਤ ਸਿੰਘ, ਚਮਨਪ੍ਰੀਤ ਸਿੰਘ, ਸੰਦੀਪ ਸਿੰਘ, ਅਵਤਾਰ ਸਿੰਘ , ਲਵਪ੍ਰੀਤ ਸਿੰਘ, ਜਸਕਰਨ ਸਿੰਘ, ਚਰਨਜੀਤ ਪੜਬੱਗਾ ਨੂੰ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਕੈਪਟਨ ਹਰੀ ਓਮ ਸਿੰਘ ਨੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਤੇ ਸਮੂਹ ਸੰਗਤ ਦਾ ਧੰਨਵਾਦ ਕਰਦੇ ਕਿਹਾ ਕਿ ਉਹ ਸੌਂਪੀ ਹੋਈ ਸੇਵਾ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਣਗੇ ਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਗੇ। ਇਸ ਮੌਕੇ ਨਵੀਂ ਕਮੇਟੀ ਚੁਣੇ ਜਾਣ 'ਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਚਾਹ ਪਕੌੜਿਆਂ ਤੇ ਮਠਿਆਈਆਂ ਦੇ ਲੰਗਰ ਵੀ ਲਗਾਏ ਗਏ।

# ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸੂਬੇ ਭਰ 'ਚ ਪ੍ਰਦਰਸ਼ਨ



**ਰੋਪੜ** : ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਸੰਸਦ ਵਿੱਚ ਰੰਗਦਾਰ ਕੈਨੇਸਟਰ ਨਾਲ ਧੂੰਆਂ ਕਰਨ ਵਾਲੇ ਨੌਜਵਾਨਾਂ 'ਤੇ ਮੋਦੀ ਸਰਕਾਰ ਵਲੋਂ ਯੂਏਪੀਏ ਲਾਉਣ ਖਿਲਾਫ ਬਠਿੰਡਾ, ਮੁਕਤਸਰ ਸਾਹਿਬ, ਫਾਜ਼ਿਲਕਾ ਫਰੀਦਕੋਟ,ਰੋਪੜ, ਪਟਿਆਲਾ,ਨਾਭਾ, ਸੰਗਰੂਰ, ਮਲੇਰਕੋਟਲਾ,ਬੇਨੜਾ ਵਿਖੇ ਪ੍ਰਦਰਸ਼ਨ ਕੀਤੇ ਗਏ। ਇਸ ਮੌਕੇ ਪੀਐੱਸਯੂ ਦੇ ਸੂਬਾ ਪ੍ਰਧਾਨ ਰਣਵੀਰ ਕੁਰੜ, ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਅਤੇ ਪ੍ਰੈਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਇਹ ਨੌਜਵਾਨ ਸ਼ਹੀਦ ਭਗਤ ਤੋਂ ਪ੍ਰਭਾਵਿਤ ਸਨ। 'ਸ਼ਹੀਦ ਭਗਤ ਸਿੰਘ ਦੇ ਫੈਨ ਗਰੁੱਪ' ਰਾਹੀਂ ਇਕ ਦੂਜੇ ਨਾਲ ਜੁੜੇ ਸਨ। ਇਹ ਨੌਜਵਾਨ ਪੜ੍ਹੇ ਲਿਖੇ ਸਨ ਤੇ ਬੇਰੁਜਗਾਰੀ ਤੋਂ ਪੀੜਿਤ ਸਨ। ਦੇਸ਼ ਦੀ ਮੋਦੀ ਹਕੂਮਤ ਦੇਸ਼ ਭਰ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜਗਾਰ ਦੇਣ ਦੀ ਵਜਾਏ ਫਿਰਕੂ ਮੁੱਦੇ ਭੜਕਾ ਕੇ ਸੱਤਾ 'ਚ ਰਹਿਣਾ ਚਾਹੁੰਦੀ ਹੈ । ਉਸ ਖਿਲਾਫ ਉੱਠ ਰਹੀ ਹਰ ਉਹ ਅਵਾਜ ਨੂੰ ਤਾਨਾਸ਼ਾਹੀ ਰੱਵਈਏ ਨਾਲ ਦਬਾ ਰਹੀ ਹੈ। ਇਸੇ ਤਾਨਾਸ਼ਾਹੀ ਖਿਲਾਫ ਇਨ੍ਹਾਂ ਨੌਜਵਾਨਾਂ ਨੇ ਸ਼ਹੀਦ ਭਗਤ ਸਿੰਘ ਦੀ ਤਰਜ 'ਤੇ ਆਪਣੀ ਆਵਾਜ ਸੁਣਾਉਣ ਲਈ ਇਹ ਤਰੀਕਾ ਅਪਣਾਇਆ ਜਿਸ ਵਿਚ ਕਿਤੇ ਵੀ ਉਨਾਂ ਦਾ ਤਰੀਕਾ ਕਿਸੇ ਦਾ ਜਾਨੀ ਨੁਕਸਾਨ ਕਰਨ ਵਾਲਾ ਨਹੀਂ ਸੀ। ਉਨ੍ਹਾਂ ਹੋਲੀ ਦੇ ਦਿਨਾਂ 'ਚ ਵਰਤਿਆ ਜਾਣ ਵਾਲਾ ਰੰਗ ਹੀ ਵਰਤਿਆ ਹੈ। ਉਨ੍ਹਾਂ ਅਜਿਹਾ ਕਰਨ ਸਮੇਂ 'ਤਾਨਾਸ਼ਾਹੀ ਨਹੀਂ ਚਲੇਗੀ' ਅਤੇ 'ਜੈ ਭੀਮ ਜੈ ਭਾਰਤ' ਦੇ ਨਾਅਰੇ ਲਗਾਏ। ਮੋਦੀ ਹਕੂਮਤ ਨੇ ਆਪਣੀ ਤਾਨਾਸ਼ਾਹੀ ਸੋਚ ਤਹਿਤ ਉਨਾਂ ਤੇ ਯੂਏਪੀਏ ਦੇ ਪਰਚੇ ਦਰਜ ਕਰ ਦਿੱਤੇ ਹਨ। ਯੂਨੀਅਨ ਮੰਗ ਕਰਦੀ ਹੈ ਕਿ ਯੂਏਪੀਏ ਰੱਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਭਰ ਵਿੱਚ ਪ੍ਰਦਰਸ਼ਨਾਂ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ । ਜੰਤਰ ਮੰਤਰ ਅਤੇ ਜੇਐਨਯੂ 'ਚ ਵੀ ਪ੍ਰਦਰਸ਼ਨ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਮਨੀਪੁਰ ਨੂੰ ਬਲਦੀ ਦੇ ਮੂੰਹ 'ਚ ਸੁੱਟ ਦਿੱਤਾ ਹੈ। ਮੋਦੀ ਹਕੂਮਤ ਦੇਸ਼ ਦੇ ਕਿਸਾਨਾਂ ਮਜਦੂਰਾਂ, ਬੇਰੁਜਗਾਰਾਂ ਦੀ ਅਵਾਜ ਸੁਣ ਨਹੀਂ ਰਹੀ ਤਾਂ ਲੋਕ ਆਪਣੀਆਂ ਮੰਗਾਂ ਲਈ ਅਤੇ ਵਿਰੋਧ ਦੀ ਆਵਾਜ ਦਰਜ ਕਰਾਉਣ ਲਈ ਪ੍ਰਦਰਸ਼ਨ ਦੇ ਵੱਖ ਵੱਖ ਤਰੀਕੇ ਲੱਭ ਰਹੇ ਹਨ। ਇਨਾਂ ਨੌਜਵਾਨਾਂ ਦੇ ਨਾਅਰੇ ਵੀ ਦੇਸ਼ ਵਿਰੋਧੀ ਜਾਂ ਫਿਰਕੂ ਨਹੀਂ ਹਨ। ਉਨ੍ਹਾਂ ਨੇ ਅਜਿਹਾ ਕਿਉਂ ਕੀਤਾ ਉਸਦਾ ਉਦੇਸ਼ ਸਮਝਣ ਦੀ ਵਜਾਏ ਯੂਏਪੀਏ ਲਗਾ ਦਿੱਤਾ।

# ਐੱਸ ਡੀ ਪੁੱਤਰੀ ਪਾਠਸ਼ਾਲਾ ਵਿਖੇ ਸਮਾਗਮ







**ਫਗਵਾੜਾ (ਡਾ. ਰਮਨ)**- ਲੋਕ ਸੇਵਾ ਦਲ ਵੱਲੋਂ ਚਲਾਏ ਜਾ ਰਹੇ ਸ੍ਰੀਮਤੀ ਰਿਖ ਦੇਵੀ ਅਤੇ ਤੀਰਥ ਰਾਮ ਮੈਮੋਰੀਅਲ ਵੋਕੇਸ਼ਨਲ ਟਰੇਨਿੰਗ ਸੈਂਟਰ ਵਿਖੇ ਵੱਖ-ਵੱਖ ਕੋਰਸਾਂ ਦੀ ਸਿਖਲਾਈ ਪੂਰੀ ਕਰ ਚੁੱਕੀਆਂ ਲੜਕੀਆਂ ਨੂੰ ਸਰਟੀਫਿਕੇਟ ਤਕਸੀਮ ਕਰਨ ਦੇ ਉਦੇਸ਼ ਨਾਲ ਇਕ ਸਮਾਗਮ ਐਸ.ਡੀ.ਪੁੱਤਰੀ ਪਾਠਸ਼ਾਲਾ ਹਦੀਆਬਾਦ ਫਗਵਾੜਾ ਵਿਖੇ ਕਰਵਾਇਆ ਗਿਆ।

ਲੋਕ ਸੇਵਾ ਦੇ ਪ੍ਰਧਾਨ ਪਵਨ ਕਸ਼ਯਪ ਦੀ ਪ੍ਰਧਾਨਗੀ ਹੇਠ ਆਯੋਜਿਤ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਮਾਰਕਿਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਨੇ ਸ਼ਿਰਕਤ ਕੀਤੀ। ਪ੍ਰੋਜੈਕਟ ਡਾਇਰੈਕਟਰ ਨਿਰਵੈਰ ਸਿੰਘ ਨੱਢਾ ਦੀ ਦੇਖ-ਰੇਖ ਹੇਠ 'ਚ ਕਰਵਾਏ ਸਮਾਗਮ ਦੌਰਾਨ ਕੋਰਸ ਪੂਰਾ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਅਤੇ ਤੋਹਫ਼ੇ ਭੇਟ ਕਰਦਿਆਂ ਮੁੱਖ ਮਹਿਮਾਨ ਤਵਿੰਦਰ ਰਾਮ ਨੇ ਲੋਕ ਸੇਵਾ ਦਲ ਵੱਲੋਂ ਲੜਕੀਆਂ ਨੂੰ ਸਿਖਲਾਈ ਦੇ ਕੇ ਆਤਮ ਨਿਰਭਰ ਬਣਾਉਣ ਲਈ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜੋਕੇ ਯੁੱਗ ਵਿੱਚ ਔਰਤਾਂ ਨੂੰ ਕਿਸੇ ਨਾ ਕਿਸੇ ਦਸਤਕਾਰੀ ਵਿੱਚ ਮੁਹਾਰਤ ਹਾਸਲ ਕਰਨੀ ਚਾਹੀਦੀ ਹੈ ਤਾਂ ਜੋ ਉਹ ਸਵੈ-ਨਿਰਭਰ ਹੋਣ ਦੇ ਨਾਲ-ਨਾਲ ਲੋੜ ਪੈਣ 'ਤੇ ਪਰਵਾਰ ਦੀ ਆਰਥਿਕਤਾ ਦਾ ਸਹਾਰਾ ਬਣ ਦੇ ਸਮਰੱਥ ਹੋ ਸਕਣ। ਇਸ ਦੌਰਾਨ ਸੈਂਟਰ ਦੀਆਂ ਵਿਦਿਆਰਥਣਾਂ ਨੇ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ। ਗੀਤ, ਕਵਿਤਾਵਾਂ ਅਤੇ ਸਕਿੱਟਾਂ ਤੋਂ ਇਲਾਵਾ ਗਿੱਧੇ ਦੀ ਪੇਸ਼ਕਾਰੀ ਨੂੰ ਪਤਵੰਤਿਆਂ ਵੱਲੋਂ ਖੂਬ ਸਲਾਹਿਆ ਗਿਆ।

ਸਕੂਲ ਦੀ ਪ੍ਰਿੰਸੀਪਲ ਗੀਟਾ ਥਾਪਰ ਨੇ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ। ਰੰਗਾਰੰਗ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਲੋਕ ਸੇਵਾ ਦਲ ਦੇ ਜਨਰਲ ਸਕੱਤਰ ਦਵਿੰਦਰ ਸਿੰਘ, ਡਾਇਰੈਕਟਰ ਵਰਿੰਦਰ ਸ਼ਰਮਾ ਤੋਂ ਇਲਾਵਾ ਪ੍ਰਦੀਪ ਬਾਂਸਲ, ਸੰਜੀਵ ਲਾਂਬਾ, ਅਮਰਜੀਤ ਸਿੰਘ ਢਿੱਲੋਂ, ਅਸ਼ੋਕ ਦੁੱਗਲ, ਸੁਸ਼ੀਲ ਸ਼ਰਮਾ, ਮੋਹਨ ਲਾਲ ਕਾਲੜਾ, ਪਵਨ ਕਾਲੜਾ, ਸੁਖਵਿੰਦਰ ਸਿੰਘ ਕੰਬੋਜ, ਸਕੂਲ ਸਟਾਫ਼ ਰਮਨਦੀਪ ਕੌਰ, ਸ਼ਮਾ ਪੁਰੀ, ਸਿੰਮੀ, ਸ਼ੈਲੀ, ਦੀਕਸ਼ਾ, ਸ਼ਿਵਾਨੀ ਵਰਮਾ, ਨੇਹਾ, ਗੀਨਾ, ਰਿੰਕੂ, ਪ੍ਰਿਅੰਕਾ, ਬੇਬੀ, ਸੋਨਮ, ਰੂਪਾ, ਮੁੰਨੀ, ਪੂਜਾ, ਵਿਜਯੰਤੀ, ਸੁਨੀਤਾ, ਪ੍ਰਿਆ, ਜੋਤੀ, ਤਨੂ, ਪੂਜਾ, ਨਿਧੀ, ਸੀਤਾ ਦੇਵੀ, ਖੁਸ਼ਬੂ, ਊਸ਼ਾ, ਤਾਨੀਆ ਰਾਜਵਿੰਦਰ ਕੌਰ, ਰੇਸ਼ਮਾ, ਅੰਜਲੀ, ਰੋਸ਼ਨੀ ਆਦਿ ਹਾਜ਼ਰ ਸਨ।

# ਨਗਰ ਕੌਂਸਲ ਦੇ ਸਾਰੇ ਮੈਂਬਰਾਂ ਨੇ ਮੋਰਚੇ ਦਾ ਡਟ ਕੇ ਸਾਥ ਦੇਣ ਦਾ ਅਹਿਦ ਕੀਤਾ




**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਸਥਾਨਕ ਨਗਰ ਕੌਂਸਲ ਦੇ ਦਫਤਰ ਵਿਖੇ ਸਰਕਾਰੀ ਸਕੂਲ ਬਚਾਉ ਮੋਰਚੇ ਨੂਰਮਹਿਲ ਅਤੇ ਨਗਰ ਕੌਂਸਲ ਦੇ ਪ੍ਰਧਾਨ ਬੀਬੀ ਹਰਦੀਪ ਕੌਰ ਜੌਹਲ, ਬਲਵੀਰ ਚੰਦ ਬਾਲੀ ਐਮ ਸੀ, ਨੰਦ ਕਿਸ਼ੌਰ ਐਮ ਸੀ, ਰਾਜਾ ਮਿਸਰ ਐਮ ਸੀ, ਦੀਪੂ ਐਮ ਸੀ, ਮੈਡਮ ਬਬਲੀ ਸੌਂਧੀ ਐਮ ਸੀ,,ਸਿਵਾ ਨੂਰਮਹਿਲ, ਵਿਚਕਾਰ ਸ਼ਹਿਰ ਨੂਰਮਹਿਲ ਦੇ ਅਹਿਮ ਮੁੱਦਿਆਂ 'ਤੇ ਮੀਟਿੰਗ ਕੀਤੀ ਗਈ। ਇਥੇ ਸਰਕਾਰੀ ਸਕੂਲ ਦੀਆ ਨੀਹਾਂ ਵਿੱਚ ਪੈਦਾ ਗੰਦਾ ਪਾਣੀ ਰੋਕਣ ਲਈ ਅਤੇ ਬੰਦ ਪਏ ਸੀਵਰੇਜ ਨੂੰ ਚਾਲੂ ਕਰਨ ਲਈ, ਦੂਸਰਾ ਮਸਲਾ ਰਵਿਦਾਸਪੁਰਾ ਮੁਹੱਲਾ ਵਿਚਲਾ ਸੀਵਰੇਜ ਬੰਦ ਹੋਣ ਕਰਕੇ ਪਾਣੀ ਬੈਕ ਮਾਰਦਾ ਹੈ ਅਤੇ ਗੰਦਾ ਪਾਣੀ ਗਲੀਆਂ ਵਿੱਚ ਫਿਰਦਾ ਹੈ ਜੋ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ, ਉਸਦੇ ਬਾਹਰ ਸਹੀ ਨਿਕਾਸੀ ਲਈ ਮੀਟਿੰਗ ਸਦਭਾਵਨਾ ਮਹੌਲ ਵਿੱਚ ਕੀਤੀ ਗਈ। ਜ਼ਿਕਰਯੋਗ ਹੈ ਕਿ ਨਗਰ ਕੌਂਸਲ ਦਫਤਰ ਦੇ ਈਉ ਮੀਟਿੰਗ ਰਖਵਾ ਕੇ ਆਪ ਦਫਤਰ ਵਿੱਚੋਂ ਚਲੇ ਗਏ। ਨਗਰ ਕੌਂਸਲ ਦੇ ਸਾਰੇ ਮੈਂਬਰਾਂ ਨੇ ਮੋਰਚੇ ਦਾ ਡਟਕੇ ਸਾਥ ਦੇਣ ਦਾ ਅਹਿਦ ਕੀਤਾ। ਮੋਰਚੇ ਨੇ ਆਪਣਾ ਸਟੈਡ ਸਪੱਸ਼ਟ ਕਰਦਿਆ ਕਿਹਾ ਕਿ ਜਿੰਨਾ ਚਿਰ ਸਕੂਲ ਚਾਲੂ ਨਹੀਂ ਕੀਤਾ ਜਾਦਾ, ਸੰਘਰਸ਼ ਜਾਰੀ ਰਹੇਗਾ। ਮੀਟਿੰਗ ਵਿੱਚ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਚੀਮਾ, ਮੋਰਚੇ ਦੇ ਕਨਵੀਨਰ ਬਾਲ ਕਿਸ਼ਨ ਬਾਲੀ, ਪੇਂਡੂ ਮਜਦੂਰ ਯੂਨੀਅਨ ਦੇ ਆਗੂ ਚੰਨਣ ਸਿੰਘ ਬੁੱਟਰ, ਨੰਬਰਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ, ਉੱਘੇ ਸਮਾਜ ਸੇਵਕ ਤੇ ਸੀਨੀਅਰ ਪੱਤਰਕਾਰ ਅਵਤਾਰ ਚੰਦ, ਭਾਰਤੀ ਕਿਸਾਨ ਯੂਨੀਅਨ ਦੁਆਬਾ ਦੇ ਸਰਕਲ ਪ੍ਰਧਾਨ ਆਗੂ ਰਛਪਾਲ ਸਿੰਘ ਗਰਚਾ ਆਦਿ ਆਗੂ ਹਾਜਰ ਹੋਏ।

## ਕੁਇਜ਼ ਮੁਕਾਬਲੇ 'ਚ ਭਾਈ ਨੰਦ ਲਾਲ ਪਬਲਿਕ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਵਿੱਚੋਂ ਵਿਸ਼ੇਸ਼ ਅਤੇ ਉਘੇ ਕਵੀ ਭਾਈ ਨੰਦ ਲਾਲ ਜੀ ਦੇ ਨਾਂਅ 'ਤੇ ਚੱਲ ਰਹੀ ਸੰਸਥਾ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਅੰਮ੍ਰਿਤਸਰ ਦੀ ਸਿਰਮੌਰ ਅਤੇ ਸੀ.ਬੀ.ਐਸ.ਈ ਤੋ ਮਾਨਤਾ ਪ੍ਰਾਪਤ ਇਲਾਕੇ ਦੀ ਮੋਹਰੀ ਇੰਗਲਿਸ਼ ਮੀਡੀਅਮ ਵਿੱਦਿਅਕ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਦੇ ਵਿਦਿਆਰਥੀ ਹਿੰਮਤ ਪ੍ਰੀਤ ਸਿੰਘ ਜਮਾਤ ਛੇਵੀਂ ਨੇ ਕੁਵਿਜ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਹਿਨੁਮਾਈ ਹੇਠ ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਹਰ ਸਾਲ ਕਰਵਾਈ ਜਾਂਦੀ ਧਾਰਮਿਕ ਪ੍ਰੀਖਿਆ ਵਿੱਚ ਲਗਭਗ 200 ਵਿਦਿਆਰਥੀਆਂ ਨੇ ਭਾਗ ਲਿਆ। ਇਹਨਾਂ ਸਕੂਲਾਂ ਵਿੱਚੋਂ 5 ਵਿਦਿਆਰਥੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਿਵਸ ਵਾਲੇ ਦਿਨ ਕੁਵਿਜ ਵਿੱਚ ਭਾਗ ਲੈਣ ਲਈ ਚੁਣੇ ਗਏ। ਇਹ ਕੁਵਿਜ ਮੁਕਾਬਲਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿੱਖੇ ਸਮੂਹ ਸੰਗਤ ਵਿੱਚ ਹੋਇਆ। ਉਪਰੰਤ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਤਖਤ ਸ੍ਰੀ ਕੇਸਗੜ ਸਾਹਿਬ, ਅਮਰਜੀਤ ਸਿੰਘ ਚਾਵਲਾ ਮੈਂਬਰ ਸ੍ਰ:ਗੁ:ਪ੍ਰ:ਕਮੇਟੀ, ਗੁਰਪ੍ਰੀਤ ਸਿੰਘ ਰੋਡੇ ਮੈਨੇਜਰ ਤਖਤ ਸਾਹਿਬ, ਹਰਦੇਵ ਸਿੰਘ ਮੈਨੇਜਰ ਤਖਤ ਸਾਹਿਬ, ਭਾਈ ਚਰਨਜੀਤ ਸਿੰਘ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ, ਇਕਬਾਲ ਸਿੰਘ ਨੰਗਲ ਆਦਿ ਪੁਹੰਚੀਆਂ ਸ਼ਖ਼ਸ਼ੀਅਤਾਂ ਵੱਲੋਂ ਵਿਦਿਆਰਥੀ ਹਿੰਮਤ ਪ੍ਰੀਤ ਸਿੰਘ ਨੂੰ ਇਨਾਮੀ ਰਾਸ਼ੀ ਅਤੇ ਸਨਮਾਨ ਚਿੰਨ ਦਿੱਤਾ ਗਿਆ। ਪ੍ਰਿੰਸੀਪਲ ਸਤਨਾਮ ਸਿੰਘ ਨੇ ਦੱਸਿਆ ਇਹ ਪ੍ਰਾਪਤੀ ਸਟਾਫ ਦੀ ਕਰਵਾਈ ਗਈ ਮਿਹਨਤ ਅਤੇ ਵਿਦਿਆਰਥੀਆਂ ਦੀ ਸਿੱਖ ਧਰਮ ਪ੍ਰਤੀ ਲਗਨ, ਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਸਦਕਾ ਹੈ।

# ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਕੀਤੇ ਜਾ ਰਹੇ ਨੇ ਨਿਰੰਤਰ ਉਪਰਾਲੇ : ਬੈਂਸ



**ਭਲਾਣ, (ਹਰਭਜਨ ਢਿੱਲੋਂ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਅਤੇ ਬੁਨਿਆਦੀ ਵਿਕਾਸ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਪ੍ਰਮੁੱਖਤਾ ਤੇ ਰੱਖਣ ਅਤੇ ਇਸ ਲਈ ਅਦਾਰੇ ਦੇ ਮੁਖੀਆਂ ਨੂੰ ਸਮੇਂ ਸਮੇਂ 'ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਨੰਗਲ ਉਪ ਮੰਡਲ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵਿੱਦਿਅਕ ਅਦਾਰਿਆਂ ਤੋਂ ਘਰੋ ਘਰੀ ਪਹੁੰਚਾਉਣ ਵਾਲੇ ਵਾਹਨਾਂ ਨੂੰ ਨਿਯਮਾਂ ਦੀ ਪਾਲਣਾ ਕਰਨ ਲਈ ਤੇ ਸੇਫ ਸਕੂਲ ਵਾਹਨ ਪਾਲਿਸੀ ਅਨੁਸਾਰ ਸਾਰੇ ਜਰੂਰੀ ਲੋੜੀਦੇ ਪ੍ਰਬੰਧ ਮੁਕੰਮਲ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਲਈ ਟ੍ਰਾਸਪੋਰਟ ਵਿਭਾਗ ਰੂਪਨਗਰ ਵੱਲੋਂ ਸਕੂਲ ਵਾਹਨਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ ਹੈ। ਅਨਮਜੋਤ ਕੌਰ ਉਪ ਮੰਡਲ ਮੈਜਿਸਟ੍ਰੇਟ ਨੰਗਲ ਨੇ ਦੱਸਿਆ ਕਿ ਨੰਗਲ ਵਿਚ ਵਿਦਿਆਰਥੀਆਂ ਲਈ ਵਿੱਦਿਅਕ ਅਦਾਰਿਆ ਵਿਚ ਤੈਨਾਤ ਵਾਹਨਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਅਨੁਸਾਰ ਨਿਰਧਾਰਤ ਮਾਪਦੰਢ ਅਪਨਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਕੂਲਾਂ ਦੇ ਵਾਹਨਾਂ ਦੀ ਡੂੰਘਾਈ ਨਾਲ ਪੜਤਾਲ ਕੀਤੀ ਗਈ ਹੈ।

ਸਕੂਲ ਵਾਹਨਾਂ ਨੂੰ ਸਾਰੇ ਨਿਯਮਾ ਦੀ ਪਾਲਣਾ ਕਰਨ ਲਈ ਜਾਣਕਾਰੀ ਦਿੱਤੀ ਗਈ ਹੈ। ਵਾਹਨਾਂ ਵਿੱਚ ਤੈਨਾਤ ਡਰਾਈਵਰ, ਕਲੀਨਰ/ਕਡੰਕਟਰ, ਮਹਿਲਾ ਅਟੈਂਡਐਂਟ ਤੇ ਹੋਰ ਲੋੜੀਂਦੇ ਸਾਰੇ ਪ੍ਰਬੰਧ ਕਰਨ ਵਿਚ ਕਿਸੇ ਵੀ ਤਰਾਂ ਦੀ ਲਾਪਰਵਾਹੀ ਜਾਂ ਕੁਤਾਹੀ ਨਾ ਵਰਤਣ ਦੀ ਹਦਾਇਤ ਕੀਤੀ ਗਈ ਹੈ। ਬੱਸਾਂ ਦੇ ਪਿੱਛੇ ਫੋਨ ਨੰਬਰ ਵੀ ਡਿਸਪਲੇਅ ਕਰਨ ਦੇ ਨਿਰਦੇਸ਼ ਦਿੱਤੇ ਹਨ, ਜਿਸ ਉਤੇ ਅੰਕਿਤ ਹੈ ਕਿ ਜੇਕਰ ਇਹ ਸਕੂਲ ਵਾਹਨ ਸੜਕ ਉਤੇ ਨਿਯਮਾਂ ਦੀ ਪਾਲਣਾ ਨਹੀਂ ਕਰ ਰਿਹਾ ਤਾ ਜਾਣਕਾਰੀ ਇੱਕ ਫੋਨ ਕਾਲ 'ਤੇ ਦਿੱਤੀ ਜਾਵੇ, ਜਿਸ ਤੋ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ। ਵਿੱਦਿਅਕ ਅਦਾਰਿਆਂ ਦੇ ਮੁਖੀਆਂ ਜਾਂ ਟ੍ਰਾਂਸਪੋਰਟ ਕਮੇਟੀਆਂ ਦੀ ਵਿਦਿਆਰਥੀਆਂ ਨੂੰ ਘਰੋ ਘਰੀ ਸੁਰੱਖਿਆ ਪਹੁੰਚਾਉਣ ਲਈ ਜਿੰਮੇਵਾਰੀ ਤੈਅ ਕਰਨ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਸਾਡੇ ਦੇਸ਼ ਦਾ ਭਵਿੱਖ ਹਨ, ਮਾਪਿਆਂ ਦੇ ਨੰਨ੍ਹੇ ਮੁੰਨ੍ਹੇ ਬੱਚਿਆਂ ਤੇ ਹਰ ਦੇਸ਼ ਦੇ ਨਾਗਰਿਕ ਦੀ ਸੁਰੱਖਿਆ ਸਾਡੀ ਜਿੰਮੇਵਾਰੀ ਹੈ। ਇਸ ਮੌਕੇ ਵੱਖ ਵੱਖ ਸਕੂਲਾਂ ਦੇ ਵਾਹਨਾਂ ਦੀ ਟ੍ਰਾਂਸਪੋਰਟ ਵਿਭਾਗ ਰੂਪਨਗਰ ਵੱਲੋਂ ਵਿਸ਼ੇਸ਼ ਚੈਕਿੰਗ ਕੀਤੀ ਗਈ।